# ਬਿਬੇਕ ਪ੍ਰਕਾਸ਼

**ਭਾਈ ਕ੍ਰਿਸ਼ਨ ਸਿੰਘ**

**ਸਿੰਘ ਬ੍ਰਦਰਜ਼**
**ਅੰਮ੍ਰਿਤਸਰ**

Sri Satguru Jagjit Singh Ji eLibrary NamdhariElibrary@gmail.com

BIBEK PRAKASH

[Discourses on the Sikh Philosophy]

*by*

BHAI KRISHAN SINGH
18, Mall Avenue, Mall Road, Amritsar.
Phone : 2572784
Mobile : 98152-67184

© ਭਾਈ ਕ੍ਰਿਸ਼ਨ ਸਿੰਘ

ISBN 81-7205-285-4

ਪਹਿਲੀ ਵਾਰ ਜਨਵਰੀ 1999
ਦੂਜੀ ਵਾਰ ਜੁਲਾਈ 1999
ਤੀਜੀ ਵਾਰ ਅਪ੍ਰੈਲ 2003

**ਮੁੱਲ : 60-00 ਰੁਪਏ**

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

*E-mail :* singhbro@vsnl.com
*Website :* www.singhbrothers.com

*ਪ੍ਰਿੰਟਰਜ਼ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫੋਕਲ ਪੁਆਇੰਟ, ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

# ਸਮਰਪਤ

ਬ੍ਰਹਮਵੇਤਾ ਆਤਮਦਰਸ਼ੀ ਪਰਮ ਸਨਮਾਨ ਯੋਗ
ਸਚਖੰਡਵਾਸੀ ਬ੍ਰਹਮਲੀਨ
**ਸ੍ਰੀਮਾਨ ਸੰਤ ਜਗਦੀਸ਼ ਸਿੰਘ ਜੀ 'ਨਿਰਮਲੇ'**
(ਸੰਤਨ ਕੀ ਕੁਟੀਆ, ਅੰਮ੍ਰਿਤਸਰ ਵਾਲੇ)
ਜਿਨ੍ਹਾਂ ਦੀ ਸੰਗਤ ਸਦਕਾ ਇਹ ਮਾਰਗ ਨਸੀਬ ਹੋਇਆ!

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਤਤਕਰਾ


—ਮੁਖਬੰਧ 9
—ਪੁਸਤਕ ਬਾਰੇ 11
—ਬਿਬੇਕ ਪ੍ਰਕਾਸ਼ ਬਾਰੇ 13
—ਦੋ ਸ਼ਬਦ 15
—ਹਰਿ ਕੀ ਕਥਾ 16

- ਮਾਰਗ ਤੇ ਉਝੜ 17
- ਕਾਂ ਅਤੇ ਕੋਇਲ ਦਾ ਜੀਵਨ 23
- ਮੈਲਾ ਮਨ—ਨਿਰਮਲ ਮਨ 31
- ਪਾਣੀ ਰਿੜਕਣਾ—ਦਹੀਂ ਰਿੜਕਣਾ 41
- ਰਾਮ-ਰਸ ਤੇ ਅਨ ਰਸ (ਹੋਰ ਰਸ) 49
- ਕੱਚ ਤੇ ਕੰਚਨ 59
- ਅੰਧੇਰਾ ਤੇ ਪ੍ਰਕਾਸ਼ 67
- ਨਕਲੀ ਮੰਗਤਾ ਤੇ ਅਸਲੀ ਮੰਗਤਾ 76
- ਸੱਚਾ ਦੀਵਾਨਾ ਤੇ ਝੂਠਾ ਦੀਵਾਨਾ 83
- ਸੀਤਲਤਾ ਤੇ ਤਪਸ਼ 91
- ਜਗਤ ਤੇ ਪਰਮਾਤਮਾ 98


Sri Satguru Jagjit Singh Ji eLibrary NamdhariElibrary@gmail.com

# ਤੀਸਰੀ ਐਡੀਸ਼ਨ ਛਪਣ 'ਤੇ

ਪ੍ਰਭੂ ਕ੍ਰਿਪਾ ਸਦਕਾ ਮੈਂ ਇਸ ਪੁਸਤਕ ਦੀ ਪਹਿਲੀ ਐਡੀਸ਼ਨ ਜਨਵਰੀ 1999 ਵਿਚ ਨੈਰੋਬੀ ਵਿਖੇ ਛਾਪੀ, ਉਸ ਸਮੇਂ ਨੈਰੋਬੀ ਦੀਆਂ ਸੰਗਤਾਂ ਦਾ ਹੀ ਉਪਰਾਲਾ ਸੀ, ਜਿਥੇ ਪੁਸਤਕ ਦੀ ਸੋਧ ਵੀ ਕੀਤੀ ਗਈ ਅਤੇ ਛਾਪਣ ਦੇ ਲਈ ਸਤਿਕਾਰ-ਯੋਗ ਸ. ਸੁਰਿੰਦਰ ਸਿੰਘ ਜੀ ਵਿਰਦੀ ਜੀ ਨੇ ਸਾਰੀ ਸੇਵਾ ਸੰਭਾਲੀ। ਨੈਰੋਬੀ ਵਿਖੇ ਹੀ ਪੁਸਤਕ ਰਿਲੀਜ਼ ਹੋਈ। ਪਹਿਲੀ ਪੁਸਤਕ ਸੰਗਤਾਂ ਹੱਥ ਆਈ ਤੇ ਸੰਗਤਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਜਿਸ ਕਾਰਣ ਦੂਸਰੀ ਐਡੀਸ਼ਨ ਜੁਲਾਈ 1999 ਵਿਚ ਹੀ ਦੁਬਾਰਾ ਛਪ ਗਈ। ਦੂਸਰੀ ਵਾਰ ਸ੍ਰੀ ਅੰਮ੍ਰਿਤਸਰ ਵਿਖੇ ਛਪੀ।

ਸੰਗਤਾਂ ਦੇ ਅਥਾਹ ਪਿਆਰ ਸਦਕਾ ਹੁਣ ਤੀਸਰੀ ਐਡੀਸ਼ਨ ਛਾਪਣ ਦਾ ਹੌਸਲਾ ਕਰ ਸਕਿਆ ਹਾਂ। ਇਹ ਐਡੀਸ਼ਨ ਸਿੰਘ ਬ੍ਰਦਰਜ਼ ਵੱਲੋਂ ਲੋੜੀਂਦੀ ਸੁਧਾਈ ਉਪਰੰਤ ਪ੍ਰਕਾਸ਼ਤ ਕੀਤੀ ਜਾ ਰਹੀ ਹੈ। ਉਮੀਦ ਹੈ ਕਿ ਸੰਗਤਾਂ ਪਹਿਲਾਂ ਵਾਂਗ ਹੀ ਇਸ ਲਿਖਤ ਨਾਲ ਪਿਆਰ ਕਰਨਗੀਆਂ।

ਸਮੂਹ ਸੰਗਤਾਂ ਦੇ ਧੰਨਵਾਦ ਸਹਿਤ,

—*ਦਾਸਰਾ*

**ਕ੍ਰਿਸ਼ਨ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਮੁਖਬੰਧ

ਮਨੁੱਖ ਨੂੰ ਬਹੁਤ ਚੰਗੇ ਕਰਮਾਂ ਕਰਕੇ ਇਹ ਅਮੋਲਕ ਜਨਮ ਮਿਲਿਆ, ਪਰ ਬਿਬੇਕ ਬੁੱਧੀ ਨਾ ਹੋਣ ਕਰਕੇ ਇਹ ਭਲੇ ਬੁਰੇ ਦੀ ਪਛਾਣ ਨਾ ਕਰ ਸਕਿਆ, ਜਿਸ ਕਰਕੇ ਕੀਮਤੀ ਜਨਮ ਬੇਅਰਥ ਹੀ ਚਲਾ ਗਿਆ। ਭਾਵੇਂ ਇੰਦਰ ਰਾਜੇ ਵਰਗੇ ਮਹਿਲ ਅਤੇ ਤਖ਼ਤ ਭੀ ਕੋਲ ਹੋਵਣ, ਪਰ ਹਰੀ ਦੀ ਭਗਤੀ ਬਿਨਾਂ ਉਹ ਕਿਸ ਕੰਮ ਦੇ ਹਨ! ਪ੍ਰਭੂ ਪਾਤਿਸ਼ਾਹ ਦੇ ਮਿਲਾਪ ਵਾਲੇ ਰਸ ਦੀ ਕੋਈ ਵਿਚਾਰ ਨਾ ਕੀਤੀ, ਜਿਸ ਨਾਲ ਬਾਕੀ ਦੁਨੀਆ ਦੇ ਸੁਆਦ ਭੁੱਲ ਜਾਂਦੇ। ਇਸ ਗੱਲ ਨੂੰ ਜਾਣਦੇ ਹੋਏ ਵੀ ਅਸੀਂ ਅਨਜਾਣ ਹੀ ਬਣੇ ਰਹੇ ਤੇ ਇਸ ਸੋਚਣ ਵਾਲੀ ਗੱਲ ਨੂੰ ਨਾ ਸੋਚਦਿਆਂ ਹੀ ਦਿਨ ਲੰਘਦੇ ਗਏ।

ਭਗਤ ਰਵਿਦਾਸ ਜੀ ਕਥਨ ਕਰਦੇ ਹਨ:

**ਦੂਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ ॥**
**ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥੧॥**
**ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥**
**ਜਿਹ ਰਸ ਅਨਰਸ ਬੀਸਰਿ ਜਾਹੀ ॥੧॥ਰਹਾਉ॥**
**ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ॥**
**ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ ॥੨॥**

*(ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ, ਪੰਨਾ 658)*

ਸਾਡੀਆਂ ਪੰਜ ਗਿਆਨ-ਇੰਦ੍ਰੀਆਂ ਤਾਕਤਵਰ ਹੋ ਗਈਆਂ ਤੇ ਬਿਬੇਕ ਬੁੱਧੀ ਕਮਜ਼ੋਰ ਹੋ ਗਈ, ਜਿਸ ਕਰਕੇ ਦੁਨੀਆ ਵਿਚ, ਸੰਸਾਰਕ ਸੁੱਖਾਂ ਵੱਲ ਮਨ ਦੌੜਦਾ ਰਿਹਾ ਤੇ ਪ੍ਰਭੂ ਦੀ ਤਰਫ਼ ਪਹੁੰਚ ਨਾ ਹੋ ਸਕੀ। ਸੁਭਾਵਕ ਹੀ ਗੱਲ ਹੈ ਕਿ ਜੇਕਰ ਪੰਜ ਗਿਆਨ-ਇੰਦ੍ਰੇ—ਕੰਨ, ਖਲੜੀ (ਤਵੱਚਾ), ਅੱਖ, ਰਸਨਾ ਤੇ ਨੱਕ, ਜੇ ਅੰਦਰੋਂ ਖ਼ਾਹਿਸ਼ ਪੈਦਾ ਹੋਵੇਗੀ ਤਾਂ ਇਹ ਪੰਜੇ—ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ ਦੀ ਮੰਗ ਕਰਨਗੇ। ਰਾਤ ਦਿਨ ਮਨ ਦੀ ਵਿਚਾਰਧਾਰਾ ਵਿਚ ਕੰਨ ਦੁਨਿਆਵੀ ਸੰਗੀਤ ਤੇ ਦੁਨਿਆਵੀ ਬੋਲਾਂ ਦੀ ਤਰਫ਼, ਖਲੜੀ ਸਰੀਰਕ ਸਪਰਸ਼ ਦੀ ਤਰਫ਼, ਅੱਖ ਪਰ-ਰੂਪ ਦੀ ਤਰਫ਼, ਰਸਨਾ ਵਧੀਆ ਸੁਆਦ ਚੱਖਣ ਦੀ ਤਰਫ਼ ਤੇ ਨੱਕ ਸੁਗੰਧੀ ਦੀ ਤਰਫ਼ ਹੀ ਦੌੜਦੇ ਰਹਿਣਗੇ। ਰੋਕਿਆਂ ਵੀ ਇਸ ਕਰਕੇ ਨਹੀਂ ਰੁਕਦੇ ਕਿਉਂਕਿ ਬਿਬੇਕ ਬੁੱਧੀ ਕਮਜ਼ੋਰ ਹੈ ਤੇ ਪੰਜ ਗਿਆਨ-ਇੰਦ੍ਰੀਆਂ ਦੀ ਸ਼ਕਤੀ ਤਾਕਤਵਰ ਹੋ ਗਈ ਹੈ। ਪੰਜ ਗਿਆਨ-ਇੰਦ੍ਰੀਆਂ ਨੂੰ ਮਨ ਸਹਾਰਾ ਦਿੰਦਾ ਹੈ ਤੇ ਮਨ ਦੇ ਖ਼ਿਆਲਾਂ ਦਾ ਫ਼ੈਸਲਾ ਬੁੱਧੀ

Sri Satguru Jagjit Singh Ji eLibrary NamdhariElibrary@gmail.com

ਕਰਦੀ ਹੈ, ਅਗਰ ਬੁੱਧੀ ਸਹੀ ਫ਼ੈਸਲਾ ਕਰ ਕੇ ਪੂਰੀ ਤਾਕਤ ਨਾਲ ਮਨ 'ਤੇ ਲਾਗੂ ਕਰ ਸਕੇ ਤਾਂ ਪੰਜੇ ਗਿਆਨ-ਇੰਦ੍ਰੀਆਂ ਕਾਬੂ ਵਿਚ ਆ ਜਾਂਦੀਆਂ ਹਨ। ਇਸੇ ਲਈ ਹੀ ਗੁਰੂ ਸਾਹਿਬ ਜੀ ਲਿਖਦੇ ਹਨ :

**ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥**
**ਨਾਨਕ ਕੋਟਿ ਮਧੇ ਕੋ ਐਸਾ ਅਪਰਸ॥** *(ਗਉੜੀ ਸੁਖਮਨੀ ਮ: ੫, ਪੰਨਾ 274)*

ਇਸ *ਬਿਬੇਕ ਪ੍ਰਕਾਸ਼* ਪੁਸਤਕ ਵਿਚ ਨਿਮਾਣਾ ਜਿਹਾ ਯਤਨ ਕੀਤਾ ਗਿਆ ਹੈ ਕਿ ਸਾਡੀ ਬੁੱਧੀ ਵਿਚ ਬਿਬੇਕ ਦੀ ਵਿਚਾਰ-ਧਾਰਾ ਪੂਰੀ ਤਾਕਤਵਰ ਹੋਵੇ ਤੇ ਜਿਸ ਨਾਲ ਸਾਡੀ ਬੁੱਧੀ ਕਮਜ਼ੋਰ ਨਾ ਹੋਵੇ।

ਭਾਵੇਂ ਦਾਸ ਕਾਫ਼ੀ ਸਮੇਂ ਤੋਂ ਦੇਸ ਪ੍ਰਦੇਸ ਤਕ ਸੰਗਤਾਂ ਨਾਲ ਕਥਾ ਕਰਨ ਦੀ ਸਾਂਝ ਪ੍ਰਾਪਤ ਕਰ ਚੁੱਕਾ ਹੈ, ਪਰ ਫਿਰ ਵੀ ਕਈ ਥਾਵਾਂ ਤੋਂ ਸੰਗਤਾਂ ਵੱਲੋਂ ਪ੍ਰੇਰਨਾ ਹੋਈ ਕਿ ਇਹਨਾਂ ਵਿਚਾਰਾਂ ਨੂੰ ਲਿਖਤੀ ਰੂਪ ਵੀ ਦਿੱਤਾ ਜਾਵੇ। ਏਸੇ ਆਧਾਰ 'ਤੇ ਇਸ *ਬਿਬੇਕ ਪ੍ਰਕਾਸ਼* ਪੁਸਤਕ ਨੂੰ ਲਿਖਣ ਦਾ ਇਹ ਨਿਮਾਣਾ ਜਿਹਾ ਯਤਨ ਕੀਤਾ ਹੈ। ਪ੍ਰਭੂ-ਕ੍ਰਿਪਾ ਸਦਕਾ ਜੋ ਵੀ ਪ੍ਰੇਰਨਾ ਮਿਲੀ, ਉਸ ਅਨੁਸਾਰ ਇਹ ਪਹਿਲੀ ਪੁਸਤਕ ਲਿਖ ਰਿਹਾ ਹਾਂ, ਇਸ ਵਿਚ ਕਈ ਗ਼ਲਤੀਆਂ ਰਹਿ ਗਈਆਂ ਹੋਣਗੀਆਂ, ਉਸ ਦੇ ਲਈ ਮੈਂ ਪਾਠਕਾਂ ਪਾਸੋਂ ਖਿਮਾ ਦਾ ਜਾਚਕ ਹਾਂ। ਪ੍ਰਭੂ ਹੋਰ ਵੀ ਸੁਮੱਤ ਬਖ਼ਸ਼ਣ ਤਾਕਿ ਅਗਾਂਹ ਤੋਂ ਕੁਝ ਠੀਕ ਲਿਖ ਸਕਾਂ।

ਇਸ ਪੁਸਤਕ ਦੀ ਪਹਿਲੀ ਐਡੀਸ਼ਨ ਛਾਪਣ ਦੇ ਲਈ ਬਹੁਤ ਵੱਡਾ ਸਹਿਯੋਗ ਦਿੱਤਾ ਸਤਿਕਾਰ ਯੋਗ ਸ. ਸੁਰਿੰਦਰ ਸਿੰਘ ਜੀ ਵਿਰਦੀ, ਨੈਰੋਬੀ, ਕੀਨੀਆ ਨਿਵਾਸੀ ਜੀ ਨੇ। ਇਹ ਵੱਡੀ ਸੇਵਾ ਸਤਿਗੁਰੂ ਜੀ ਪ੍ਰਵਾਨ ਕਰਨ ਤੇ ਇਹਨਾਂ ਨੂੰ ਹੋਰ ਵੀ ਚੜ੍ਹਦੀਆਂ ਕਲਾਂ ਸਹਿਤ ਸੇਵਾ ਸਿਮਰਨ ਦੀਆਂ ਦਾਤਾਂ ਬਖ਼ਸ਼ਣ।

*ਸੰਗਤਾਂ ਦਾ ਦਾਸ,*
**ਕ੍ਰਿਸ਼ਨ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਪੁਸਤਕ ਬਾਰੇ

ਇਨਸਾਨ ਦੀ ਸਦੀਵੀ ਜੀਵਨ ਦੀ ਖ਼ਾਹਸ਼ ਨੂੰ ਸਿਵਾਏ ਧਰਮ (ਆਤਮਕ-ਵਿਦਿਆ) ਦੇ ਹੋਰ ਕੋਈ ਪੂਰਿਆਂ ਕਰ ਹੀ ਨਹੀਂ ਸਕਦਾ। ਇਹ ਆਤਮਕ ਗਿਆਨ ਅੱਛੇ ਸਿਆਣੇ ਵਿਦਵਾਨ ਹੀ ਜੀਵ ਨੂੰ ਪ੍ਰਾਪਤ ਕਰਾ ਸਕਦੇ ਹਨ।

ਭਾਈ ਕ੍ਰਿਸ਼ਨ ਸਿੰਘ ਜੀ ਜਿਹੜੇ ਇਸ ਸਮੇਂ ਦੇ ਗੁਰਮਤਿ ਦੇ ਮਹਾਨ ਵਿਦਵਾਨ, ਦਾਰਸ਼ਨਿਕ ਤੇ ਗੁਰਮਤਿ ਦੇ ਧਾਰਨੀ ਗੁਰਮੁਖ ਹਨ, ਕਈ ਦਫ਼ਾ ਕੀਨੀਆ ਵਿਖੇ ਧਾਰਮਕ ਪ੍ਰਚਾਰਕ ਬਣ ਕੇ ਆਏ। ਇਨ੍ਹਾਂ ਗੁਰਮਤਿ ਵਿਚਾਰਾਂ ਦੁਆਰਾ ਸਿਖ ਸੰਗਤਾਂ 'ਤੇ ਬਹੁਤ ਬਖ਼ਸ਼ਿਸ਼ਾਂ ਕੀਤੀਆਂ। ਇਨ੍ਹਾਂ ਦੇ ਵਿਚਾਰਾਂ ਤੋਂ ਸਿਖ ਸੰਗਤਾਂ ਬਹੁਤ ਹੀ ਪ੍ਰਭਾਵਤ ਹੋਈਆਂ। ਬਹੁਤ ਸਮੇਂ ਤੋਂ ਸੰਗਤਾਂ ਦੀ ਮੰਗ ਸੀ ਕਿ ਬੇਸ਼ਕ ਭਾਈ ਸਾਹਿਬ ਕ੍ਰਿਸ਼ਨ ਸਿੰਘ ਜੀ ਬਹੁਤ ਪ੍ਰਭਾਵਸ਼ਾਲੀ ਗੁਰਮਤਿ-ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ, ਤੇ ਇਨ੍ਹਾਂ ਦੇ ਵਿਚਾਰ ਟੇਪਾਂ ਵਿਚ ਵੀ ਰਿਕਾਰਡ ਕੀਤੇ ਗਏ ਹਨ, ਪਰ ਫਿਰ ਵੀ ਇਨ੍ਹਾਂ ਵਿਚਾਰਾਂ ਨੂੰ, ਇਸ ਗਿਆਨ ਨੂੰ ਪੁਸਤਕ ਦਾ ਰੂਪ ਦਿੱਤਾ ਜਾਵੇ ਤਾਂ ਜੋ ਇਹ ਗਿਆਨ ਦਾ ਖ਼ਜ਼ਾਨਾ ਹਰ ਪਰਿਵਾਰ ਆਪਣੇ ਪਾਸ ਰੱਖ ਕੇ ਲਾਭ ਪ੍ਰਾਪਤ ਕਰ ਸਕੇ।

ਸੰਗਤਾਂ ਦੀ ਇਸ ਮੰਗ ਨੂੰ ਮੁਖ ਰੱਖਦੇ ਹੋਏਂ ਭਾਈ ਸਾਹਿਬ ਨੇ *ਬਿਬੇਕ ਪ੍ਰਕਾਸ਼* ਪੁਸਤਕ ਦੀ ਰਚਨਾ ਕੀਤੀ।

ਇਸ ਪੁਸਤਕ ਵਿਚ ਭਾਈ ਸਾਹਿਬ ਕ੍ਰਿਸ਼ਨ ਸਿੰਘ ਜੀ ਨੇ ਜੀਵਨ ਦੇ ਹਰ ਪਹਿਲੂ ਨੂੰ ਮੁੱਖ ਰੱਖਦੇ ਹੋਏ ਵੱਖਰੇ ਵੱਖਰੇ ਸਿਰਲੇਖਾਂ ਹੇਠ ਗੁਰਮਤਿ-ਵਿਚਾਰ ਬੇਅੰਤ ਪ੍ਰਮਾਣਾਂ ਦੁਆਰਾ, ਢੁਕਵੀਆਂ ਮਿਸਾਲਾਂ ਦੁਆਰਾ ਪ੍ਰਗਟ ਕੀਤੇ ਹਨ।

ਵਿਚਾਰ ਸਾਧਾਰਨ ਢੰਗ ਨਾਲ ਦਰਸਾਏ ਗਏ ਹਨ ਤਾਂ ਜੋ ਸਾਧਾਰਨ ਵਿਅਕਤੀ ਭੀ ਸਮਝ ਸਕੇ। ਇਹ ਲੇਖ ਗੁਰਮਤਿ ਦੀਆਂ ਬਹੁਤ ਗੁਹਜ ਗੱਲਾਂ ਨੂੰ ਸਮਝਣ ਲਈ ਬੜੇ ਸਹਾਈ ਹੋਣਗੇ।

ਭਾਈ ਸਾਹਿਬ ਜੀ ਕਹਿਣੀ ਤੇ ਕਰਨੀ ਦੇ ਮਾਲਿਕ ਹਨ, ਭਗਤੀ-ਭਾਵ ਤੇ ਸਿਮਰਨ ਦੇ ਪੂਰੇ ਧਾਰਨੀ ਹਨ। ਇਹ ਹੀ ਕਾਰਨ ਹੈ ਕਿ ਇਨ੍ਹਾਂ ਦੀ ਰਸਨਾ ਤੋਂ ਨਿਕਲੇ ਸ਼ਬਦ ਹਰ ਪ੍ਰਾਣੀ ਦੇ ਮਨ ਦੇ ਮਾਲਕ ਬਣ ਜਾਂਦੇ ਹਨ।

**ਜਿਸ ਕੈ ਅੰਤਰਿ ਬਸੈ ਨਿਰੰਕਾਰੁ॥**
**ਤਿਸ ਕੀ ਸੀਖ ਤਰੈ ਸੰਸਾਰੁ॥** *(ਗਉੜੀ ਸੁਖਮਨੀ ਮ: ੫, ਪੰਨਾ 269)*



Sri Satguru Jagjit Singh Ji eLibrary NamdhariElibrary@gmail.com

ਇਸੇ ਹੀ ਤਰ੍ਹਾਂ ਹਰ ਇਨਸਾਨ ਆਪਣਾ ਜੀਵਨ ਪਿਆਰ ਤੇ ਸ਼ਰਧਾ ਵਾਲਾ ਬਣਾ ਲੈਂਦਾ ਹੈ।

**ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ॥**

*(ਸੂਹੀ ਮ: ੩, ਪੰਨਾ 772)*

ਦਾਸ ਆਸ ਕਰਦਾ ਹੈ ਕਿ ਦੇਸ ਪ੍ਰਦੇਸ ਵਿਚ ਰਹਿਣ ਵਾਲੇ ਗੁਰਸਿਖ ਪਰਿਵਾਰ ਇਹ ਪੁਸਤਕ ਪੜ੍ਹ ਕੇ ਜ਼ਿਆਦਾ ਤੋਂ ਜ਼ਿਆਦਾ ਲਾਹਾ ਪ੍ਰਾਪਤ ਕਰਨ।

ਦਾਸ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ ਕਿ ਸਤਿਗੁਰ ਸੱਚੇ ਪਾਤਿਸ਼ਾਹ ਭਾਈ ਸਾਹਿਬ ਜੀ ਦੇ ਸੀਸ 'ਤੇ ਮੇਹਰਾਂ ਭਰਿਆ ਹੱਥ ਰੱਖਣ, ਹੋਰ ਗੁਰਮਤਿ ਗਿਆਨ ਬਖ਼ਸ਼ਣ ਤੇ ਗੁਰੂ ਦਾ ਸੰਦੇਸ਼ਾ ਸਿਖ ਸੰਗਤਾਂ ਤਾਈਂ ਪਹੁੰਚਾਂਦੇ ਰਹਿਣ।

ਅਖ਼ੀਰ ਵਿਚ ਦਾਸ ਸ. ਸੁਰਿੰਦਰ ਸਿੰਘ ਵਿਰਦੀ ਜੀ ਦਾ ਬਹੁਤ ਹੀ ਧੰਨਵਾਦੀ ਹੈ, ਜਿਨ੍ਹਾਂ ਦੇ ਉਪਰਾਲੇ ਨਾਲ ਇਸ ਪੁਸਤਕ ਦੀ ਪਹਿਲੀ ਐਡੀਸ਼ਨ ਛਪਾਈ ਗਈ, ਕਿਉਂਕਿ ਆਪ ਜੀ ਭਾਈ ਸਾਹਿਬ ਜੀ ਹੁਰਾਂ ਦੇ ਬੜੇ ਸ਼ਰਧਾਲੂ ਹਨ।

**ਵਾਹਿਗੁਰੂ ਜੀ ਕਾ ਖਾਲਸਾ॥**
**ਵਾਹਿਗੁਰੂ ਜੀ ਕੀ ਫ਼ਤਹਿ॥**

**ਤਰਸੇਮ ਸਿੰਘ ਪਨੇਸਰ**
*ਪ੍ਰਧਾਨ*
ਸ੍ਰੀ ਗੁਰਦੁਆਰਾ ਰੇਲਵੇ ਲਾਂਡੀਆਂ,
ਸਾਊਥ ਸੀ, ਨੈਰੋਬੀ

Sri Satguru Jagjit Singh Ji eLibrary NamdhariElibrary@gmail.com

# ਬਿਬੇਕ ਪ੍ਰਕਾਸ਼ ਬਾਰੇ

*ਬਿਬੇਕ ਪ੍ਰਕਾਸ਼* ਭਾਈ ਕ੍ਰਿਸ਼ਨ ਸਿੰਘ ਜੀ ਦੀ ਪਲੇਠੀ ਰਚਨਾ ਹੈ। ਇਸ ਵਿਚ ਉਨ੍ਹਾਂ ਨੇ ਗੁਰਮਤਿ ਦੀ ਵਿਆਖਿਆ ਬੜੇ ਸਰਲ ਅਤੇ ਭਾਵਪੂਰਤ ਢੰਗ ਨਾਲ ਕੀਤੀ ਹੈ। ਗੁਰਮਤਿ ਦੇ ਵੱਧ ਤੋਂ ਵੱਧ ਨੁਕਤਿਆਂ ਨੂੰ ਖੋਲ੍ਹਣ ਲਈ ਉਨ੍ਹਾਂ ਨੇ ਛੋਟੀਆਂ ਛੋਟੀਆਂ ਸਾਖੀਆਂ ਦਾ ਆਸਰਾ ਲਿਆ ਹੈ। ਭਾਵੇਂ ਇਹ ਸਾਖੀਆਂ ਵਾਲਾ ਤਰੀਕਾ ਪੁਰਾਤਨ ਹੈ, ਪ੍ਰੰਤੂ ਇਸ ਨਾਲ ਸ਼ਰਧਾਵਾਨ ਮਨਾਂ ਵਿਚ ਜਗਿਆਸਾ ਪੈਦਾ ਕਰਨ ਦਾ ਵਿਸ਼ੇਸ਼ ਤੱਤ ਮੌਜੂਦ ਹੈ। ਭਾਈ ਸਾਹਿਬ ਕਿਉਂਕਿ ਇਕ ਸਫਲ ਕਥਾ-ਵਾਚਕ ਹਨ, ਉਨ੍ਹਾਂ ਦੀ ਇਹ ਸ਼ੈਲੀ ਉਨ੍ਹਾਂ ਦੇ ਆਪਣੇ ਅਭਿਆਸ ਵਿੱਚੋਂ ਪ੍ਰਤੱਖ ਪ੍ਰਗਟ ਹੋਈ ਪ੍ਰਤੀਤ ਹੁੰਦੀ ਹੈ। ਕਈ ਵਾਰੀ ਕਿਸੇ ਨੁਕਤੇ ਨੂੰ ਸਮਝਾਉਣ ਲਈ ਸਾਖੀ ਪ੍ਰੰਪਰਾ ਦੀ ਸਹਾਇਤਾ ਲੈਣੀ ਜ਼ਰੂਰੀ ਵੀ ਬਣ ਜਾਂਦੀ ਹੈ। ਇਨ੍ਹਾਂ ਸਾਖੀਆਂ ਵਿਚ ਦਲੀਲ ਦੇ ਅੰਸ਼ ਨੂੰ ਦਰਜ ਕਰ ਕੇ ਭਾਈ ਸਾਹਿਬ ਨੇ ਇਸ ਨੂੰ ਵਿਗਿਆਨਕ ਦਿਸ਼ਾ ਪ੍ਰਦਾਨ ਕੀਤੀ ਹੈ।

ਵਰਤਮਾਨ ਮਨੁੱਖ ਕਈ ਕਾਰਨਾਂ ਕਰਕੇ ਆਪਣੇ ਮਨੋਰਥ ਤੋਂ ਦੂਰ ਜਾ ਰਿਹਾ ਹੈ। ਵਰਤਮਾਨ ਯੁੱਗ ਦੀ ਪਦਾਰਥਵਾਦੀ ਸੋਚ ਨੇ ਉਸ ਨੂੰ ਸਭ ਤੋਂ ਵੱਧ ਪ੍ਰਭਾਵਤ ਕੀਤਾ ਹੈ। ਇਲੈਕਟ੍ਰਾਨਿਕ ਮੀਡੀਆ ਤੇ ਆਲੇ-ਦੁਆਲੇ ਦਾ ਵਾਤਾਵਰਣ ਉਸ ਨੂੰ ਦਿਨ-ਪ੍ਰਤੀ-ਦਿਨ ਪ੍ਰਭਾਵਤ ਕਰ ਰਿਹਾ ਹੈ। ਜੀਵਨ ਦਾ ਉਦੇਸ਼ ਕੇਵਲ ਪਦਾਰਥਾਂ ਨੂੰ ਵਿਹਾਜਣ ਅਤੇ ਸੁਖਾਂ ਨੂੰ ਭੋਗਣ ਤਕ ਹੀ ਸੀਮਿਤ ਹੋ ਗਿਆ ਹੈ। ਅਜਿਹੀ ਮਨੁੱਖੀ ਸੋਚ ਅਧਿਆਤਮਵਾਦ ਤੋਂ ਟੁੱਟ ਚੁੱਕੀ ਹੈ। ਆਪਣੇ ਆਪੇ ਨੂੰ ਚੀਨਣ ਲਈ ਅੱਜ ਦੇ ਮਾਨਵ ਕੋਲ ਕੋਈ ਸਮਾਂ ਨਹੀਂ ਹੈ। ਇਸੇ ਕਰਕੇ ਹੀ ਉਸ ਦੇ ਜੀਵਨ ਵਿੱਚੋਂ ਪ੍ਰਸੰਨਤਾ, ਸਹਿਜ ਅਤੇ ਖੇੜਾ ਮੁੱਕਦਾ ਜਾ ਰਿਹਾ ਹੈ। ਆਪਣੇ ਸੁਖਾਂ ਵਿੱਚੋਂ ਹੀ ਅੱਜ ਦਾ ਮਨੁੱਖ ਸਦੀਵੀ ਸੁਖ ਦੀ ਭਾਲ ਕਰਦਿਆਂ ਕਰਦਿਆਂ ਹੋਰ ਵੀ ਭਟਕਦਾ ਜਾ ਰਿਹਾ ਹੈ, ਕਿਉਂਕਿ ਉਸ ਦੀ ਲਾਲਸਾ ਵਿਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਸਮਾਜਿਕ ਪ੍ਰਵਿਰਤੀਆਂ ਉਸ ਨੂੰ ਅਜਿਹਾ ਕੁਝ ਕਰਨ ਲਈ ਕਈ ਵਾਰੀ ਮਜਬੂਰ ਵੀ ਕਰਦੀਆਂ ਹਨ, ਪ੍ਰੰਤੂ ਉਸ ਨੂੰ ਇਸ ਘੁੰਮਣ-ਘੇਰੀ ਵਿੱਚੋਂ ਨਿਕਲਣ ਲਈ ਰਸਤਾ ਨਸੀਬ ਨਹੀਂ ਹੋ ਰਿਹਾ। ਇਸੇ ਲਈ ਅੱਜ ਦੇ ਮਨੁੱਖ ਦੀ ਹਾਲਤ ਤਰਸਯੋਗ ਬਣੀ ਹੋਈ ਹੈ।

ਵਾਤਾਵਰਣ ਦੇ ਅਜਿਹੇ ਤੱਤੇ ਪਲਾਂ ਨੂੰ ਠਾਰਨ ਅਤੇ ਸ਼ਾਂਤ ਕਰਨ ਲਈ ਗੁਰਮਤਿ ਮਾਰਗ ਅਗਵਾਈ ਦੇ ਸਕਦਾ ਹੈ। ਅਜਿਹੇ ਛੋਟੇ ਉੱਦਮ ਕਈ ਵਾਰ ਵੱਡਾ ਕੰਮ ਕਰ ਦਿੰਦੇ ਹਨ। ਜਦੋਂ ਉਦਾਸ ਅਤੇ ਚਿੰਤਤ ਮਨ ਨੂੰ ਕੋਈ ਗੁਰੂ ਪਿਆਰਾ ਅਜਿਹੀਆਂ ਗੁਰਮਤਿ ਸੇਧਾਂ ਨਾਲ, ਉਖੜੇ ਮਨ ਨੂੰ ਧਰਵਾਸ ਦਿੰਦਾ ਹੈ ਤਾਂ ਆਸ



Sri Satguru Jagjit Singh Ji eLibrary NamdhariElibrary@gmail.com

ਬੱਝਦੀ ਹੈ ਕਿ ਗੁਰਮਤਿ ਦੀ ਰੋਸ਼ਨੀ ਅਗਿਆਨਤਾ ਦੇ ਪਸਰੇ ਹਨੇਰੇ ਨੂੰ ਅਵੱਸ਼ ਦੂਰ ਕਰੇਗੀ। ਗੁਰਮਤਿ ਦਾ ਇਹ ਚਾਨਣ ਮਨੁੱਖ ਦੀ ਦ੍ਰਿਸ਼ਟੀ ਨੂੰ ਬਦਲ ਦੇਣ ਦੀ ਸਮਰੱਥਾ ਰੱਖਦਾ ਹੈ। ਅਜਿਹੇ ਯਤਨ ਮਾਨਵਤਾ ਨੂੰ ਨਿਰੋਈ ਸੇਧ ਦੇਣ ਵਿਚ ਵੱਡਾ ਯੋਗਦਾਨ ਪਾਉਣਗੇ। ਲੇਖਕ ਦੇ ਇਸ ਪਹਿਲੇ ਯਤਨ ਵਿਚ ਜੋ ਕੁਝ ਊਣਤਾਈਆਂ ਸੁਭਾਵਿਕ ਹੀ ਰਹਿ ਗਈਆਂ ਹੋਣ, ਉਨ੍ਹਾਂ ਨੂੰ ਨਜ਼ਰ-ਅੰਦਾਜ਼ ਹੀ ਕਰ ਦੇਣਾ ਚਾਹੀਦਾ ਹੈ।

ਪੁਸਤਕ ਪੜ੍ਹਨ ਉਪਰੰਤ ਇਉਂ ਪ੍ਰਤੀਤ ਹੋਇਆ ਹੈ ਕਿ ਇਹ ਜਗਿਆਸੂਆਂ ਦੇ ਹਿਰਦਿਆਂ ਵਿਚ ਪ੍ਰਭੂ ਦੇ ਨਾਮ ਦੀ ਚਿਣਗ ਨੂੰ ਉਤਪੰਨ ਕਰੇਗੀ, ਹਨੇਰ ਹੋਏ ਹਿਰਦਿਆਂ ਨੂੰ ਰੋਸ਼ਨ ਕਰੇਗੀ, ਗੁਰੂ ਦੇ ਮਾਰਗ ਤੋਂ ਭਟਕਿਆਂ ਹੋਇਆਂ ਨੂੰ ਦਿਸ਼ਾ ਪ੍ਰਦਾਨ ਕਰੇਗੀ। ਚਿੰਤਾ ਅਤੇ ਤੌਖਲਿਆਂ ਵਿਚ ਜੀਅ ਰਹੇ ਇਨਸਾਨ ਨੂੰ ਸ਼ਾਂਤੀ ਅਤੇ ਉੱਦਮ ਪ੍ਰਦਾਨ ਕਰੇਗੀ। ਗੁਰਮਤਿ ਦੇ ਪ੍ਰਚਾਰ-ਖੇਤਰ ਨਾਲ ਜੁੜੇ ਹੋਏ ਵਿਅਕਤੀਆਂ ਲਈ ਇਹ ਪੁਸਤਕ ਚੰਗੀ ਸੁਗ਼ਾਤ ਸਿੱਧ ਹੋਏਗੀ। ਗੁਰਮਤਿ ਦੇ ਗਿਆਨ-ਜਗਤ ਵਿਚ ਇਸ ਪੁਸਤਕ ਨੂੰ 'ਜੀਉ ਆਇਆਂ' ਆਖਦਾ ਹਾਂ ਅਤੇ ਆਸ ਕਰਦਾ ਹਾਂ ਕਿ ਗੁਰਮਤਿ ਵਿਚਾਰ-ਧਾਰਾ ਦੇ ਨਾਮ-ਰਸੀਏ ਇਸ ਦਾ ਭਰਪੂਰ ਸੁਆਗਤ ਕਰਨਗੇ।

**ਸ਼ਮਸ਼ੇਰ ਸਿੰਘ (ਡਾ.)**
*ਪ੍ਰਿੰਸੀਪਲ,*
ਸ਼ਹੀਦ ਸਿਖ ਮਿਸ਼ਨਰੀ ਕਾਲਜ,
ਅੰਮ੍ਰਿਤਸਰ

Sri Satguru Jagjit Singh Ji eLibrary NamdhariElibrary@gmail.com

# ਦੋ ਸ਼ਬਦ

ਭਾਈ ਸਾਹਿਬ ਕ੍ਰਿਸ਼ਨ ਸਿੰਘ ਜੀ ਦੀ ਹਥਲੀ ਪੁਸਤਕ *ਬਿਬੇਕ ਪ੍ਰਕਾਸ਼* ਇਹਨਾਂ ਦੀ ਪਹਿਲੀ ਪੁਸਤਕ ਹੈ। ਬਤੌਰ ਕਥਾ-ਵਾਚਕ ਇਨ੍ਹਾਂ ਦੀ ਜਗਤ ਵਿਚ ਕਾਫ਼ੀ ਪ੍ਰਸਿੱਧੀ ਹੈ। ਬਤੌਰ ਲੇਖਕ, ਇਸ ਪੁਸਤਕ ਨਾਲ ਇਨ੍ਹਾਂ ਦੀ ਨਵੀਂ ਪਹਿਚਾਣ ਬਣੇਗੀ। ਇਸ ਪੁਸਤਕ ਵਿਚ ਗਿਆਰਾਂ ਲੇਖ ਹਨ, ਜੈਸਾ ਕਿ—ਮਾਰਗ ਤੇ ਉਝੜ, ਰਾਮ ਰਸ ਤੇ ਅਨ ਰਸ, ਦਹੀਂ ਰਿੜਕਣਾ ਤੇ ਪਾਣੀ ਰਿੜਕਣਾ, ਕਾਂ ਦਾ ਜੀਵਨ ਅਤੇ ਕੋਇਲ ਦਾ ਜੀਵਨ, ਸੱਚਾ ਦੀਵਾਨਾ ਤੇ ਝੂਠਾ ਦੀਵਾਨਾ, ਤਪਸ਼ ਤੇ ਸੀਤਲਤਾ, ਆਦਿ। ਇਨ੍ਹਾਂ ਲੇਖਾਂ ਨੂੰ ਭਾਈ ਸਾਹਿਬ ਜੀ ਨੇ ਗੁਰਬਾਣੀ, ਭਾਈ ਗੁਰਦਾਸ ਜੀ ਦੀ ਰਚਨਾ ਅਤੇ ਗਾਥਾਵਾਂ ਦੇ ਆਧਾਰ 'ਤੇ ਜਟਿਲ ਗੁੰਝਲਾਂ ਨੂੰ ਸਰਲ ਕਰ ਕੇ ਹੱਲ ਕਰਨ ਦਾ ਯਤਨ ਕੀਤਾ ਹੈ। ਪਾਠਕ-ਜਨ ਇਸ ਪੁਸਤਕ ਤੋਂ ਕਾਫ਼ੀ ਲਾਭ ਉਠਾ ਸਕਣਗੇ।

ਭਾਈ ਸਾਹਿਬ ਜੀ 1992 ਤੋਂ 'ਅੰਮ੍ਰਿਤ ਪ੍ਰਚਾਰ ਸੰਗਤ' ਦੇ ਸਮਾਗਮਾਂ ਦੀ ਹਾਜ਼ਰੀ ਭਰ ਕੇ, ਆਪਣੀ ਵਿਦਵਤਾ ਤੇ ਬਿਬੇਕ ਵਿਚਾਰਾਂ ਰਾਹੀਂ, ਗੁਰਮਤਿ ਦੇ ਮਾਰਗ ਨੂੰ ਸਮਝਾਣ ਦਾ ਸਦਕਾ ਸੰਗਤਾਂ ਵਿਚ ਬਹੁਤ ਹੀ ਹਰਮਨ ਪਿਆਰੇ ਹੋ ਗਏ ਹਨ।

ਮੇਰੇ ਖ਼ਿਆਲ ਵਿਚ ਪ੍ਰਭੂ ਮਾਰਗ ਦੇ ਪਾਂਧੀ ਇਸ ਪੁਸਤਕ ਨੂੰ ਪੜ੍ਹ ਕੇ ਗੁਰਮਤਿ ਗਾਡੀ ਰਾਹ ਵਾਸਤੇ ਸੇਧ ਪ੍ਰਾਪਤ ਕਰ ਸਕਣਗੇ। ਮੇਰੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਭਾਈ ਸਾਹਿਬ ਜੀ ਨੂੰ ਬਤੌਰ ਲੇਖਕ ਪੂਰਨ ਸਫਲਤਾ ਬਖ਼ਸ਼ਣ।


17, ਰੇਸ ਕੋਰਸ,
ਤ੍ਰਿਪੁਤੀ ਰੋਡ,
ਪਟਿਆਲਾ।

**ਸੂਰਜ ਪਾਲ ਸਿੰਘ**
*(ਜਥੇਦਾਰ)*
ਅੰਮ੍ਰਿਤ ਪ੍ਰਚਾਰ ਸੰਗਤ


Sri Satguru Jagjit Singh Ji eLibrary NamdhariElibrary@gmail.com

# ਹਰਿ ਕੀ ਕਥਾ

**ਸਭ ਤੇ ਊਤਮ ਹਰਿ ਕੀ ਕਥਾ॥**
**ਨਾਮੁ ਸੁਨਤ ਦਰਦ ਦੂਖ ਲਥਾ॥** *(ਗਉੜੀ ਸੁਖਮਨੀ ਮ: ੫, ਪੰਨਾ 265)*

ਸੰਸਾਰ ਵਿਚ ਐਸੇ ਥੋੜ੍ਹੇ ਹੀ ਵਿਦਵਾਨ ਹਨ, ਜੋ ਆਪਣੇ ਅਨੁਭਵੀ ਗਿਆਨ ਨੂੰ ਲਿਖਤੀ ਰੂਪ ਦੇ ਸਕਣ। ਵੈਸੇ ਤਾਂ ਬੋਲ ਕੇ ਪ੍ਰਸੰਗ ਕਰਨ ਵਾਲਿਆਂ ਦੀ ਘਾਟ ਹੈ, ਪਰ ਭਾਈ ਕ੍ਰਿਸ਼ਨ ਸਿੰਘ 'ਤੇ ਅਕਾਲ ਪੁਰਖ ਦੀ ਮਹਾਨ ਬਖ਼ਸ਼ਿਸ਼ ਹੈ। ਜਿਥੇ ਉਹ ਕਾਫ਼ੀ ਸਮੇਂ ਤੋਂ ਗੁਰਬਾਣੀ ਵਿਚਾਰ ਸੰਗਤਾਂ ਦੇ ਸਾਹਮਣੇ ਰੱਖਦੇ ਆ ਰਹੇ ਹਨ, ਉਥੇ ਇਸ ਕਿਤਾਬ ਦੇ ਰਾਹੀਂ ਲੇਖਣੀ ਦੀ ਦੁਨੀਆ ਵਿਚ ਕਦਮ ਰੱਖਿਆ ਹੈ।

ਕੁਦਰਤ ਦੇ ਬਗ਼ੀਚੇ ਵਿਚ ਜਿਵੇਂ ਤਰ੍ਹਾਂ ਤਰ੍ਹਾਂ ਦੀ ਵੰਨਗੀ ਦੇ ਫੁੱਲ ਹਨ ਤਿਵੇਂ ਹੀ ਪਰਿਪੂਰਨ ਪਰਮਾਤਮਾ ਦੇ ਵੱਖ ਵੱਖ ਗੁਣਾਂ ਨੂੰ ਆਪਣੀ ਲੇਖਣੀ ਰਾਹੀਂ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ।

ਪਾਠਕ-ਜਨ ਜ਼ਰੂਰ ਗਿਆਨ ਲਾਭ ਪ੍ਰਾਪਤ ਕਰ ਸਕਣਗੇ। ਸਤਿਗੁਰੂ ਇਹਨਾਂ ਦੀ ਕਥਨੀ ਅਤੇ ਲੇਖਣੀ ਨੂੰ ਹੋਰ ਵਧੇਰੇ ਬਲ ਪ੍ਰਦਾਨ ਕਰਨ।

ਸੀਸ ਗਰਾਂ, **ਗਿਆਨੀ ਸੰਤ ਸਿੰਘ 'ਮਸਕੀਨ'**
ਅਲਵਰ (ਰਾਜਸਥਾਨ)

Sri Satguru Jagjit Singh Ji eLibrary NamdhariElibrary@gmail.com

# ਮਾਰਗ ਤੇ ਉਝੜ

ਜਿਸ ਰਸਤੇ 'ਤੇ ਚੱਲ ਕੇ ਮਨੁੱਖ ਮੰਜ਼ਲ 'ਤੇ ਪੁੱਜ ਜਾਵੇ, ਉਸ ਨੂੰ ਮਾਰਗ ਕਿਹਾ ਜਾਂਦਾ ਹੈ, ਅਤੇ ਜਿਸ ਰਾਹ 'ਤੇ ਚੱਲ ਕੇ ਮਨੁੱਖ ਭਟਕ ਜਾਵੇ, ਉਸ ਨੂੰ ਉਝੜ ਕਿਹਾ ਜਾਂਦਾ ਹੈ। ਆਮ ਤੌਰ 'ਤੇ ਸਫ਼ਰ ਵਿਚ ਚੱਲਦੇ ਮਨੁੱਖ ਮਾਰਗ ਦਾ ਜ਼ਰੂਰ ਧਿਆਨ ਰੱਖਦੇ ਹਨ। ਜਿਥੇ ਮੰਜ਼ਲ 'ਤੇ ਪਹੁੰਚਣ ਲਈ ਚੱਲਣਾ ਜ਼ਰੂਰੀ ਹੈ, ਓਥੇ ਚੱਲਣ ਤੋਂ ਪਹਿਲਾਂ ਮਾਰਗ ਦਾ ਪਤਾ ਹੋਣਾ ਜ਼ਰੂਰੀ ਹੈ। ਮੰਜ਼ਲ ਕਿਹੜੀ ਹੈ, ਜਾਣਾ ਕਿਥੇ ਹੈ, ਕਿਹੜੇ ਸ਼ਹਿਰ ਪਹੁੰਚਣਾ ਹੈ, ਇਸ ਦੀ ਜਾਣਕਾਰੀ ਵੀ ਹੋਣੀ ਬਹੁਤ ਲਾਜ਼ਮੀ ਹੈ। ਦੁਨੀਆ ਵਿਚ ਆਮ ਹਰ ਬੰਦਾ ਚੱਲਣ ਲੱਗਾਂ ਵਿਚਾਰ ਕਰਦਾ ਹੈ, ਪ੍ਰੋਗਰਾਮ ਬਣਾਉਂਦਾ ਹੈ ਕਿ ਫਲਾਣੇ ਪਾਸ ਜਾਣਾ ਹੈ, ਮੰਜ਼ਲ ਧਿਆਨ ਵਿਚ ਹੈ, ਕਦਮ ਮਾਰਗ 'ਤੇ ਹੈ, ਹੌਸਲੇ ਨਾਲ ਚੱਲਦਾ ਹੈ, ਮੰਜ਼ਲ 'ਤੇ ਪੁੱਜ ਜਾਂਦਾ ਹੈ। ਇਵੇਂ ਹੀ ਧਰਮ ਦੀ ਦੁਨੀਆ ਵਿਚ ਚੱਲਣ ਵਾਲਿਆਂ ਨੇ ਜੇਕਰ ਆਪਣੀ ਮੰਜ਼ਲ ਪਹਿਚਾਣੀ ਹੋਵੇਗੀ, ਮਾਰਗ ਦਾ ਪਤਾ ਹੋਵੇਗਾ ਤਾਂ ਇਹ ਵੀ ਮੰਜ਼ਲ 'ਤੇ ਜ਼ਰੂਰ ਪੁੱਜ ਜਾਣਗੇ।

ਜਿਵੇਂ ਕੋਈ ਸੰਸਾਰ-ਮਾਰਗ 'ਤੇ ਚੱਲਣ ਲੱਗਿਆਂ ਮਾਰਗ ਭੁੱਲ ਜਾਵੇ ਤਾਂ ਉਹ ਭਟਕ ਜਾਂਦਾ ਹੈ, ਮੰਜ਼ਲ ਤੋਂ ਦੂਰ ਹੋ ਜਾਂਦਾ ਹੈ ਤੇ ਰਾਹ ਭੁੱਲਿਆ ਹੋਇਆ ਰਾਹੀ ਉਝੜ ਵਿਚ ਜਾ ਫਸਦਾ ਹੈ। ਭਾਵੇਂ ਇਹ ਚੱਲਦਾ ਤਾਂ ਹੈ, ਪਰ ਮੰਜ਼ਲ ਨਸੀਬ ਨਹੀਂ ਹੁੰਦੀ। ਸਿਰਫ਼ ਚੱਲਣ ਨਾਲ ਹੀ ਮੰਜ਼ਲ ਦੀ ਪ੍ਰਾਪਤੀ ਨਹੀਂ ਹੁੰਦੀ; ਚੱਲਣਾ ਵੀ ਜ਼ਰੂਰੀ ਹੈ, ਪਰ ਮਾਰਗ 'ਤੇ ਹੀ ਚੱਲਣਾ ਸਫਲ ਹੈ। ਉਝੜ 'ਤੇ ਚੱਲਣਾ, ਚੱਲਣਾ ਨਹੀਂ ਹੁੰਦਾ।

ਇਕ ਪਿੰਡ ਵਿਚ ਕੁਝ ਸਿਆਣੇ ਬੰਦੇ ਖਲੋਤੇ ਹੋਏ ਸਨ ਅਤੇ ਇਕ ਮਾਤਾ ਰਸਤੇ ਵਿਚ ਜਾ ਰਹੀ ਸੀ। ਇਹ ਮਾਤਾ ਕੁਝ ਕਦਮ ਜਾ ਕੇ ਫਿਰ ਵਾਪਸ ਮੁੜ ਆਈ, ਅਤੇ ਦੂਜੇ ਪਾਸੇ ਕਾਫ਼ੀ ਅਗਾਂਹ ਜਾ ਕੇ ਫਿਰ ਪਿੱਛੇ ਆ ਗਈ। ਇਸ ਤਰ੍ਹਾਂ ਕਰਦਿਆਂ ਕਰਦਿਆਂ ਇਸ ਮਾਤਾ ਨੇ ਕਾਫ਼ੀ ਚੱਕਰ ਜਦ ਇਸ ਇਕ ਹੀ ਗਲੀ ਵਿਚ ਲਗਾਏ, ਤਾਂ ਸਿਆਣਿਆਂ ਬੰਦਿਆਂ ਵਿਚਾਰ ਕੀਤੀ ਕਿ ਜਾਪਦਾ ਹੈ ਕਿ ਇਹ ਮਾਤਾ ਰਾਹ ਭੁੱਲ ਗਈ ਹੈ। ਕਿਸੇ ਨੂੰ ਰਾਹ ਪਾ ਦੇਣਾ, ਰਾਹ ਦੱਸ ਦੇਣਾ ਵੀ ਚੰਗਾ ਕੰਮ ਹੈ, ਇਹ ਵਿਚਾਰ ਕਰ ਕੇ ਮਾਤਾ ਨੂੰ ਪੁੱਛਦੇ ਹਨ ਕਿ ਮਾਤਾ, ਕਿਧਰ ਜਾਣਾ ਹੈ ? ਮਾਤਾ ਕਹਿਣ ਲੱਗੀ ਕਿ ਮੈਂ ਜਾਣਾ ਕਿਧਰੇ ਵੀ ਨਹੀਂ, ਸਿਰਫ਼ ਸਫ਼ਰ ਹੀ ਕਰਨਾ ਹੈ। ਬੰਦੇ ਬੜੇ ਹੈਰਾਨ ਹੋਏ ਕਿ ਬਿਨਾ ਕਿਸੇ ਮੰਜ਼ਲ ਦੇ ਚੱਲਣਾ ਵੀ ਕਦੀ ਸਫ਼ਰ ਹੋਇਆ ਕਰਦਾ ਹੈ। ਮਾਤਾ ਬੜੀ ਸਿਆਣੀ ਸੀ, ਕਹਿਣ ਲੱਗੀ ਕਿ ਇਹ ਮੇਰੀ ਗੱਲ ਨਹੀਂ ਹੈ, ਇਹ ਤਾਂ ਤਕਰੀਬਨ

Sri Satguru Jagjit Singh Ji eLibrary NamdhariElibrary@gmail.com

ਸਾਰੇ ਸੰਸਾਰ ਦੀ ਹੀ ਗੱਲ ਹੈ ਕਿ ਅਸੀਂ ਜੀਵਨ ਨੂੰ ਇਕ ਐਸੇ ਸਫ਼ਰ ਵਿਚ ਪਾ ਕੇ ਚਲੀ ਜਾ ਰਹੇ ਹਾਂ, ਜਿਥੇ ਸਾਡੀ ਕੋਈ ਮੰਜ਼ਲ ਨਹੀਂ ਹੈ।

ਇਸ ਕਹਾਣੀ ਵਿਚ ਬੜਾ ਰਾਜ਼ ਛੁਪਿਆ ਹੋਇਆ ਹੈ ਕਿ ਅੱਜ ਹਰ ਇਕ ਬੰਦਾ ਮਿਹਨਤ ਕਰ ਰਿਹਾ ਹੈ; ਉਹ ਮਿਹਨਤ ਸਰੀਰ ਦੀ ਵੀ ਹੈ, ਮਨ ਦੀ ਵੀ ਹੈ, ਪਰ ਸਰੀਰਕ ਤੌਰ 'ਤੇ ਅਤੇ ਮਾਨਸਿਕ ਤੌਰ 'ਤੇ ਜਿਧਰ ਨੂੰ ਜਾ ਰਹੇ ਹਾਂ, ਓਧਰ ਸਾਡੀ ਮੰਜ਼ਲ ਨਹੀਂ ਹੈ। ਇਸ ਤਰ੍ਹਾਂ ਦੇ ਸਫ਼ਰ ਨੂੰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਇਉਂ ਕਥਨ ਕੀਤਾ ਹੈ:

**ਜੈਸੇ ਬੈਲ ਤੇਲੀ ਕੋ ਜਾਨਤ ਕਈ ਕੋਸ ਚਲਿਓ,**
**ਨੈਨ ਉਘਰਤ ਵਾਹੀ ਠਾਉ ਹੀ ਠਿਕਾਨੋ ਹੈ॥**
**ਜੈਸੇ ਜੇਵਰੀ ਬਟਤ ਆਂਧਰੋ ਅਚਿੰਤ ਚਿੰਤ,**
**ਖਾਤ ਜਾਤ ਬਛਰੋ ਟਟੋਰੇ ਪਛੁਤਾਨੋ ਹੈ॥**
**ਜੈਸੇ ਮ੍ਰਿਗ ਤ੍ਰਿਸਨਾ ਲਓ ਧਾਵੈ ਮ੍ਰਿਗ ਤ੍ਰਿਖਾਵੰਤ,**
**ਆਵਤ ਨ ਸਾਂਤਿ ਭ੍ਰਮ ਭ੍ਰਮਤ ਹਿਰਾਨੋ ਹੈ॥**
**ਤੈਸੇ ਸੁਪਨੰਤਰਿ ਦਿਸੰਤਰ ਬਿਹਾਇ ਗਈ,**
**ਪਹੁੰਚ ਨ ਸਕਿਓ ਤਹਾਂ ਜਹਾਂ ਮੋਹਿ ਜਾਨੋ ਹੈ॥੫੭੮॥**

ਭਾਈ ਸਾਹਿਬ ਜੀ ਕਥਨ ਕਰਦੇ ਹਨ ਕਿ ਤੇਲੀ ਦੇ ਕੋਹਲੂ ਨਾਲ ਜੋੜਿਆ ਬੈਲ ਜਦ ਸਫ਼ਰ ਵਿਚ ਹੁੰਦਾ ਹੈ ਤਾਂ ਉਹ ਸਮਝਦਾ ਹੈ ਕਿ ਮੈਂ ਕਾਫ਼ੀ ਸਫ਼ਰ ਕਰ ਲਿਆ ਹੈ, ਕਈ ਕੋਹ ਚਲਾ ਗਿਆ ਹੋਵਾਂਗਾ (ਜਿਵੇਂ ਇਕ ਚੰਗਾ ਚੱਲਣ ਵਾਲਾ ਬੈਲ ਤਕਰੀਬਨ ਇਕ ਘੰਟੇ ਵਿਚ 3 ਮੀਲ ਦਾ ਸਫ਼ਰ ਤੈਹ ਕਰ ਲੈਂਦਾ ਹੈ ਅਤੇ 5 ਘੰਟੇ ਚੱਲਣ ਤੋਂ ਬਾਅਦ ਇਸ ਬੈਲ ਦਾ ਸਫ਼ਰ 15 ਮੀਲ ਹੋ ਜਾਣਾ ਚਾਹੀਦਾ ਹੈ), ਪਰ ਜਦ ਅੱਖਾਂ ਤੋਂ ਖੋਪੇ ਖੋਲ੍ਹੇ ਤਾਂ ਕੀ ਵੇਖਦਾ ਹੈ ਕਿ ਜਿਥੇ ਕਾਫ਼ੀ ਸਮਾਂ ਪਹਿਲਾਂ ਖਲੋਤਾ ਹੋਇਆ ਸੀ, ਇਹ ਤਾਂ ਉਹੀ ਜਗ੍ਹਾ ਹੈ। ਸਫ਼ਰ ਤਾਂ ਜ਼ਰੂਰ ਕਾਫ਼ੀ ਕੀਤਾ ਹੈ, ਥੱਕ ਵੀ ਗਿਆ ਹੈ, ਪਰ ਮੰਜ਼ਲ ਕੋਈ ਨਹੀਂ ਹੈ।

ਦੂਸਰੇ ਉਦਾਹਰਣ ਵਿਚ ਭਾਈ ਸਾਹਿਬ ਜੀ ਜ਼ਿਕਰ ਕਰਦੇ ਹਨ ਕਿ ਇਕ ਅੱਖਾਂ ਦੀ ਜੋਤ ਤੋਂ ਹੀਣ ਅੰਧਾ ਮਨੁੱਖ ਰੱਸੀ ਵੱਟ ਰਿਹਾ ਹੈ ਅਤੇ ਬੇਫ਼ਿਕਰ ਹੋ ਕੇ ਰੱਸੀ ਵੱਟੀ ਜਾ ਰਿਹਾ ਹੈ। ਪਰ ਜਦ ਕਾਫ਼ੀ ਦੇਰ ਬਾਦ ਹੱਥ ਨਾਲ ਰੱਸੀ ਨੂੰ ਟੋਲਣ ਲੱਗਾ ਕਿ ਇਕੱਠੀ ਕਰ ਕੇ ਦੇਖਾਂ ਕਿ ਰੱਸੀ ਕਿੰਨੀ ਕੁ ਵੱਟੀ ਗਈ ਹੈ ਤਾਂ ਰੱਸੀ ਉਥੇ ਕੋਈ ਨਹੀਂ ਸੀ, ਕਿਉਂਕਿ ਪਾਸ ਹੀ ਗਾਂ ਦਾ ਵੱਛਾ ਖਲੋਤਾ ਹੋਇਆ ਸੀ, ਉਹ ਰੱਸੀ ਖਾਈ ਜਾ ਰਿਹਾ ਸੀ। ਇਹ ਰੱਸੀ ਵੱਟਣ ਵਾਲਾ ਮੱਥੇ 'ਤੇ ਹੱਥ ਮਾਰ ਕੇ ਪਛਤਾਉਂਦਾ ਹੈ ਕਿ ਰੱਸੀ ਵੱਟਣ ਵਾਲੀ ਪਟਸਨ ਵੀ ਅਜਾਈਂ ਗਈ ਤੇ ਮੇਰੀ ਮਿਹਨਤ ਵੀ ਨਸ਼ਟ ਹੋ ਗਈ।

ਤੀਸਰੇ ਉਦਾਹਰਣ ਵਿਚ ਭਾਈ ਸਾਹਿਬ ਜੀ ਦੱਸਦੇ ਹਨ ਕਿ ਇਕ ਮ੍ਰਿਗ ਨੇ ਵੀ ਮਿਹਨਤ ਕੀਤੀ, ਸਫ਼ਰ ਕੀਤਾ। ਪਿਆਸ ਲੱਗੀ ਹੋਈ ਹੈ, ਸਿਰ ਉਤਾਂਹ ਚੁੱਕ ਕੇ ਪਾਣੀ ਦੀ ਤਲਾਸ਼ ਵਿਚ ਨਿਗਾਹ ਮਾਰੀ ਤਾਂ ਕੁਝ ਦੂਰੀ 'ਤੇ ਪਾਣੀ ਨਜ਼ਰ

Sri Satguru Jagjit Singh Ji eLibrary NamdhariElibrary@gmail.com

ਆਇਆ। ਇਸ ਨੂੰ ਪਿਆਸ ਵੀ ਬਹੁਤ ਜ਼ਿਆਦਾ ਹੈ, ਇਸ ਕਰਕੇ ਜਲਦੀ ਪਾਣੀ ਪੀਣ ਲਈ ਤੇਜ਼ੀ ਨਾਲ ਦੌੜਿਆ। ਜਦੋਂ ਕਿਤੇ ਪਿਆਸ ਜ਼ਿਆਦਾ ਹੋਵੇ ਤਾਂ ਪਿਆਸ ਨੂੰ ਜਲਦੀ ਹੀ ਮਿਟਾਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮ੍ਰਿਗ ਦੌੜਿਆ, ਕਾਫ਼ੀ ਦੂਰ ਚਲਾ ਗਿਆ, ਪਰ ਅਜੇ ਤਕ ਪਾਣੀ ਨਹੀਂ ਮਿਲਿਆ, ਦੌੜੀ ਜਾ ਰਿਹਾ ਹੈ, ਪਰ ਪਾਣੀ ਨਹੀਂ ਮਿਲਦਾ। ਕਿਉਂਕਿ ਉਹ ਪਾਣੀ ਨਹੀਂ ਸੀ, ਉਹ ਤਾਂ ਰੇਤਲੀ ਧਰਤੀ ਵਿਚ ਸੂਰਜ ਦੀਆਂ ਕਿਰਨਾਂ ਕਾਰਨ, ਰੇਤ ਦੇ ਚਮਕਦਾਰ ਕਣ ਚਮਕ ਰਹੇ ਸਨ। ਇਸ ਨੂੰ ਮ੍ਰਿਗ-ਤ੍ਰਿਸ਼ਨਾ ਕਹਿੰਦੇ ਹਨ। ਸੋ ਇਸ ਕਾਰਣ ਰੇਤ ਦੀ ਤਰਫ਼ ਦੌੜਿਆਂ ਮ੍ਰਿਗ ਦੀ ਪਿਆਸ ਨਹੀਂ ਬੁਝ ਸਕਦੀ, ਅਤੇ ਜਿੰਨੀ ਦੇਰ ਪਿਆਸ ਨਾ ਬੁਝੇ, ਉਤਨੀ ਦੇਰ ਸ਼ਾਂਤੀ ਨਹੀਂ ਆ ਸਕਦੀ, ਮ੍ਰਿਗ ਦੌੜ ਦੌੜ ਕੇ ਹਾਰ ਗਿਆ।

ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:

**ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬੀਚਾਰਿ ॥**

*(ਦੇਵਗੰਧਾਰੀ ਮ: ੯, ਪੰਨਾ 536)*

ਪੰਚਮ ਪਾਤਸ਼ਾਹ ਜੀ ਦਾ ਫ਼ੁਰਮਾਨ ਹੈ:

**ਮ੍ਰਿਗ ਤ੍ਰਿਸਨਾ ਗੰਧਰਬ ਨਗਰੰ ਦ੍ਰੁਮ ਛਾਯਾ ਰਚਿ ਦੁਰਮਤਿਹ ॥**
**ਤਤਹ ਕੁਟੰਬ ਮੋਹ ਮਿਥ੍ਯਾ ਸਿਮਰੰਤਿ ਨਾਨਕ ਰਾਮ ਰਾਮ ਨਾਮਹ ॥੩੦॥** *(ਪੰਨਾ 1356)*

ਭਾਈ ਸਾਹਿਬ ਜੀ ਚੌਥੀ ਪੰਕਤੀ ਵਿਚ ਫ਼ੁਰਮਾਨ ਕਰਦੇ ਹਨ ਕਿ ਇਸ ਤਰ੍ਹਾਂ ਹੀ ਮਨੁੱਖ ਦੀ ਸਾਰੀ ਉਮਰ ਬੀਤ ਜਾਂਦੀ ਹੈ। ਜਿਵੇਂ ਕੋਈ ਸੁਪਨੇ ਵਿਚ ਕੁਝ ਕਰਦਾ ਰਹੇ, ਪਰ ਜਾਗਣ ਸਮੇਂ ਕੁਝ ਵੀ ਨਹੀਂ ਕੀਤਾ ਹੁੰਦਾ, ਜਿਥੇ ਅਸੀਂ ਪਹੁੰਚਣਾ ਸੀ, ਉਥੇ ਨਹੀਂ ਪਹੁੰਚ ਸਕੇ।

ਸੋ ਹੁਣ ਇਤਨਾ ਜ਼ਰੂਰ ਵਿਚਾਰ ਕਰ ਲੈਣਾ ਕਿ ਅਸੀਂ ਜਾਣਾ ਕਿਥੇ ਹੈ ਅਤੇ ਅਸੀਂ ਕਿਵੇਂ ਜਾ ਸਕਦੇ ਹਾਂ ?

**ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥**
**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥**

*(ਰਾਗ ਗਉੜੀ ਪੂਰਬੀ ਮ: ੫, ਪੰਨਾ 13)*

ਅਗਰ ਅਸੀਂ ਪਰਮਾਤਮਾ ਤਕ ਪੁੱਜਣਾ ਹੈ, ਤਾਂ ਗੁਰੂ ਦੀ ਸ਼ਰਨ ਜਾ ਕੇ ਹੀ ਪਹੁੰਚ ਸਕਦੇ ਹਾਂ। ਜੀਵਨ ਦਾ ਸਹੀ ਮਾਰਗ ਹੈ—ਸਤਸੰਗ ਅਤੇ ਸਤਸੰਗ ਦੀ ਪ੍ਰਾਪਤੀ ਹੁੰਦੀ ਹੈ ਗੁਰੂ-ਘਰ ਰਾਹੀਂ, ਗੁਰਦੁਆਰੇ ਰਾਹੀਂ। ਗੁਰੂ ਸ਼ਬਦ ਰਾਹੀਂ ਪਰਮਾਤਮਾ ਤਕ ਪੁੱਜਿਆ ਜਾ ਸਕਦਾ ਹੈ। ਅਤੇ ਜਿਥੇ ਘਰ ਤੋਂ ਗੁਰੂ-ਘਰ ਦਾ ਮਾਰਗ ਹੈ—ਬਾਹਰ ਦੀ ਸੜਕ, ਉਥੇ ਗੁਰੂ-ਸ਼ਬਦ ਤੋਂ ਪਰਮਾਤਮਾ ਤਕ ਦਾ ਮਾਰਗ ਹੈ—ਅੰਦਰ ਦੀ ਸੁਰਤ। ਜਿਵੇਂ ਗੁਰਦੁਆਰਾ ਸਾਹਿਬ ਦੀ ਤਰਫ਼ ਸੜਕ 'ਤੇ ਚੱਲੀਏ ਤਾਂ ਗੁਰਦੁਆਰੇ ਪਹੁੰਚ ਜਾਈਦਾ ਹੈ, ਤਿਵੇਂ ਹੀ ਗੁਰੂ-ਸ਼ਬਦ ਨੂੰ ਸੁਣ ਕੇ ਸੁਰਤ ਜੋੜਨ ਨਾਲ ਪਰਮਾਤਮਾ ਤਕ ਪੁੱਜ ਜਾਈਦਾ ਹੈ। ਹਰ ਰੋਜ਼ ਦੇ ਸੁਣੇ ਸ਼ਬਦ ਵਿਚ ਜਿਵੇਂ ਜਿਵੇਂ ਸੁਰਤ ਟਿਕਦੀ ਜਾਂਦੀ ਹੈ, ਤਿਵੇਂ ਤਿਵੇਂ ਸਮਝੋ ਧਾਰਮਕ ਸਫ਼ਰ ਹੋ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ :

**ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥**

*(ਪ੍ਰਭਾਤੀ ਮ: ੧, ਪੰਨਾ 1329)*

ਸਿਰਫ਼ ਧਾਰਮਕ ਮਾਰਗ 'ਤੇ ਕਦਮਾਂ ਨਾਲ ਚੱਲਣ ਨਾਲ ਹੀ ਗੱਲ ਨਹੀਂ ਬਣਦੀ; ਧਾਰਮਕ ਮਾਰਗ 'ਤੇ ਚੱਲਣ ਵਾਲੇ ਤਾਂ ਅਨੇਕਾਂ ਹੋਣਗੇ, ਪਰ ਧਾਰਮਕ ਜੀਵਨ ਵਾਲਾ ਵਿਰਲਾ ਹੀ ਹੋਵੇਗਾ। ਧਾਰਮਕ ਮਾਰਗ 'ਤੇ ਚੱਲਦੇ ਤਾਂ ਸ੍ਰੀ ਲਹਿਣਾ ਜੀ ਪਹਿਲਾਂ ਵੀ ਸਨ, ਪਰ ਇਹ ਦੇਵੀ ਦੀ ਯਾਤਰਾ ਮਨ ਨੂੰ ਟਿਕਾਓ ਵਿਚ ਨਹੀਂ ਲਿਆ ਸਕੀ। ਸ੍ਰੀ ਲਹਿਣਾ ਜੀ ਅੰਦਰੋਂ ਮਹਿਸੂਸ ਕਰਦੇ ਹਨ ਕਿ ਅਜੇ ਕੋਈ ਗੱਲ ਨਹੀਂ ਬਣੀ। ਇਕ ਦਿਨ ਗੁਰੂ ਨਾਨਕ ਦੇਵ ਜੀ ਦੇ ਸਿਖ ਭਾਈ ਜੋਧ ਜੀ ਪਾਠ ਕਰ ਰਹੇ ਸਨ, ਕੰਨਾਂ ਵਿਚ ਆਵਾਜ਼ ਪਈ, ਸੁਰਤ ਵਿਚ ਜ਼ਰਾ ਕੁ ਸਮੇਂ ਲਈ ਟਿਕਾਉ ਮਿਲਿਆ, ਸਾਰੇ ਸਰੀਰ 'ਚ ਝਰਨਾਹਟ ਜਿਹੀ ਛਿੜ ਪਈ, ਧਿਆਨ ਖਿਚਿਆ ਗਿਆ, ਇਹਨਾਂ ਗੁਰ-ਸ਼ਬਦ ਦੇ ਬੋਲਾਂ ਨਾਲ :

**ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ ॥**

*(ਵਾਰ ਆਸਾ ਮ: ੧, ਪੰਨਾ 474)*

ਲਹਿਣਾ ਜੀ ਪਾਸ ਜਾ ਬੈਠੇ, ਪਾਠ ਸੁਣੀ ਗਏ, ਮਨ ਨੂੰ ਹੋਰ ਟਿਕਾਉ ਮਿਲਿਆ, ਹੋਰ ਸ਼ਾਂਤੀ ਮਹਿਸੂਸ ਹੋਈ, ਭੋਗ ਪਿਆ ਤਾਂ ਪੁੱਛ ਲਿਆ ਕਿ ਇਹ ਕਿਨ੍ਹਾਂ ਦੀ ਬਾਣੀ ਹੈ। ਭਾਈ ਜੋਧ ਜੀ ਨੇ ਦਸਿਆ ਕਿ ਇਹ ਧੁਰ ਕੀ ਬਾਣੀ ਹੈ, ਸ੍ਰੀ ਕਰਤਾਰਪੁਰ ਵਿਖੇ ਵਸਦੇ ਗੁਰੂ ਨਾਨਕ ਦੇਵ ਜੀ ਦੇ ਮੁਖੋਂ ਨਿਕਲੀ ਬਾਣੀ ਹੈ। ਲਹਿਣਾ ਜੀ ਅੰਦਰ ਤਾਂਘ ਉਠੀ ਹੈ ਇਸ ਮਾਰਗ ਦੀ। ਗੁਰੂ ਨਾਨਕ ਦੇ ਘਰ ਦਾ ਰਾਹ ਪੁੱਛਦੇ ਪੁੱਛਦੇ ਜਾ ਪੁੱਜਦੇ ਹਨ ਇਕ ਅਨੋਖੀ ਜਗ੍ਹਾ। ਇਥੇ ਕੋਈ ਖਲੋਤਾ ਹੈ, ਇਸ ਨੂੰ ਵੀ ਰਾਹ ਪੁੱਛਿਆ ਹੈ, ਪਰ ਇਹ ਰਸਤਾ ਦੱਸਣ ਵਾਲੇ ਬਿਲਕੁਲ ਵੱਖਰੀ ਕਿਸਮ ਦੇ ਹਨ। ਦੂਜੇ ਤਾਂ ਸਿਰਫ਼ ਰਾਹ ਹੀ ਦੱਸ ਦਿੰਦੇ ਸਨ, ਪਰ ਇਹ ਤਾਂ ਨਾਲ ਹੀ ਲੈ ਜਾਣ ਵਾਲੇ ਹਨ। ਭਾਵੇਂ ਇਹ ਓਹੀ ਹਨ, ਜਿਨ੍ਹਾਂ ਨੂੰ ਲਹਿਣਾ ਜੀ ਮਿਲਣ ਲਈ ਆਏ ਹਨ, ਪਰ ਅਜੇ ਪਹਿਚਾਣ ਨਹੀਂ ਹੋ ਸਕੀ। ਦੇਖਿਆ ਤਾਂ ਹੈ, ਪਰ ਅਜੇ ਦਰਸ਼ਨ ਨਹੀਂ ਹੋ ਸਕਿਆ। ਪਾਸ ਜ਼ਰੂਰ ਹੈਨ ਪਰ ਮਿਲਾਪ ਨਹੀਂ ਹੋਇਆ। ਕਈ ਵਾਰੀ ਅਸੀਂ ਵੀ ਗੁਰੂ ਦੇ ਪਾਸ ਹੁੰਦੇ ਹਾਂ; ਦੇਖ ਰਹੇ ਹੁੰਦੇ ਹਾਂ ਪਰ ਦਰਸ਼ਨ ਨਹੀਂ ਹੋਇਆ ਹੁੰਦਾ। ਪਰ ਜਦ ਨਿਵਾਸ ਅਸਥਾਨ 'ਤੇ ਜਾ ਕੇ ਪਤਾ ਲੱਗਾ ਤਾਂ ਤਦ ਵੀ ਦਰਸ਼ਨ ਹੀ ਕਰ ਸਕੇ ਨੇ, ਪੂਰਨ ਮਿਲਾਪ ਅਜੇ ਵੀ ਨਹੀਂ ਹੋ ਸਕਿਆ। ਥੋੜ੍ਹੀ ਪਹੁੰਚ ਜ਼ਰੂਰ ਹੋ ਗਈ ਹੈ, ਪਰ ਪੂਰੀ ਨਹੀਂ। ਕੁਝ ਸਮਾਂ ਬੀਤਿਆ ਹੈ, ਕੁਝ ਹੋਰ ਬੀਤਿਆ ਹੈ। ਇਸ ਤਰ੍ਹਾਂ ਸੇਵਾ ਵਿਚ ਕਾਫ਼ੀ ਸਮਾਂ ਬੀਤ ਗਿਆ, ਗੁਰੂ ਪ੍ਰਸੰਨ ਹੋ ਗਏ, ਸ੍ਰੀ ਲਹਿਣਾ ਜੀ ਦਾ ਸਫ਼ਰ ਸਫਲ ਹੋ ਗਿਆ, ਸੁਰਤ ਟਿਕ ਗਈ ਅਤੇ ਬਸ ਟਿਕੀ ਹੋਈ ਸੁਰਤ ਵਿਚ ਸ਼ਬਦ ਟਿਕ ਗਿਆ।

ਇਹ ਮਾਰਗ ਹੈ ਜਿਸ ਰਾਹੀਂ ਬੰਦਾ ਭਟਕਣਾ ਤੋਂ ਬਚ ਕੇ ਸਹੀ ਖੋਜ ਵਿਚ ਨਿਕਲਦਾ ਹੈ, ਅਤੇ ਐਸਾ ਖੋਜ ਵਿਚ ਨਿਕਲਿਆ ਮੰਜ਼ਲ 'ਤੇ ਪੁੱਜ ਜਾਂਦਾ ਹੈ। ਗੁਰੂ ਨੇ ਬਹੁਤ ਕਿਰਪਾ ਕੀਤੀ ਜੋ ਕਿ ਉਝੜ ਤੋਂ ਬਚਾ ਕੇ ਮਾਰਗ 'ਤੇ ਪਾ ਦਿੱਤਾ।

**ਮਾਰਗਿ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥** *(ਬਿਲਾਵਲੁ ਮ: ੫, ਪੰਨਾ 810)*

Sri Satguru Jagjit Singh Ji eLibrary NamdhariElibrary@gmail.com

ਗੁਰੂ ਨੇ ਰਾਹ ਦੱਸਿਆ ਕਿ ਰਾਤ ਦਿਨ ਸੰਸਾਰਕ ਸੁਖਾਂ ਦੀ ਤਰਫ਼ ਦੌੜਨ ਨਾਲ ਸਖ ਨਹੀਂ ਮਿਲ ਸਕਦੇ। ਇਸ ਤਰ੍ਹਾਂ ਤਾਂ ਮ੍ਰਿਗ ਦੀ ਝਾੜੀਆਂ ਵਿੱਚੋਂ ਖ਼ੁਸ਼ਬੂ ਤਲਾਸ਼ ਕਰਨ ਵਾਲੀ ਗੱਲ ਹੈ। ਸੁਖ ਤਾਂ ਅੰਦਰ ਹੀ ਹੈ। ਗੁਰੂ ਸਾਹਿਬ ਜੀ ਦਾ ਕਥਨ ਹੈ:

**ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ ॥**
**ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥**
**ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ ॥**
**ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ ॥**
**ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ ॥**

*(ਗਉੜੀ ਕੀ ਵਾਰ ਮਹਲਾ ੪, ਪੰਨਾ 309)*

ਇਸ ਸਰੀਰ ਦੇ ਅੰਦਰ ਰੱਬੀ ਜੋਤ ਹੈ, ਉਸ ਦੀ ਪਹਿਚਾਣ ਕਰਨੀ, ਉਸ ਨਾਲ ਜੁੜਨਾ ਸਹੀ ਮਾਰਗ ਹੈ, ਪਰ ਅੰਤਰਮੁਖੀ ਹੋਣ ਦੀ ਬਜਾਏ ਬਾਹਰਮੁਖੀ ਬਿਰਤੀ ਕਰ ਕੇ ਸੰਸਾਰ ਦੀ ਤਰਫ਼ ਦੌੜਨਾ ਉਝੜ ਦਾ ਮਾਰਗ ਹੈ। ਜਦੋਂ ਨਾਤਾ ਅਕਾਲ ਪੁਰਖ ਨਾਲ ਜੁੜ ਜਾਵੇ, ਫਿਰ ਕਾਮ-ਕ੍ਰੋਧ ਆਦਿਕ ਨਾਲ ਨਾਤਾ ਨਹੀਂ ਰਹਿ ਜਾਂਦਾ। ਗੁਰਮੁਖ ਦਾ ਮਾਰਗ ਐਸਾ ਹੋ ਜਾਂਦਾ ਹੈ ਜਿਵੇਂ ਭਾਈ ਗੁਰਦਾਸ ਜੀ ਜ਼ਿਕਰ ਕਰਦੇ ਹਨ:

**ਗੁਰਮੁਖਿ ਮਾਰਗ ਹੁਇ ਭ੍ਰਮਨ ਕੋ ਭ੍ਰਮ ਖੋਇਓ,**
**ਚਰਨ ਸਰਨਿ ਗੁਰ ਏਕ ਟੇਕ ਧਾਰੀ ਹੈ ॥**
**ਦਰਸ ਦਰਸਿ ਸਮਦਰਸਿ ਧਿਆਨ ਧਾਰਿ,**
**ਸਬਦ ਸੁਰਤਿ ਕੈ ਸੰਸਾਰੀ ਨਿਰੰਕਾਰੀ ਹੈ ॥**
**ਸਤਿਗੁਰ ਸੇਵਾ ਕਰਿ ਸੁਰਿ ਨਰ ਸੇਵਕ ਹ੍ਵੈ,**
**ਮਾਨਿ ਗੁਰ ਆਗਿਆ ਸਭ ਜਗੁ ਆਗਿਆਕਾਰੀ ਹੈ ॥**
**ਪੂਜਾ ਪ੍ਰਾਨ ਪ੍ਰਾਨਪਤਿ ਸਰਬ ਨਿਧਾਨ ਦਾਨ,**
**ਪਾਰਸ ਪਰਸਿ ਗਤਿ ਪਰਉਪੰਕਾਰੀ ਹੈ ॥੨੬੧॥**

ਗੁਰੂ ਦੇ ਦੱਸੇ ਰਾਹ 'ਤੇ ਚੱਲ ਕੇ ਭਟਕਣਾ ਵਾਲਾ ਭੁਲੇਖਾ ਦੂਰ ਹੋ ਜਾਂਦਾ ਹੈ। ਗੁਰੂ ਦੀ ਸ਼ਰਨ ਵਿਚ ਆ ਕੇ ਗੁਰ-ਚਰਨਾਂ ਦਾ ਆਸਰਾ ਲੈ ਲੈਂਦਾ ਹੈ। ਗੁਰੂ ਦਾ ਦਰਸ਼ਨ ਕਰ ਕੇ ਸਮਦਰਸ਼ੀ ਹੋ ਜਾਂਦਾ ਹੈ। ਗੁਰੂ ਦੇ ਸ਼ਬਦ ਵਿਚ ਸੁਰਤ ਐਸੀ ਜੁੜ ਜਾਂਦੀ ਹੈ ਕਿ ਸੰਸਾਰ ਵਿਚ ਰਹਿ ਕੇ ਭਾਵੇਂ ਸੰਸਾਰੀ ਨਜ਼ਰ ਆਉਂਦਾ ਹੈ ਪਰ ਅੰਦਰੋਂ ਨਿਰੰਕਾਰ ਨਾਲ ਜੁੜਿਆ ਹੋਇਆ ਹੁੰਦਾ ਹੈ। ਸਤਿਗੁਰੂ ਦੀ ਸੇਵਾ ਕਰ ਕੇ ਜਗਤ ਵਿਚ ਸ੍ਰੇਸ਼ਟ ਮਨੁੱਖਾਂ ਵਿਚ ਵੀ ਉਸ ਨੂੰ ਸਤਿਕਾਰ ਮਿਲਦਾ ਹੈ ਅਤੇ ਗੁਰੂ ਦੀ ਆਗਿਆ ਮੰਨਣ ਵਾਲੇ ਦੀ ਆਗਿਆ ਸਾਰਾ ਜਗਤ ਮੰਨਦਾ ਹੈ। ਪ੍ਰਾਣਾਂ ਦੇ ਆਧਾਰ ਵਾਹਿਗੁਰੂ ਨੂੰ ਇਕ ਇਕ ਸਵਾਸ ਨਾਲ ਪੂਜਾ ਕਰਦਾ ਹੋਇਆ ਪਾਰਸ ਦੀ ਤਰ੍ਹਾਂ ਸਭ 'ਤੇ ਪਰਉਪਕਾਰ ਕਰਦਾ ਹੈ।

ਇਸ ਕਰਕੇ ਗੁਰਮੁਖ ਗੁਰੂ ਦੇ ਦੱਸੇ ਮਾਰਗ 'ਤੇ ਚੱਲ ਕੇ ਜੀਵਨ ਸਫਲ ਕਰਦਾ ਹੈ। ਧੰਨ ਉਹ ਗੁਰੂ ਹੈ ਜਿਸ ਨੇ ਸਾਨੂੰ ਮਾਰਗ 'ਤੇ ਪਾਇਆ ਹੈ। ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:

Sri Satguru Jagjit Singh Ji eLibrary NamdhariElibrary@gmail.com

**ਭੂਲੇ ਮਾਰਗ ਜਿਨਹਿ ਬਤਾਇਆ॥ ਐਸਾ ਗੁਰੁ ਵਡਭਾਗੀ ਪਾਇਆ॥੧॥**
**ਸਿਮਰਿ ਮਨਾ ਰਾਮ ਨਾਮੁ ਚਿਤਾਰੇ॥ ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ॥੧॥ਰਹਾਉ॥**
**ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ॥ ਬੰਧਨ ਕਾਟਿ ਮੁਕਤਿ ਗੁਰਿ ਕੀਨਾ॥੨॥**
**ਦੁਖ ਸੁਖ ਕਰਤ ਜਨਮਿ ਫੁਨਿ ਮੂਆ॥ ਚਰਨ ਕਮਲ ਗੁਰਿ ਆਸ੍ਰਮੁ ਦੀਆ॥੩॥**
**ਅਗਨਿ ਸਾਗਰ ਬੂਡਤ ਸੰਸਾਰਾ॥ ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ॥੪॥**
*(ਬਿਲਾਵਲੁ ਮਹਲਾ ੫, ਪੰਨਾ 803-04)*

ਹੁਣ ਹਰ ਵੇਲੇ ਅੰਦਰ ਦੀ ਸੁਰਤ ਵਿਚ ਵਾਹਿਗੁਰੂ ਆ ਵਸਦਾ ਹੈ, ਹੁਣ ਸੁਰਤ ਵਿਚ ਹਉਮੈ ਦਾ ਭਾਵ ਨਹੀਂ ਹੈ। ਜਿਵੇਂ ਇਕ ਸ਼ੇਰ ਜਾਗਦਾ ਹੈ ਤਾਂ ਪਹਿਲਾਂ ਆਪਣੇ ਘੁਰਨੇ ਵਿੱਚੋਂ ਬਾਹਰ ਨਿਕਲਦਾ ਹੈ। ਦੂਜੀ ਸਟੇਜ ਹੈ ਇਸ ਸ਼ੇਰ ਦੀ ਕਿ ਆਪਣੇ ਸਰੀਰ ਨੂੰ ਝਾੜਦਾ ਹੈ। ਤੀਜੀ ਸਟੇਜ 'ਤੇ ਪੁੱਜ ਕੇ ਭਬਕ ਮਾਰਦਾ ਹੈ, ਗਰਜਦਾ ਹੈ। ਅਤੇ ਚੌਥੀ ਸਟੇਜ ਹੈ ਕਿ ਸ਼ਿਕਾਰ ਮਾਰਦਾ ਹੈ ਅਤੇ ਪੰਜਵੀਂ ਸਟੇਜ 'ਤੇ ਆ ਕੇ ਮਾਰਿਆ ਸ਼ਿਕਾਰ ਖਾ ਕੇ ਤ੍ਰਿਪਤ ਹੋ ਜਾਂਦਾ ਹੈ। ਇਸ ਤਰ੍ਹਾਂ ਹੀ ਗੁਰਸਿਖ ਪਹਿਲਾਂ ਆਪਣੇ ਸੁਖ ਆਰਾਮ ਛੱਡਦਾ ਹੈ ਜਿਵੇਂ ਕਿ ਫ਼ੈਸ਼ਨਾਂ ਤੋਂ ਮੂੰਹ ਮੋੜਨਾ, ਅੰਮ੍ਰਿਤ ਵੇਲੇ ਸੌਣ ਦਾ ਘੁਰਨਾ ਛੱਡਣਾ ਆਦਿਕ ਪਹਿਲਾ ਕਦਮ ਉਠਾਂਦਾ ਹੈ। ਫਿਰ ਦੂਜਾ ਕਦਮ ਜਦ ਉਠਾਂਦਾ ਹੈ ਤਾਂ ਆਪਣੇ ਔਗੁਣਾਂ ਦੀ ਲੂਈਂ ਝਾੜਦਾ ਹੈ, ਆਪਣੇ ਐਬ ਛੱਡਦਾ ਹੈ, ਅਤੇ ਤੀਸਰਾ ਕਦਮ ਉਠਾ ਕੇ ਵਾਹਿਗੁਰੂ ਜਾਪ ਰੂਪੀ ਗਰਜਨਾ ਕਰਦਾ ਹੈ।

ਜਿਵੇਂ ਗੁਰਵਾਕ ਹੈ:

**ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ॥**
*(ਵਾਰ ਕਾਨੜਾ ਮ: ੪, ਪੰਨਾ 1315)*

ਹਿਰਦੇ ਵਿਚ ਸ਼ਬਦ ਦੀ ਗਰਜਨਾ ਕਰਦਾ ਹੈ ਅਤੇ ਚੌਥਾ ਕਦਮ ਉਠਾ ਕੇ ਅੰਦਰੋਂ ਹਉਮੈ ਦਾ ਸ਼ਿਕਾਰ ਮਾਰਦਾ ਹੈ। ਜਦ ਹਉਮੈ ਖ਼ਤਮ ਹੋ ਜਾਂਦੀ ਹੈ ਤਾਂ ਫਿਰ ਵਾਹਿਗੁਰੂ ਦੇ ਜਾਪ ਵਿਚ ਇਕਮਿਕ ਹੋ ਜਾਂਦਾ ਹੈ ਅਤੇ ਸਿਮਰਨ ਦਾ ਭੋਜਨ ਛਕਦਾ ਹੋਇਆ ਤ੍ਰਿਪਤ ਹੋ ਜਾਂਦਾ ਹੈ। ਗੁਰੂ ਸਾਹਿਬ ਦਾ ਫ਼ੁਰਮਾਨ ਹੈ:

**ਤ੍ਰਿਪਤਿ ਭਈ ਸਚੁ ਭੋਜਨੁ ਖਾਇਆ॥**
**ਮਨਿ ਤਨਿ ਰਸਨਾ ਨਾਮੁ ਧਿਆਇਆ॥** *(ਧਨਾਸਰੀ ਮ: ੫, ਪੰਨਾ 684)*

ਪਰਮਾਤਮਾ ਨਾਲ ਇਕਮਿਕ ਹੋ ਜਾਣਾ ਹੀ ਸਾਡੀ ਮੰਜ਼ਲ ਹੈ, ਇਸ ਮੰਜ਼ਲ 'ਤੇ ਪਹੁੰਚਣ ਲਈ ਸਿਮਰਨ ਤੇ ਚਿੰਤਨ ਦੇ ਮਾਰਗ 'ਤੇ ਚੱਲਣਾ ਹੀ ਸਹੀ ਮਾਰਗ ਹੈ।

ਸਤਿਗੁਰੂ ਕਿਰਪਾ ਕਰਨ, ਅਸੀਂ ਉਝੜ ਵਾਲੇ ਰਸਤਿਆਂ ਤੋਂ ਬਚ ਕੇ ਸਹੀ ਮਾਰਗ 'ਤੇ ਚੱਲ ਸਕੀਏ।

ਪਹਿਚਾਣ ਆ ਜਾਏ ਕਿ ਉਝੜ ਕੀ ਹੈ ਤੇ ਮਾਰਗ ਕੀ ਹੈ?

ਅਗਿਆਨਤਾ ਦਾ ਜੀਵਨ ਉਝੜ ਹੈ, ਗਿਆਨ ਦੀ ਅਵਸਥਾ ਹੀ ਮਾਰਗ ਹੈ।

ਇਹੀ ਹੈ ਬਿਬੇਕ ਪ੍ਰਕਾਸ਼ ਰਾਹੀਂ ਮਾਰਗ ਤੇ ਉਝੜ ਦੀ ਪਹਿਚਾਣ।

•

Sri Satguru Jagjit Singh Ji eLibrary NamdhariElibrary@gmail.com

# ਕਾਂ ਅਤੇ ਕੋਇਲ ਦਾ ਜੀਵਨ

ਵੇਖਣ ਨੂੰ ਤਾਂ ਕਾਂ ਵੀ ਕਾਲਾ ਹੈ ਅਤੇ ਕੋਇਲ ਵੀ ਕਾਲੀ ਹੈ, ਪਰ ਦੋਹਾਂ ਦੇ ਜੀਵਨ ਵਿਚ ਬਹੁਤ ਹੀ ਫ਼ਰਕ ਹੈ। ਸੁਭਾਉ ਵਿਚ ਬਹੁਤ ਫ਼ਰਕ ਹੈ, ਭੋਜਨ ਵਿਚ ਬਹੁਤ ਫ਼ਰਕ ਹੈ। ਮਨਮੁਖ ਵੀ ਹੂ-ਬ-ਹੂ ਕਾਂ ਦੀ ਤਰ੍ਹਾਂ ਹੈ। ਦੇਖਣ ਨੂੰ ਸਰੀਰ ਦੇ ਸਾਰੇ ਅੰਗ ਇੱਕੋ ਜਿਹੇ ਹੀ ਨਜ਼ਰ ਆਉਂਦੇ ਹਨ, ਪਰ ਸੁਭਾਉ ਵਿਚ, ਵਿਚਾਰਾਂ ਵਿਚ ਬਹੁਤ ਫ਼ਰਕ ਹੈ।

ਜਿਵੇਂ ਕਾਂ ਚੰਗੀਆਂ ਵਧੀਆ ਚੀਜ਼ਾਂ ਛੱਡ ਕੇ ਗੰਦਗੀ ਖਾ ਕੇ ਹੀ ਆਨੰਦਿਤ ਹੁੰਦਾ ਹੈ, ਬੜਾ ਖ਼ੁਸ਼ ਹੁੰਦਾ ਹੈ ਜਦ ਗੰਦਾ ਵਾਤਾਵਰਣ ਮਿਲ ਜਾਏ।

ਗੁਰੂ ਸਾਹਿਬ ਦਾ ਫ਼ੁਰਮਾਨ ਹੈ ਕਿ:

**ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥**

*(ਗੂਜਰੀ ਮ: ੪, ਪੰਨਾ 493)*

ਤਿਵੇਂ ਹੀ ਮਨਮੁਖ ਦੀ ਆਦਤ ਹੈ। ਸਿਮਰਨ ਛੱਡ ਕੇ ਜੀਣਾ; ਸਤਸੰਗ ਛੱਡ ਕੇ, ਸ਼ੁਭ ਆਚਰਣ ਛੱਡ ਕੇ, ਅੰਮ੍ਰਿਤ ਨਾਮ ਦਾ ਭੋਜਨ ਛੱਡ ਕੇ ਜੋ ਕੁਝ ਵੀ ਕਰਦਾ ਹੈ, ਉਹ ਗੰਦਗੀ ਵਿਚ ਚੁੰਝਾਂ ਮਾਰਨ ਦੇ ਬਰਾਬਰ ਹੈ।

ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:

**ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥**
**ਕਾਗ ਬਤਨ ਬਿਸਟਾ ਮਹਿ ਵਾਸ ॥** *(ਗਉੜੀ ਮਹਲਾ ੫, ਪੰਨਾ 239)*

ਸਿਆਣਾ ਬੰਦਾ ਤਾਂ ਕਦੀ ਵੀ ਐਸੇ ਮਨਮੁਖ ਦੀ ਸੰਗਤ ਵਿਚ ਨਹੀਂ ਬੈਠੇਗਾ। ਮਨਮੁਖ ਨੇ ਸੰਸਾਰ ਦੀ ਚਰਚਾ ਕਰਨੀ ਹੈ, ਅਤੇ ਗੁਰਮੁਖ ਨੇ ਹਰੀ ਦੀ ਚਰਚਾ ਕਰਨੀ ਹੈ, ਇਸ ਬਾਰੇ ਇਕ ਕਥਾ ਹੈ:

ਇਕ ਕਾਂ ਕਿਤੇ ਉੱਡਦਾ ਉੱਡਦਾ ਭੁਲੇਖੇ ਨਾਲ ਮਾਨ ਸਰੋਵਰ 'ਤੇ ਪੁੱਜ ਗਿਆ। ਇਥੇ ਹੰਸਾਂ ਦਾ ਨਿਵਾਸ ਹੈ। ਪਾਣੀ ਪੀਣ ਲਈ ਕਾਂ ਸਰੋਵਰ ਕਿਨਾਰੇ ਆ ਬੈਠਾ। ਇਥੇ ਇਸ ਕਾਂ ਨੇ ਪਾਣੀ ਪੀਤਾ ਤੇ ਕੁਝ ਪੰਛੀ ਤੱਕੇ। ਕਾਂ ਨੇ ਕੁਝ ਸਮਾਂ ਇਥੇ ਗੁਜ਼ਾਰਿਆ ਤੇ ਇਕ ਹੰਸ ਨਾਲ ਮਿੱਤਰਤਾ ਬਣਾ ਲਈ। ਜਿਵੇਂ ਕਿ ਜਾਨਵਰਾਂ ਦੀਆਂ ਆਪਣੀਆਂ ਭਾਸ਼ਾਵਾਂ ਨੇ, ਕੁਝ ਵਾਰਤਾਲਾਪ ਹੋਇਆ ਤੇ ਕਾਂ ਆਪਣੇ ਮਿੱਤਰ ਹੰਸ ਨੂੰ ਕਹਿਣ ਲੱਗਾ ਕਿ ਚੱਲ ਹੁਣ ਮੈਂ ਤੈਨੂੰ ਆਪਣਾ ਘਰ ਦਿਖਾਵਾਂ, ਆਪਣਾ ਇਲਾਕਾ ਦਿਖਾਵਾਂ। ਹੰਸ ਕਾਂ ਨਾਲ ਉੱਡ ਪਿਆ। ਕਾਫ਼ੀ ਸਮਾਂ ਉੱਡਣ ਤੋਂ ਬਾਅਦ ਕਾਂ ਉਸ ਹੰਸ ਨੂੰ ਆਪਣੇ

Sri Satguru Jagjit Singh Ji eLibrary NamdhariElibrary@gmail.com

ਆਲ੍ਹਣੇ ਦੇ ਪਾਸ ਲੈ ਆਇਆ। ਦੋਵੇਂ ਆਲ੍ਹਣੇ ਵਾਲੇ ਦਰੱਖ਼ਤ ਉੱਤੇ ਆ ਬੈਠੇ। ਹੰਸ ਨੇ ਤੱਕਿਆ ਕਿ ਚਾਰ ਚੁਫੇਰੇ ਗੰਦਗੀ ਦੇ ਢੇਰ ਲੱਗੇ ਹੋਏ ਹਨ। ਬਦਬੂ ਹੀ ਬਦਬੂ ਆ ਰਹੀ ਹੈ। ਹੰਸ ਬੜਾ ਪਰੇਸ਼ਾਨ ਹੋਇਆ ਤੇ ਕਹਿਣ ਲੱਗਾ ਕਿ ਤੂੰ ਇਹੋ ਜਿਹੀ ਗੰਦੀ ਜਗ੍ਹਾ 'ਤੇ ਰਹਿੰਦਾ ਹੈਂ, ਇਥੇ ਤਾਂ ਘੜੀ ਭਰ ਵੀ ਬੈਠਣਾ ਮੁਸ਼ਕਲ ਹੈ, ਤੂੰ ਇਥੇ ਕਿਵੇਂ ਰਹਿੰਦਾ ਹੈਂ, ਤੂੰ ਤਾਂ ਇਹੋ ਜਿਹੀ ਗੰਦੀ ਜਗ੍ਹਾ ਦੀ ਸਿਫ਼ਤ ਕਰਿਆ ਕਰਦਾ ਸੈਂ!

ਅੱਗੋਂ ਕਾਂ ਝਟਪਟ ਮੌਕਾ ਸੰਭਾਲਦਾ ਹੋਇਆ ਬੋਲਿਆ, ਕਿ ਨਹੀਂ ਦੋਸਤ, ਮੈਂ ਇਥੇ ਨਹੀਂ ਰਹਿੰਦਾ, ਇਥੇ ਤਾਂ ਜ਼ਰਾ ਆਰਾਮ ਕਰਨ ਲਈ ਰੁਕੇ ਹਾਂ। ਅਜੇ ਮੇਰਾ ਘਰ ਨਹੀਂ ਆਇਆ। ਚੱਲ ਚੱਲੀਏ ਆਪਣੇ ਘਰ। ਇਹ ਆਖ ਕੇ ਕਾਂ ਉੱਡਿਆ ਤੇ ਹੰਸ ਵੀ ਉੱਡ ਪਿਆ। ਕਾਂ ਨੇ ਅੰਦਰੋਂ ਵਿਚਾਰ ਕੀਤੀ ਕਿ ਇਸ ਨੇ ਮੇਰੇ ਘਰ ਦੀ ਨਿੰਦਾ ਕੀਤੀ ਹੈ, ਇਸ ਨੂੰ ਸਬਕ ਸਿਖਾਂਦਾ ਹਾਂ। ਇਹ ਸੋਚ ਕੇ ਕਾਂ ਇਕ ਅਮੀਰ ਦੇ ਬਾਗ਼ ਵਿਚ ਆ ਪਹੁੰਚਿਆ ਤੇ ਜਿਸ ਦਰੱਖ਼ਤ ਥੱਲੇ ਬਾਗ਼ ਦਾ ਮਾਲਿਕ ਆਰਾਮ ਕਰ ਰਿਹਾ ਸੀ, ਉਸ ਦਰੱਖ਼ਤ ਉੱਤੇ ਹੰਸ ਨੂੰ ਨਾਲ ਲੈ ਕੇ ਆ ਬੈਠਾ ਤੇ ਕਹਿਣ ਲੱਗਾ ਕਿ ਇਹ ਮੇਰਾ ਘਰ ਹੈ। ਹੰਸ ਚਾਰ ਚੁਫੇਰੇ ਦੇ ਸੁੰਦਰ ਵਾਤਾਵਰਣ ਨੂੰ ਵੇਖ ਕੇ ਖ਼ੁਸ਼ ਹੋ ਰਿਹਾ ਸੀ। ਏਨੇ ਨੂੰ ਕਾਂ ਨੇ ਮਾਲਿਕ ਦੇ ਉੱਤੇ ਵਿੱਠ ਕਰ ਦਿੱਤੀ। ਬਾਗ਼ ਦੇ ਮਾਲਿਕ ਨੇ ਨੌਕਰਾਂ ਨੂੰ ਹੁਕਮ ਕੀਤਾ ਕਿ ਦੇਖੋ, ਉਪਰ ਕਿਹੜਾ ਜਾਨਵਰ ਹੈ। ਗੋਲੀ ਮਾਰ ਦਿਓ ਉਸ ਜਾਨਵਰ ਨੂੰ ਜਿਸ ਨੇ ਵਿੱਠ ਕੀਤੀ ਹੈ। ਜਦੋਂ ਨੌਕਰ ਉਪਰ ਦੇਖ ਕੇ ਬੰਦੂਕ ਨਾਲ ਗੋਲੀ ਮਾਰਨ ਲੱਗਾ ਤਾਂ ਕਾਂ ਬੜੀ ਚੁਸਤੀ ਨਾਲ ਇਕਦਮ ਉੱਡ ਗਿਆ ਤੇ ਗੋਲੀ ਹੰਸ ਦੇ ਜਾ ਲੱਗੀ। ਹੰਸ ਥੱਲੇ ਆ ਡਿੱਗਾ। ਮਰਦਾ ਹੋਇਆ ਰੋ ਰਿਹਾ ਸੀ ਕਿ ਵਿੱਠ ਤਾਂ ਕਾਂ ਨੇ ਕੀਤੀ ਪਰ ਮਾਰਿਆ ਮੈਂ ਗਿਆ। ਇਕ ਵਿਦਵਾਨ ਨੇ ਹੰਸ ਦੇ ਅੰਦਰੋਂ ਉੱਠੀ ਆਵਾਜ਼ ਨੂੰ ਆਪਣੀ ਭਾਸ਼ਾ ਵਿਚ ਇੰਝ ਕਲਮਬੰਦ ਕੀਤਾ ਹੈ:

*ਨਾ ਹੰ ਕਾਕੋ, ਹਤੋ ਰਾਜਨ, ਹੰਸੋ ਅਹੰ ਨਿਰਮਲ ਜਲੇ।*
*ਨੀਚ ਸੰਗ ਪ੍ਰਭਾਵੇਨ ਜਾਤੋ ਜਨਮ ਨਿਰਾਰਥਕਮ।*

ਮਰਦੇ ਹੋਏ ਹੰਸ ਨੂੰ ਪਹਿਲੀ ਵਾਰ ਪਤਾ ਲੱਗਾ ਕਿ ਇਹ ਪੰਖੀ ਤਾਂ ਹੈ ਪਰ ਚੰਗਾ ਪੰਖੀ ਨਹੀਂ ਹੈ। ਇਹ ਖੋਟਾ ਪੰਖੀ ਹੈ, ਇਸ ਨੂੰ ਕੁਪੰਖੀ ਵੀ ਆਖ ਸਕਦੇ ਹਾਂ। ਜਿਵੇਂ ਗੁਰੂ ਸਾਹਿਬ ਦਾ ਫ਼ੁਰਮਾਨ ਹੈ:

**ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥**
**ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥**

*(ਵਾਰਾਂ ਤੇ ਵਧੀਕ ਮ: ੧, ਪੰਨਾ 1411)*

ਤਿਵੇਂ ਹੀ ਮਨਮੁਖ ਦੀ ਸੰਗਤ ਵਿਚ ਬੈਠ ਕੇ ਜਗਿਆਸੂ ਆਪਣਾ ਨੁਕਸਾਨ ਕਰ ਬੈਠਦਾ ਹੈ। ਇਸ ਕਰਕੇ ਜਿਵੇਂ ਕਾਂ ਦਾ ਸੁਭਾਅ ਗੰਦਾ ਹੈ ਤਿਵੇਂ ਹੀ ਮਨਮੁਖ ਦਾ ਸੁਭਾਅ ਵੀ ਆਚਰਨਹੀਣ ਹੁੰਦਾ ਹੈ। ਜਿਵੇਂ *ਸਾਰਕੁਤਾਵਲੀ* ਦਾ ਕਰਤਾ ਲਿਖਦਾ ਹੈ ਕਿ:

*ਨਿਜ ਯੁਵਤੀ ਕੇ ਹੋਤ ਹੀ ਸਠ ਲਪਟੇਂ ਪਰ ਨਾਰ।*
*ਭਲੇ ਤਾਲ ਸਭ ਠੌਰ ਪਰ ਕਾਗ ਅਚੇ ਘਟ ਵਾਰ।*

Sri Satguru Jagjit Singh Ji eLibrary NamdhariElibrary@gmail.com

ਜਿਵੇਂ ਚਾਰ ਚੁਫੇਰੇ ਭਾਵੇਂ ਕਿੰਨਾ ਹੀ ਪਾਣੀ ਤਲਾਬ ਆਦਿਕਾਂ ਵਿਚ ਹੋਵੇ ਪਰ ਕਾਂ ਕਿਸੇ ਦੇ ਘਰ ਜਾ ਕੇ ਘੜੇ ਵਿਚ ਹੀ ਚੁੰਝਾਂ ਮਾਰਦਾ ਹੈ। ਤਿਵੇਂ ਹੀ ਭਾਵੇਂ ਆਪਣੀ ਪਤਨੀ ਵੀ ਹੋਵੇ, ਪਰ ਕਾਂ ਬਿਰਤੀ ਵਾਲਾ ਬੰਦਾ ਦੂਜੀਆਂ ਔਰਤਾਂ 'ਤੇ ਹੀ ਦ੍ਰਿਸ਼ਟੀ ਰੱਖਦਾ ਹੈ।

ਜਿਵੇਂ ਕਾਂ ਦੀ ਬੋਲੀ ਬੇਸੁਰੀ ਹੁੰਦੀ ਹੈ ਤੇ ਕੋਇਲ ਦੀ ਬੋਲੀ ਸੁਰ ਵਿਚ ਹੁੰਦੀ ਹੈ। ਕਾਂ ਦੀ ਬੋਲੀ ਤੋਂ ਘਰ ਵਾਲੇ ਤੰਗ ਆ ਜਾਂਦੇ ਹਨ ਤੇ ਆਖ ਦਿੰਦੇ ਹਨ ਕਿ ਇਸ ਨੇ ਐਵੇਂ ਕਾਂ-ਕਾਂ ਲਾਈ ਹੋਈ ਹੈ, ਉਡਾ ਦਿਓ ਇਸ ਨੂੰ। ਪਰ ਕੋਇਲ ਦੀ ਬੋਲੀ ਨੂੰ ਸੁਣਨ ਲਈ ਲੋਗ ਖ਼ੁਦ ਬਾਗ਼ਾਂ ਵਿਚ ਜਾਂਦੇ ਹਨ। ਕੋਇਲ ਦੀ ਬੋਲੀ ਬੜੀ ਪਿਆਰੀ ਲੱਗਦੀ ਹੈ। ਤਿਵੇਂ ਹੀ ਮਨਮੁਖ ਦੇ ਬੋਲਾਂ ਵਿਚ ਝਗੜਾ ਹੈ, ਕੌੜਾ ਬੋਲ ਹੈ, ਨਿੰਦਿਆ ਹੈ, ਝੂਠ ਹੈ। ਇਹ ਸਭ ਬੇਸੁਰ ਦੀ ਤਰ੍ਹਾਂ ਹੀ ਬੋਲਣਾ ਹੈ। ਗੁਰਮੁਖ ਜਨ ਨਿੰਦਿਆ, ਝੂਠ, ਝਗੜੇ ਆਦਿਕ ਦੀ ਕਾਂ-ਕਾਂ ਤੋਂ ਪਰੇਸ਼ਾਨ ਹੋ ਜਾਂਦੇ ਹਨ। ਗੁਰਮੁਖ ਦੇ ਜੀਵਨ ਦੀ ਅਵਸਥਾ ਵੀ ਕੋਇਲ ਦੀ ਕੂਕ ਦੀ ਤਰ੍ਹਾਂ ਹੈ। ਜਦ ਕੋਇਲ ਬੋਲਦੀ ਹੈ ਤਾਂ ਬੜਾ ਮਿੱਠਾ ਬੋਲਦੀ ਹੈ, ਤਿਵੇਂ ਹੀ ਗੁਰਮੁਖ ਦੀ ਬੋਲੀ ਮਿੱਠੀ ਹੈ, ਪਿਆਰ ਵਾਲੀ ਹੈ, ਮਿਲਾਪ ਵਾਲੀ ਹੈ, ਸਿਮਰਨ ਵਾਲੀ ਬੋਲੀ ਹੈ। ਗੁਰਮੁਖ ਤਾਂ ਹਰ ਵੇਲੇ ਲੋਚਦਾ ਹੈ ਕਿ ਐ ਪਰਮਾਤਮਾ, ਮੇਰੇ 'ਤੇ ਐਸੀ ਕਿਰਪਾ ਕਰ ਕਿ ਮੈਂ ਕੋਇਲ ਦੀ ਤਰ੍ਹਾਂ ਜੀਵਨ ਬਣਾ ਲਵਾਂ। ਜਿਵੇਂ ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:

**ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ ॥**
**ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥**

*(ਗਉੜੀ ਬੈਰਾਗਣਿ ਮ: ੧, ਪੰਨਾ 157)*

ਕਿਤੇ ਮੈਨੂੰ ਸਤਸੰਗ ਰੂਪੀ ਅੰਬ ਦਾ ਬੂਟਾ ਮਿਲ ਜਾਏ। ਸਤਸੰਗ ਵਿਚ ਬੈਠ ਕੇ ਗੁਰੂ ਦੇ ਸ਼ਬਦ ਦੀ ਵਿਚਾਰ ਕਰ ਕੇ ਸਹਿਜ ਅਵਸਥਾ ਦੀ ਪ੍ਰਾਪਤੀ ਕਰ ਲਵਾਂ। ਪਰਮਾਤਮਾ ਮਿਲ ਜਾਏ ਤਾਂ ਅੰਬ ਦੀ ਤਰ੍ਹਾਂ ਮਿੱਠੇ ਫਲ, ਠੰਡੀ ਛਾਂ ਵਾਲੀ ਗੱਲ ਬਣ ਜਾਏ। ਸੰਪੂਰਨ ਸੁਖ ਮਿਲ ਜਾਣ। ਜਿਵੇਂ ਗੁਰੂ ਸਾਹਿਬ ਜੀ ਕਥਨ ਕਰਦੇ ਹਨ:

**ਜਿਨ੍ੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥**

*(ਸੂਹੀ ਮਹਲਾ ੧, ਪੰਨਾ 762)*

ਜਿਵੇਂ ਕੋਇਲ ਦੇ ਅੰਦਰ ਪਿਰ ਮਿਲਣ ਦੀ ਚਾਹ ਹੈ, ਤਿਵੇਂ ਗੁਰਮੁਖ ਅੰਦਰ ਪ੍ਰਭੂ ਮਿਲਣ ਦੀ ਤਾਂਘ ਹੈ। ਕਿਸੇ ਨੇ ਕੋਇਲ ਨੂੰ ਪੁੱਛਿਆ ਕਿ ਤੂੰ ਬੋਲਦੀ ਬੜਾ ਸੋਹਣਾ ਹੈਂ ਪਰ ਰੰਗ ਬਹੁਤ ਕਾਲਾ ਹੈ, ਤਾਂ ਕੋਇਲ ਕਹਿਣ ਲੱਗੀ ਕਿ ਮੈਂ ਆਪਣੇ ਪ੍ਰੀਤਮ ਦੇ ਵਿਛੋੜੇ ਵਿਚ ਰਹਿੰਦੀ ਹਾਂ। ਪ੍ਰੀਤਮ ਨੂੰ ਮਿਲਣ ਲਈ ਕੂਕ ਕੂਕ ਕੇ ਸੜਦੀ ਰਹਿੰਦੀ ਹਾਂ ਤੇ ਜਿਹੜੀ ਚੀਜ਼ ਸੜਦੀ ਰਹਿੰਦੀ ਹੈ, ਉਹ ਕਾਲੀ ਹੋ ਜਾਂਦੀ ਹੈ। ਮੈਂ ਵੀ ਸੜ ਸੜ ਕੇ ਕਾਲੀ ਹੋ ਗਈ ਹਾਂ:

**ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥**
**ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥** *(ਸੂਹੀ ਫਰੀਦ ਜੀ, ਪੰਨਾ 794)*

Sri Satguru Jagjit Singh Ji eLibrary NamdhariElibrary@gmail.com

ਕਿਧਰੇ ਕੋਇਲ ਦੀ ਤਰ੍ਹਾਂ ਕਿਸੇ ਦਾ ਜੀਵਨ ਬਣ ਜਾਵੇ ਤਾਂ ਪ੍ਰਭੂ-ਮਿਲਾਪ ਦਾ ਕਾਰਨ ਬਣ ਸਕਦਾ ਹੈ। ਪਰ ਪ੍ਰਭੂ-ਮਿਲਾਪ ਤੋਂ ਬਿਨਾਂ ਜੀਵਨ ਖ਼ਾਲੀ ਹੀ ਹੈ।

ਭਾਵੇਂ ਕਾਂ ਨੂੰ ਕਿੰਨਾ ਵੀ ਸਿਖਾਇਆ ਜਾਵੇ, ਉਹ ਆਪਣੀ ਬੋਲੀ ਨਹੀਂ ਛੱਡਦਾ, ਉਹ ਕਾਂ-ਕਾਂ ਹੀ ਕਰੇਗਾ ਪਰ ਜੇ ਤੋਤੇ ਨੂੰ ਪੜ੍ਹਾਈਏ ਤਾਂ ਉਹ ਪੜ੍ਹ ਜਾਂਦਾ ਹੈ। ਕਵੀ ਗਿਰਧਰ ਰਾਇ ਜੀ ਲਿਖਦੇ ਹਨ :

*ਕਾਗ ਜੁ ਪਾਇਆ ਪਿੰਜਰੇ, ਪੜ੍ਹ ਗਿਆ ਚਾਰੇ ਵੇਦ।*
*ਬੋਲੀ ਮੇਂ ਪਲਟਿਓ ਨਹੀਂ, ਰਹਿਓ ਢੇਡ ਕਾ ਢੇਡ।*

ਤਿਵੇਂ ਹੀ ਮਨਮੁਖ ਭਾਵੇਂ ਮਿਹਨਤ ਕਰ ਕੇ ਕਿੰਨੀ ਵੀ ਧਾਰਮਿਕ ਵਿਦਿਆ ਪੜ੍ਹ ਜਾਏ, ਪਰ ਮਨਮੁਖਤਾ ਵਾਲਾ ਸੁਭਾਅ ਨਹੀਂ ਛੱਡ ਸਕਦਾ। ਆਪਣੇ ਔਗੁਣ ਅਤੇ ਵਿਕਾਰਾਂ ਨਾਲ ਸੰਬੰਧ ਤਿਵੇਂ ਹੀ ਬਣਿਆ ਰਹਿੰਦਾ ਹੈ। ਪਰ ਫਿਰ ਵੀ ਜੇਕਰ ਪਰਮਾਤਮਾ ਦੀ ਕਿਰਪਾ ਹੋ ਜਾਵੇ ਤਾਂ ਕਾਂ ਦੇ ਜੀਵਨ ਨੂੰ ਬਦਲ ਕੇ ਹੰਸ ਦਾ ਜੀਵਨ ਬਣਾ ਸਕਦਾ ਹੈ। ਫ਼ੁਰਮਾਨ ਹੈ :

**ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥**

*(ਸਲੋਕ ਸੇਖ ਫਰੀਦ, ਮ: ੧, ਪੰਨਾ 1384)*

ਪ੍ਰਭੂ-ਕਿਰਪਾ ਤੋਂ ਬਿਨਾਂ ਲੱਖ ਜਤਨ ਕਰਨ 'ਤੇ ਵੀ ਕੋਇਲ ਦੀ ਤਰ੍ਹਾਂ ਜੀਵਨ ਨਹੀਂ ਬਣ ਸਕਦਾ।

ਇਕ ਬੜੀ ਸੁੰਦਰ ਗਾਥਾ ਹੈ—ਇਕ ਰਾਜੇ ਦਾ ਬਾਗ਼ ਸੀ। ਰਾਣੀ ਸੈਰ ਕਰਨ ਲਈ ਬਾਗ਼ ਵਿਚ ਗਈ ਤਾਂ ਇਕ ਅੰਬ ਦੇ ਬੂਟੇ 'ਤੇ ਬੈਠੀ ਕੋਇਲ ਬੋਲ ਰਹੀ ਸੀ। ਰਾਣੀ ਦੇ ਕੰਨਾਂ ਵਿਚ ਅੱਜ ਪਹਿਲੀ ਵਾਰੀ ਕੋਇਲ ਦੀ ਮਿੱਠੀ ਮਿੱਠੀ ਕੂਕ ਪਈ ਸੀ। ਰਾਣੀ ਦਾ ਮਨ ਕੋਇਲ ਦੀ ਬੋਲੀ ਸੁਣ ਕੇ ਮੋਹਿਤ ਹੋ ਗਿਆ, ਬੜੀ ਹੀ ਪ੍ਰਸੰਨ ਹੋਈ ਤੇ ਮਨ ਵਿਚ ਨਿਸਚਾ ਕਰ ਲਿਆ ਕਿ ਇਹ ਜੋ ਜਾਨਵਰ ਇਤਨਾ ਸੁੰਦਰ ਬੋਲਦਾ ਹੈ, ਇਸ ਨੂੰ ਮੈਂ ਪਿੰਜਰੇ ਵਿਚ ਬੰਦ ਕਰ ਕੇ ਪਾਸ ਹੀ ਰੱਖਾਂਗੀ ਤੇ ਇਸ ਦੀ ਮਿੱਠੀ ਮਿੱਠੀ ਆਵਾਜ਼ ਹਰ ਰੋਜ਼ ਸੁਣਿਆ ਕਰਾਂਗੀ। ਪਰ ਚੂੰਕਿ ਰਾਣੀ ਇਸ ਜਾਨਵਰ ਦੀ ਸ਼ਕਲ ਤੋਂ ਵੀ ਵਾਕਫ਼ ਨਹੀਂ ਸੀ, ਬਾਗ਼ ਵਿੱਚੋਂ ਜਲਦੀ ਵਾਪਸ ਆਈ ਅਤੇ ਆ ਕੇ ਰਾਜੇ ਨੂੰ ਕਹਿਣ ਲੱਗੀ ਕਿ ਉਹ ਜਾਨਵਰ ਚਾਹੀਦਾ ਹੈ, ਜਿਹੜਾ ਬਹੁਤ ਹੀ ਸੁੰਦਰ ਬੋਲੀ ਬੋਲਦਾ ਹੈ। ਜਲਦੀ ਹੀ ਉਹ ਜਾਨਵਰ ਪਕੜਵਾ ਕੇ ਦਿਓ। ਇਕਦਮ ਬਹੁਤ ਹੀ ਜਲਦੀ ਕਰੋ।

ਰਾਜੇ ਨੇ ਝਟਪਟ ਨੌਕਰਾਂ ਨੂੰ ਬੁਲਾਇਆ ਤੇ ਕਹਿਣ ਲੱਗਾ ਕਿ ਝਟਪਟ ਉਹ ਜਾਨਵਰ ਪਕੜ ਕੇ ਲਿਆਓ, ਜਿਹੜਾ ਬਹੁਤ ਹੀ ਸੁੰਦਰ ਬੋਲੀ ਬੋਲਦਾ ਹੈ। ਜਲਦੀ ਕਰੋ। ਨੌਕਰ ਝਟਪਟ ਦੌੜੇ, ਚਾਰ-ਚੁਫੇਰੇ ਬਹੁਤ ਵੱਡੇ ਵੱਡੇ ਜਾਲ ਲਗਾ ਦਿੱਤੇ ਗਏ ਤੇ ਬਹੁਤ ਸਾਰੇ ਪੰਛੀ ਜਾਲ ਵਿਚ ਫਸਾ ਲਏ। ਹੁਣ ਬਹੁਤ ਸਾਰੇ ਪੰਛੀ ਜਾਲ ਵਿਚ ਹਨ, ਪਰ ਇਹਨਾਂ ਵਿੱਚੋਂ ਕਿਹੜਾ ਪੰਛੀ ਸੁੰਦਰ ਬੋਲੀ ਬੋਲਦਾ ਹੋਵੇਗਾ, ਇਹਨਾਂ ਸੋਚਾਂ ਵਿਚ ਸਾਰੇ ਨੌਕਰ ਹਨ। ਸਾਰੇ ਜਾਨਵਰਾਂ ਨੂੰ ਇਕ ਇਕ ਕਰ ਕੇ ਨੌਕਰ ਦੇਖ ਰਹੇ

Sri Satguru Jagjit Singh Ji eLibrary NamdhariElibrary@gmail.com

ਹਨ, ਵਿਚਾਰ ਕੀਤੀ ਕਿ ਸੁੰਦਰ ਬੋਲੀ ਉਹ ਹੀ ਬੋਲਦਾ ਹੋਵੇਗਾ, ਜਿਹੜਾ ਦੇਖਣ ਨੂੰ ਵੀ ਸੁੰਦਰ ਹੋਵੇਗਾ। ਇਸ ਤਰ੍ਹਾਂ ਵਿਚਾਰ ਕਰ ਕੇ ਜਦ ਸਾਰੇ ਪੰਛੀਆਂ ਨੂੰ ਤੱਕਿਆ ਤਾਂ ਇਹਨਾਂ ਸਾਰਿਆਂ ਵਿੱਚੋਂ ਚੱਕੀਰਾਹਾ ਬਹੁਤ ਸੁੰਦਰ ਨਜ਼ਰ ਆਇਆ। ਇਹਨਾਂ ਨੌਕਰਾਂ ਨੇ ਚੱਕੀਰਾਹੇ ਨੂੰ ਪਕੜ ਕੇ ਪਿੰਜਰੇ ਵਿਚ ਪਾ ਲਿਆ ਅਤੇ ਰਾਜਾ ਸਾਹਿਬ ਦੇ ਪਾਸ ਲੈ ਆਂਦਾ। ਰਾਜੇ ਨੇ ਰਾਣੀ ਨੂੰ ਇਹ ਸੁੰਦਰ ਪੰਛੀ ਦੇ ਦਿੱਤਾ। ਹੁਣ ਰਾਣੀ ਇਸ ਸੁੰਦਰ ਪੰਛੀ ਨੂੰ ਦੇਖ ਕੇ ਬੜੀ ਖ਼ੁਸ਼ ਹੈ। ਇਸ ਨੂੰ ਤਰ੍ਹਾਂ ਤਰ੍ਹਾਂ ਦੇ ਭੋਜਨ ਖਾਣ ਨੂੰ ਦਿੰਦੀ ਹੈ ਪਰ ਇਹ ਪੰਛੀ ਭੋਜਨ ਨਹੀਂ ਖਾਂਦਾ। ਇਸ ਪੰਛੀ ਨੂੰ ਬੁਲਾਣ ਦਾ ਜਤਨ ਕਰਦੀ ਹੈ, ਕਹਿੰਦੀ ਹੈ ਕਿ ਵੇ ਬੋਲ ਕੁਝ! ਪਰ ਇਹ ਬੋਲਦਾ ਕੁਝ ਨਹੀਂ। ਬੜੀ ਹੀ ਪਰੇਸ਼ਾਨ ਹੋਈ। ਅਖ਼ੀਰ ਜਦ ਉਹ ਕੁਝ ਵੀ ਨਹੀਂ ਬੋਲਿਆ ਤਾਂ ਪੰਛੀਆਂ ਦੇ ਇਲਾਜ ਕਰਨ ਵਾਲੇ ਨੂੰ ਬੁਲਾਇਆ ਗਿਆ ਕਿ ਦੇਖੋ ਇਹ ਪੰਛੀ ਕੁਝ ਬੀਮਾਰ ਜਾਪਦਾ ਹੈ। ਕੁਝ ਸਮਾਂ ਪਹਿਲਾਂ ਮੈਂ ਬਾਗ਼ ਵਿਚ ਗਈ ਸਾਂ, ਬਹੁਤ ਹੀ ਸੁੰਦਰ ਬੋਲੀ ਬੋਲ ਰਿਹਾ ਸੀ, ਬੜੀ ਸੁੰਦਰ ਕੂਕ ਸੀ, ਪਰ ਹੁਣ ਇਹ ਨਹੀਂ ਬੋਲਦਾ। ਇਸ ਦਾ ਕੋਈ ਇਲਾਜ ਕਰੋ। ਹਕੀਮ, ਪੰਛੀਆਂ ਦੀ ਪਰਖ ਰੱਖਣ ਵਾਲਾ ਬੜਾ ਸਿਆਣਾ ਸੀ। ਇਸ ਨੇ ਸਾਰੀ ਹਕੀਕਤ ਸੁਣ ਕੇ ਵਿਚਾਰਿਆ ਕਿ ਇਹ ਤਾਂ ਕਿਸੇ ਹੋਰ ਹੀ ਪੰਛੀ ਨੂੰ ਪਕੜੀ ਬੈਠੀ ਹੈ, ਇਹ ਕਿਵੇਂ ਮਿੱਠੀ ਕੂਕ ਸੁਣਾ ਸਕਦਾ ਹੈ। ਰਾਣੀ ਨੂੰ ਕਹਿਣ ਲੱਗਾ ਕਿ:

*ਮੀਠੇ ਬੋਲ, ਬੋਲ ਗਈ ਕਵੂਆ। ਪਕੜਾ ਗਿਆ ਵਿਚਾਰਾ ਢਬੂਆ।*
*ਇਹ ਮੀਠੇ ਬੋਲ ਕਹਾਂ ਸੇ ਲਾਏ। ਕਹੇਂ ਤਾਂ ਟਕ ਟਕ ਕਰ ਸੁਣਾਏ।*

ਜਦ ਰਾਣੀ ਨੂੰ ਇਹ ਪਤਾ ਚੱਲਿਆ ਕਿ ਇਹ ਤਾਂ ਬਾਹਰੋਂ ਹੀ ਸੋਹਣਾ ਹੈ, ਇਸ ਦੀ ਬੋਲੀ ਸੋਹਣੀ ਨਹੀਂ ਹੈ, ਤਾਂ ਝਟਪਟ ਇਸ ਨੂੰ ਪਿੰਜਰੇ ਵਿੱਚੋਂ ਬਾਹਰ ਕੱਢ ਕੇ ਉਡਾ ਦਿੱਤਾ।

ਇਹ ਗਾਥਾ ਬੜੀ ਮਹੱਤਵਪੂਰਨ ਹੈ ਕਿ ਬੰਦਾ ਬਾਹਰੋਂ ਬੜਾ ਸੋਹਣਾ ਨਜ਼ਰ ਆਉਂਦਾ ਹੈ ਪਰ ਸਿਮਰਨ ਭਰੇ ਮਿੱਠੇ ਸ਼ਬਦਾਂ ਤੋਂ ਸੱਖਣਾ ਹੈ। ਜੀਵਨ ਵਿਚ ਉਹ ਖ਼ੁਦ ਵੀ ਆਨੰਦਿਤ ਨਹੀਂ ਹੈ ਤੇ ਦੂਸਰਿਆਂ ਨੂੰ ਵੀ ਆਨੰਦਿਤ ਨਹੀਂ ਕਰ ਸਕਦਾ।

ਸਿਮਰਨ ਵਿਚ ਜੁੜਿਆ ਬੰਦਾ ਹੀ ਆਨੰਦ ਪੈਦਾ ਕਰ ਸਕਦਾ ਹੈ। ਸਿਮਰਨ ਵਿਚ ਜੁੜਿਆ ਹੀ ਹਿਰਦੇ ਵਿਚ ਲੱਗੀ ਮੈਲ ਧੋ ਸਕਦਾ ਹੈ। ਜੇਕਰ ਸਿਮਰਨ ਵਿਚ ਰੁਚੀ ਨਹੀਂ ਹੈ ਤਾਂ ਭਾਵੇਂ ਕਿੰਨਾ ਵੀ ਯਤਨ ਕਰੇ, ਮਨ ਦੀ ਗੰਦੀ ਆਦਤ ਦੂਰ ਨਹੀਂ ਹੋ ਸਕਦੀ। ਭਾਈ ਸਾਹਿਬ ਭਾਈ ਗੁਰਦਾਸ ਜੀ ਕਥਨ ਕਰਦੇ ਹਨ:

**ਜੈਸੇ ਤਉ ਕਹੈ ਮੰਜਾਰ ਕਰਉ ਨ ਅਹਾਰ ਮਾਸ,**
**ਮੂਸਾ ਦੇਖਿ ਪਾਛੈ ਦਉਰੇ ਧੀਰ ਨ ਧਰਤ ਹੈ॥**
**ਜੈਸੇ ਕਊਆ ਰੀਸ ਕੈ ਮਰਾਲ ਸਭਾ ਜਾਇ ਬੈਠੇ,**
**ਛਾਡਿ ਮੁਕਤਾਹਲ ਦੁਰਗੰਧ ਸਿਮਰਤ ਹੈ॥**
**ਜੈਸੇ ਮੋਨਿ ਗਹਿ ਸਿਆਰ ਕਰਤ ਅਨੇਕ ਜਤਨ,**
**ਸੁਨਤ ਸਿਆਰ ਭਾਖਿਆ ਰਹਿਓ ਨ ਪਰਤ ਹੈ॥**

Sri Satguru Jagjit Singh Ji eLibrary NamdhariElibrary@gmail.com

**ਤੈਸੋ ਪਰ ਤਨ ਪਰ ਧਨ ਦੂਖਨਾ ਤ੍ਰਿਦੋਖ ਮਨ,**
**ਕਹਤ ਕੈ ਛਾਡਿਓ ਚਾਹੈ ਟੇਵ ਨ ਟਰਤ ਹੈ ॥੫੩੯॥**

ਭਾਈ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਵੇਂ ਬਿੱਲੀ ਨੇ ਸਲਾਹ ਕਰ ਲਈ, ਕਿ ਮੈਂ ਅੱਜ ਤੋਂ ਮਾਸ ਦਾ ਭੋਜਨ ਨਹੀਂ ਕਰਾਂਗੀ, ਅੱਜ ਤੋਂ ਚੂਹੇ ਖਾਣੇ ਛੱਡ ਦਿੱਤੇ। ਦੁੱਧ ਜਾਂ ਰੋਟੀ ਆਦਿਕ ਖਾ ਕੇ ਗੁਜ਼ਾਰਾ ਕਰ ਲਿਆ ਕਰਾਂਗੀ। ਇਹ ਫ਼ੈਸਲਾ ਕਰ ਕੇ ਬੈਠੀ ਸੀ, ਥੋੜੀ ਹੀ ਦੇਰ ਹੋਈ, ਚੂਹਾ ਨਿਕਲ ਆਇਆ। ਜਦੋਂ ਚੂਹਾ ਸਾਹਮਣੇ ਤੱਕਿਆ, ਤਾਂ ਕੀਤਾ ਫ਼ੈਸਲਾ ਭੁੱਲ ਗਈ, ਛਾਲ ਮਾਰੀ, ਝਟਪਟ ਚੂਹਾ ਪਕੜ ਕੇ ਖਾ ਗਈ। ਧੀਰਜ ਕੋਈ ਨਾ ਰਹਿ ਗਿਆ। ਹੂ-ਬ-ਹੂ ਬੰਦਾ ਸਤਸੰਗ ਵਿਚ ਬੈਠ ਕੇ, ਗੁਰੂ ਦਾ ਉਪਦੇਸ਼ ਸੁਣ ਕੇ ਫ਼ੈਸਲਾ ਕਰ ਬੈਠਦਾ ਹੈ ਕਿ ਹੁਣ ਵਿਸ਼ੇ-ਵਿਕਾਰਾਂ ਦੀ ਤਰਫ਼ ਨਹੀਂ ਜਾਣਾ, ਪਰ ਜਦੋਂ ਜੀਵਨ ਹੀ ਮਨਮੁਖਤਾ ਵਾਲਾ ਹੈ ਤਾਂ ਮਨ ਵੀ ਟਿਕਾਉ ਵਿਚ ਨਹੀਂ ਰਹਿੰਦਾ। ਜਿਵੇਂ ਆਮ ਕਹਾਵਤ ਹੈ ਕਿ ਬਿੱਲੀ ਨੂੰ ਚੂਹਿਆਂ ਦੇ ਹੀ ਸੁਪਨੇ ਆਉਂਦੇ ਹਨ, ਤਿਵੇਂ ਹੀ ਜੇਕਰ ਹਰ ਸਮੇਂ ਅੰਦਰੋਂ ਸੰਬੰਧ ਹੀ ਸੰਸਾਰ ਨਾਲ ਜੁੜਿਆ ਹੋਇਆ ਹੈ ਤਾਂ ਜੀਵਨ ਦਾ ਸਾਰਾ ਬਲ ਹੀ ਸੰਸਾਰਕ ਪਦਾਰਥਾਂ ਦੀ ਤਰਫ਼ ਦੌੜਨ ਵਾਲਾ ਹੋ ਜਾਂਦਾ ਹੈ।

ਦੂਸਰੇ ਉਦਾਹਰਣ ਵਿਚ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਜਿਵੇਂ ਕਾਂ ਹੰਸਾਂ ਦੀ ਰੀਸ ਕਰ ਕੇ ਫ਼ੈਸਲਾ ਕਰ ਲਵੇ ਕਿ ਮੈਂ ਗੰਦਗੀ ਖਾਣੀ ਛੱਡ ਕੇ ਮੋਤੀ ਖਾਇਆ ਕਰਾਂਗਾ। ਹੰਸਾਂ ਦੀ ਸਭਾ ਵਿਚ ਜਾ ਬੈਠੇ ਤੇ ਹੰਸਾਂ ਦਾ ਕੱਢਿਆ ਮੋਤੀ, ਥੱਲੇ ਡਿੱਗਾ ਹੋਇਆ, ਮੂੰਹ ਵਿਚ ਪਾ ਲਵੇ। ਪਰ ਇਸ ਨੂੰ ਸਵਾਦ ਕੋਈ ਨਹੀਂ ਆਉਂਦਾ। ਮੂੰਹ ਵਿੱਚੋਂ ਬਾਹਰ ਸੁੱਟ ਦਿੰਦਾ ਹੈ ਤੇ ਫਿਰ ਗੰਦਗੀ ਨੂੰ ਹੀ ਯਾਦ ਕਰਦਾ ਹੈ ਤੇ ਕਹਿੰਦਾ ਹੈ ਕਿ ਆਪਣਾ ਹੀ ਭੋਜਨ ਬਹੁਤ ਸਵਾਦ ਹੈ। ਤਿਵੇਂ ਹੀ ਜੇਕਰ ਅੰਦਰੋਂ ਸੰਸਾਰ ਨਾਲ ਪ੍ਰੀਤ ਹੈ, ਬਾਹਰੋਂ ਦੇਖਾ-ਦੇਖੀ ਸਤਸੰਗ ਵਿਚ ਭਾਵੇਂ ਕੋਈ ਮਨੁੱਖ ਆ ਵੀ ਜਾਵੇ, ਤਾਂ ਉਸ ਨੂੰ ਸਤਸੰਗ ਵਿੱਚੋਂ ਆਨੰਦ ਨਹੀਂ ਅਉਂਦਾ। ਉਹ ਤਾਂ ਸੰਸਾਰੀ ਬੰਦਿਆਂ ਦੀ ਮਹਿਫ਼ਿਲ ਵਿਚ ਹੀ ਬੈਠ ਕੇ ਖ਼ੁਸ਼ ਰਹਿੰਦਾ ਹੈ।

ਅੱਗੇ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਜਿਵੇਂ ਗਿੱਦੜ ਪ੍ਰਣ ਕਰ ਲਵੇ ਕਿ ਮੈਂ ਐਵੇਂ ਵਾਧੂ ਹੀ ਬੋਲਦਾ ਰਹਿੰਦਾ ਹਾਂ, ਮੈਂ ਹੁਣ ਬੋਲਣਾ ਛੱਡ ਕੇ ਤੇ ਮੋਨ ਧਾਰਨ ਕਰ ਲਵਾਂ। ਪਰ ਜਿਉਂ ਹੀ ਕਿਧਰੇ ਕੋਈ ਗਿੱਦੜ ਬੋਲਦਾ ਹੈ ਤਾਂ ਇਕ ਦੂਜੇ ਦੀ ਆਵਾਜ਼ ਸੁਣ ਕੇ ਸਾਰੇ ਹੀ ਗਿੱਦੜ ਬੋਲਣੇ ਸ਼ੁਰੂ ਹੋ ਜਾਂਦੇ ਹਨ, ਇਸ ਨੇ ਵੀ ਬੋਲਣਾ ਸ਼ੁਰੂ ਕਰ ਦਿੱਤਾ। ਜੇਕਰ ਜੀਵਨ ਗਿੱਦੜ ਦਾ ਹੈ ਤਾਂ ਗਿੱਦੜਾਂ ਦੀ ਆਵਾਜ਼ ਸੁਣ ਕੇ ਚੁੱਪ ਰਹਿਣਾ ਮੁਸ਼ਕਲ ਹੈ। ਤਿਵੇਂ ਹੀ ਮਨਮੁਖ ਵੀ ਮਨਮੁਖਾਂ ਵਿਚ ਬੈਠ ਕੇ ਮਨਮੁਖਤਾਈ ਦੇ ਬੋਲ ਬੋਲਣ ਦਾ ਸੁਭਾਅ ਨਹੀਂ ਛੱਡ ਸਕਦੇ।

ਭਾਵੇਂ ਬੰਦਾ ਸਤਸੰਗ ਵਿਚ ਬੈਠ ਕੇ ਗੁਰੂ-ਬਾਣੀ ਸੁਣਦਾ ਹੈ:

**ਪਰ ਧਨ ਪਰ ਦਾਰਾ ਪਰਹਰੀ ॥ ਤਾ ਕੈ ਨਿਕਟਿ ਬਸੈ ਨਰਹਰੀ ॥**

*(ਭੈਰਉ ਨਾਮਦੇਉ ਜੀ, ਪੰਨਾ 1163)*

ਕਿ ਬਿਗਾਨਾ ਧਨ 'ਤੇ ਬਿਗਾਨੀ ਇਸਤਰੀ ਤਿਆਗਣ ਨਾਲ ਪਰਮਾਤਮਾ ਦੀ ਪ੍ਰਾਪਤੀ ਹੋਂਦੀ ਹੈ, ਫਿਰ ਵੀ ਹਿਰਦਾ ਮੈਲ ਦੇ ਕਾਰਣ ਇਹਨਾਂ ਨੂੰ ਛੱਡ ਨਹੀਂ ਸਕਦਾ।

**ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥**

*(ਸੋਰਠਿ ਮ: ੯, ਪੰਨਾ 632)*

ਭਾਈ ਸਾਹਿਬ ਭਾਈ ਗੁਰਦਾਸ ਜੀ ਉਪਰੋਕਤ ਕਬਿੱਤ ਦੀ ਚੌਥੀ ਪੰਕਤੀ ਵਿਚ ਕਥਨ ਕਰਦੇ ਹਨ ਕਿ ਬੰਦਾ ਵੀ ਹਿਰਦੇ ਵਿਚ ਤਿੰਨ ਦੋਸ਼ ਹੋਣ ਦੇ ਕਾਰਣ ਪਰ-ਧਨ ਤੇ ਪਰ-ਤਨ ਨੂੰ ਮੁਖੋਂ ਹੀ ਕਹਿਣ ਨਾਲ ਨਹੀਂ ਛੱਡ ਸਕਦਾ। ਹਿਰਦੇ ਵਿਚ ਤਿੰਨ ਦੋਸ਼ ਹਨ—ਮਲ, ਵਿਖੇਪ ਤੇ ਆਵਰਣ। ਅੰਤਹਕਰਣ ਵਿਚ ਬਹੁਤ ਹੀ ਭੋਗ ਭੋਗਣ ਦੀ ਬਿਰਤੀ ਹਰ ਵੇਲੇ ਬਣੀ ਰਹਿਣੀ, ਇਸ ਦਾ ਨਾਮ ਮਲ ਦੋਸ਼ ਹੈ। ਨਿਤਨੇਮ ਕਰਨ ਲੱਗਿਆਂ ਜਾਂ ਕੀਰਤਨ, ਕਥਾ ਸ੍ਵਣ ਕਰਦਿਆਂ ਮਨ ਦਾ ਕਿਸੇ ਹੋਰ ਜਗ੍ਹਾ 'ਤੇ ਦੌੜ ਜਾਣਾ, ਇਹ ਵਿਖੇਪ ਦੋਸ਼ ਹੈ। ਗੁਰੂ ਸਾਹਿਬ ਜੀ ਇਸ ਅਵਸਥਾ ਦਾ ਜ਼ਿਕਰ ਕਰਦੇ ਹਨ :

**ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ ॥**

*(ਧਨਾਸਰੀ ਮ: ੯, ਪੰਨਾ 685)*

ਤਥਾ :

**ਚੰਚਲੁ ਸੁਪਨੈ ਹੀ ਉਰਝਾਇਓ ॥** *(ਦੇਵਗੰਧਾਰੀ ੫, ਪੰਨਾ 531)*

ਅਤੇ ਫਿਰ ਕਬੀਰ ਜੀ ਨੇ ਕਿਹਾ ਹੈ ਕਿ :

**ਦੀਸੈ ਚੰਚਲੁ ਬਹੁ ਗੁਨਾ ਮਤਿ ਹੀਨਾ ਨਾਪਾਕ ॥** *(ਸਲੋਕ ਕਬੀਰ ਜੀ, ਪੰਨਾ 1371)*

ਵਿਖੇਪ ਦੋਸ਼ ਦਾ ਸਰੂਪ ਗੁਰਬਾਣੀ ਵਿਚ ਸਪਸ਼ਟ ਹੈ :

**ਭਰਮੇ ਭੂਲਾ ਦਹ ਦਿਸਿ ਧਾਵੈ ॥ ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ ॥**

*(ਗਉੜੀ ਸੁਖਮਨੀ ਮ: ੫, ਪੰਨਾ 277)*

ਇਸ ਵਿਖੇਪ ਦੋਸ਼ ਦੇ ਕਾਰਣ ਮਨ ਟਿਕਾਉ ਵਿਚ ਨਹੀਂ ਰਹਿੰਦਾ। ਤੀਸਰਾ ਦੋਸ਼ ਹੈ—ਆਵਰਣ। ਮਨ 'ਤੇ ਹਉਮੈ ਦਾ ਪਰਦਾ ਹੋਣ ਦੇ ਕਾਰਣ ਪਰਮਾਤਮਾ ਦਾ ਦਰਸ਼ਨ ਨਹੀਂ ਹੋ ਰਿਹਾ, ਇਸ ਦਾ ਨਾਮ ਆਵਰਣ ਹੈ, ਜਿਸ ਬਾਰੇ ਗੁਰਬਾਣੀ ਦਾ ਫ਼ੁਰਮਾਨ ਹੈ :

**ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥**
**ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥**

*(ਰਾਗੁ ਸੋਰਠਿ ਮ: ੫, ਪੰਨਾ 624)*

ਇਸ ਤਰ੍ਹਾਂ ਜਿਸ ਹਿਰਦੇ ਵਿਚ ਇਹ ਤਿੰਨ ਦੋਸ਼ ਹਨ, ਉਹ ਹਿਰਦਾ ਤਾਂ ਅਤਿ ਮੈਲਾ ਹੈ। ਇਤਨਾ ਮਲੀਨ ਹਿਰਦਾ ਵਿਸ਼ੇ-ਵਿਕਾਰਾਂ ਵਿਚ ਹੀ ਰੁਚੀ ਰੱਖਦਾ ਹੈ। ਮੈਲੇ ਹਿਰਦੇ ਨੂੰ ਕਿਵੇਂ ਸਾਫ਼ ਕੀਤਾ ਜਾ ਸਕਦਾ ਹੈ, ਇਸ ਬਾਰੇ ਅਗ੍ਹਲੇ ਪ੍ਰਸੰਗ ਵਿਚ ਕੋਸ਼ਿਸ਼ ਕੀਤੀ ਗਈ ਹੈ ਤਾਕਿ ਅਸੀਂ ਹਿਰਦਾ ਸ਼ੁੱਧ ਕਰ ਸਕੀਏ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਕਿਰਪਾ ਕਰਨ, ਜੀਵਨ ਇਤਨਾ ਨਿਰਮਲ ਹੋ ਜਾਵੇ ਕਿ ਕਾਂ ਬਿਰਤੀ ਤੋਂ ਹੰਸ ਵਰਗਾ ਜੀਵਨ ਬਣ ਜਾਵੇ।

ਆਪਣੇ ਜੀਵਨ ਨੂੰ ਜ਼ਰੂਰ ਵਿਚਾਰੀਏ ਕਿ ਜੀਵਨ ਕਾਂ ਦੀ ਤਰ੍ਹਾਂ ਹੈ ਜਾਂ ਕੋਇਲ ਦੀ ਤਰ੍ਹਾਂ ਹੈ ?

ਨਿਰਮਲ ਵਿਚਾਰ ਕੋਇਲ ਦਾ ਜੀਵਨ ਹੈ, ਭੈੜੇ ਵਿਚਾਰ ਕਾਂ ਦਾ ਜੀਵਨ ਹਨ। ਵਿਵੇਕੀ ਬੁੱਧ ਕੋਇਲ ਤੇ ਅਵਿਵੇਕੀ ਕਾਂ ਦੀ ਸੋਝੀ ਪ੍ਰਾਪਤ ਕਰ ਲੈਂਦੀ ਹੈ।

•

Sri Satguru Jagjit Singh Ji eLibrary NamdhariElibrary@gmail.com

# ਮੈਲਾ ਮਨ—ਨਿਰਮਲ ਮਨ

ਜਿਸ ਮਨ ਵਿਚ ਮੈਲ ਹੈ, ਉਹ ਮੈਲਾ ਮਨ ਦੁਨੀਆ ਦੇ ਕਾਰ-ਵਿਹਾਰ ਵਿਚ ਬੜਾ ਪ੍ਰਸੰਨ ਰਹਿੰਦਾ ਹੈ। ਮਨ ਮੈਲਾ ਤਦ ਹੀ ਹੁੰਦਾ ਹੈ, ਜੇਕਰ ਮਨ ਵਿਚ ਸਿਮਰਨ ਨਹੀਂ ਹੈ, ਹਰੀ ਨਾਮ ਤੋਂ ਸੱਖਣਾ ਹੋਣਾ ਹੀ ਮੈਲੇ ਮਨ ਦੀ ਨਿਸ਼ਾਨੀ ਹੈ। ਮੈਲੇ ਮਨ ਵਿਚ ਹਰ ਇਕ ਵਿਚਾਰ ਭੈੜਾ ਹੀ ਪੈਦਾ ਹੁੰਦਾ ਹੈ। ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:

**ਮੈਲਾ ਹਰਿ ਕੇ ਨਾਮ ਬਿਨੁ ਜੀਉ ॥** *(ਸਾਰਗ ਮ: ੫, ਪੰਨਾ 1224)*

ਤਥਾ:

**ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥**
*(ਵਡਹੰਸੁ ਮ: ੩, ਪੰਨਾ 558)*

ਸ੍ਰੀ ਗੁਰੂ ਨਾਨਕ ਦੇਵ ਜੀ ਜਿਥੇ ਵੀ ਗਏ, ਓਥੇ ਹੀ ਮੈਲ ਨੂੰ ਸਾਫ਼ ਕਰ ਕੇ ਸ਼ੁਧ ਹਿਰਦਾ ਬਣਾਉਣ ਦਾ ਉਪਦੇਸ਼ ਦਿੱਤਾ। ਸੱਜਣ ਠੱਗ ਪਾਸ ਪਹੁੰਚੇ ਸਨ ਤਾਂ ਤੱਕਿਆ ਸੀ ਕਿ ਬਾਹਰੋਂ ਬੜਾ ਸਾਫ਼ ਨਜ਼ਰ ਆਉਂਦਾ ਹੈ, ਸੇਵਾ-ਭਾਵ ਬਹੁਤ ਹੈ। ਬਾਹਰੋਂ ਹਰ ਇਕ ਨੂੰ ਪਰਮ ਮਿੱਤਰ ਬਣ ਕੇ ਵਰਤਾਓ ਕਰਦਾ ਹੈ, ਪਰ ਅੰਦਰੋਂ ਸਭ ਦਾ ਦੁਸ਼ਮਣ ਹੈ। ਬਾਹਰ ਦੇ ਵਰਤਾਰੇ ਵਿਚ ਸੱਜਣ ਆਪਣੇ ਕੋਲੋਂ ਖ਼ਰਚ ਕਰਦਾ ਨਜ਼ਰ ਆਉਂਦਾ ਹੈ, ਪਰ ਅੰਦਰੋਂ ਸਭ ਦਾ ਮਾਲ ਠੱਗਣ ਦੀ ਸਕੀਮ ਬਣਾਈ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਖ ਦਿੱਤਾ ਸੀ ਕਿ ਇਹ ਬਾਹਰ ਦੀ ਸਫ਼ਾਈ ਦਾ ਕੋਈ ਲਾਭ ਨਹੀਂ ਹੈ। ਇਹ ਤਾਂ ਕੈਂਹ ਦਾ ਭਾਂਡਾ ਹੀ ਹੈ, ਬਾਹਰੋਂ ਬੜਾ ਸਾਫ਼ ਤੇ ਚਮਕਦਾ ਨਜ਼ਰ ਆਉਂਦਾ ਹੈ, ਪਰ ਅੰਦਰ ਦੀ ਕਾਲਖ ਝਟਪਟ ਰਗੜਨ 'ਤੇ ਪਰਗਟ ਹੋ ਜਾਂਦੀ ਹੈ:

**ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥**
**ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥** *(ਸੂਹੀ ਮ: ੧, ਪੰਨਾ 729)*

ਇਹ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੀ ਕਿਰਪਾ ਹੈ ਕਿ ਸੱਜਣ ਨੂੰ ਅੰਦਰੋਂ ਵੀ ਸੱਜਣ ਬਣਾ ਦਿੱਤਾ, ਅੰਦਰੋਂ ਵੀ ਸਾਫ਼ ਕਰ ਦਿੱਤਾ। ਕਿਸੇ ਅਦੀਬ ਨੇ ਬੜਾ ਸੁਚੇਤ ਕੀਤਾ ਹੈ ਕਿ:

*ਦੇਖ ਕਰ ਮਤ ਭੂਲਨਾ ਬਾਹਰ ਕੀ ਸਫ਼ਾਈ ਪਰ।*
*ਵਰਕ ਸੋਨੇ ਕਾ ਲਗਾ ਹੈ, ਗੋਬਰ ਕੀ ਮਿਠਾਈ ਪਰ।*

Sri Satguru Jagjit Singh Ji eLibrary NamdhariElibrary@gmail.com

ਜਿਸ ਮਨੁੱਖ ਦੇ ਹਿਰਦੇ ਵਿਚ ਮਲ, ਵਿਖੇਪ ਤੇ ਆਵਰਣ ਦੀ ਮੈਲ ਹੈ, ਉਸ ਨੂੰ ਸਾਫ਼ ਕਰਨ ਲਈ ਨਿਸ਼ਕਾਮ ਕਰਮ, ਧਿਆਨ ਅਤੇ ਪੂਰਨ ਪਰਮਾਤਮਾ ਦੇ ਗਿਆਨ ਦੀ ਜ਼ਰੂਰਤ ਹੈ। ਜਿਵੇਂ ਕਿ ਨਿਸ਼ਕਾਮ ਕਰਮ ਕਰਨ ਲਈ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ:

**ਕਰਮ ਕਰਤ ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥**

*(ਗਉੜੀ ਸੁਖਮਨੀ ਮ: ੫, ਪੰਨਾ 274)*

ਭਾਵੇਂ ਚੰਗੇ ਕਰਮ ਕਈ ਤਰ੍ਹਾਂ ਦੇ ਹਨ ਪਰ ਸਭ ਤੋਂ ਸ੍ਰੇਸ਼ਟ ਕਰਮ ਗੁਰੂ ਦੀ ਸੇਵਾ ਹੈ ਅਤੇ ਗੁਰੂ ਦੀ ਸੇਵਾ ਰਾਹੀਂ ਮਨ ਦੀ ਮੈਲ ਸਾਫ਼ ਹੋ ਜਾਂਦੀ ਹੈ:

**ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥**

*(ਵਡਹੰਸ ਕੀ ਵਾਰ, ਮ: ੩, ਪੰਨਾ 593)*

ਸੇਵਾ ਕਰਦਿਆਂ ਦੁਨੀਆ ਦੀਆਂ ਚੀਜ਼ਾਂ ਦੀ ਮੰਗ ਨਹੀਂ ਹੋਵੇਗੀ, ਸੇਵਾ ਨਾਲ ਮਨ ਦੀ ਮੈਲ ਸਾਫ਼ ਹੋਵੇਗੀ ਅਤੇ ਪਰਮਾਤਮਾ ਦਾ ਮਿਲਾਪ ਹੋ ਜਾਵੇਗਾ:

**ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥**

*(ਗਉੜੀ ਸੁਖਮਨੀ ਮ: ੫, ਪੰਨਾ 286)*

ਜਿਵੇਂ ਹੱਥ ਪੈਰ ਤੇ ਹੋਰ ਸਰੀਰ 'ਤੇ ਮਿੱਟੀ ਆਦਿਕ ਲੱਗ ਜਾਵੇ ਤਾਂ ਮੈਲੇ ਸਰੀਰ ਨੂੰ ਪਾਣੀ ਨਾਲ ਧੋ ਕੇ ਸਾਫ਼ ਕਰ ਲਿਆ ਜਾਂਦਾ ਹੈ। ਜੇ ਕੱਪੜਾ ਮੈਲਾ ਹੋ ਜਾਵੇ ਤਾਂ ਉਸ ਨੂੰ ਸਾਬਣ ਨਾਲ ਸਾਫ਼ ਕਰ ਲਿਆ ਜਾਂਦਾ ਹੈ, ਪਰ ਮੈਲਾ ਹਿਰਦਾ ਸੇਵਾ ਅਤੇ ਸਿਮਰਨ ਨਾਲ ਸਾਫ਼ ਹੁੰਦਾ ਹੈ:

**ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥**
**ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥**
**ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥**

*(ਜਪੁ ਜੀ, ਪੰਨਾ 4)*

ਜਦ ਕੱਪੜੇ ਮੈਲੇ ਹੋ ਗਏ ਤਾਂ ਮੈਲੇ ਕੱਪੜੇ ਧੋਬੀ ਨੂੰ ਦਿੱਤੇ ਗਏ। ਧੋਬੀ ਨੇ ਕੱਪੜੇ ਇਕੱਠੇ ਕਰ ਕੇ ਪਾਣੀ ਵਾਲੇ ਘਾਟ 'ਤੇ ਲਿਜਾ ਕੇ ਸਾਫ਼ ਕਰ ਦਿੱਤੇ। ਜਦੋਂ ਮਾਨਸਿਕ ਮੈਲ ਨੂੰ ਤੱਕਿਆ ਤਾਂ ਸਤਿਗੁਰੂ ਪਾਸ ਆ ਪੁੱਜੇ, ਸਤਸੰਗ ਰੂਪੀ ਘਾਟ 'ਤੇ ਆ ਪਹੁੰਚੇ। ਸਤਿਗੁਰੂ ਦੀ ਸੇਵਾ ਕੀਤੀ। ਗੁਰੂ ਖ਼ੁਸ਼ ਹੋ ਗਏ। ਸਿਖ ਦੇ ਹਿਰਦੇ ਦੀ ਮੈਲ ਸਾਫ਼ ਕਰ ਦਿੱਤੀ। ਭਗਤ ਨਾਮਦੇਵ ਜੀ ਫ਼ੁਰਮਾਨ ਕਰਦੇ ਹਨ:

**ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ ॥**
**ਪੀਛੈ ਤਿਨਕਾ ਲੈ ਕਰਿ ਹਾਂਕਤੀ ॥**
**ਜੈਸੇ ਪਨਕਤ ਥ੍ਰੂਟਿਟਿ ਹਾਂਕਤੀ ॥**
**ਸਰਿ ਧੋਵਨ ਚਾਲੀ ਲਾਡੁਲੀ ॥ਰਹਾਉ॥**
**ਧੋਬੀ ਧੋਵੈ ਬਿਰਹ ਬਿਰਾਤਾ ॥**
**ਹਰਿ ਚਰਨ ਮੇਰਾ ਮਨੁ ਰਾਤਾ ॥**

Sri Satguru Jagjit Singh Ji eLibrary NamdhariElibrary@gmail.com

**ਭਣਤਿ ਨਾਮਦੇਉ ਰਮਿ ਰਹਿਆ ॥**
**ਅਪਨੇ ਭਗਤ ਪਰ ਕਰਿ ਦਇਆ ॥** *(ਬਸੰਤੁ ਬਾਣੀ ਨਾਮਦੇਉ ਜੀ ਕੀ, ਪੰਨਾ 1196)*

ਇਕ ਬੜੀ ਸੁੰਦਰ ਕਥਾ ਹੈ—ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਦਰਬਾਰ ਵਿਚ ਭਾਈ ਜੋਧ ਜੀ ਬੜੀ ਸੇਵਾ ਕਰਿਆ ਕਰਦੇ ਸਨ। ਲੰਗਰ ਤਿਆਰ ਕਰਨ ਲਈ ਜਮਈਏ ਦੀ ਸੇਵਾ ਸੰਭਾਲੀ ਹੋਈ ਸੀ ਅਤੇ ਨਾਲ ਹੀ ਸੰਗਤਾਂ ਨੂੰ ਲੰਗਰ ਵਰਤਾਣ ਦੀ ਸੇਵਾ ਵੀ ਕਰਿਆ ਕਰਦੇ ਸਨ। ਉਪਰੰਤ ਜੂਠੀਆਂ ਪੱਤਲਾਂ ਖ਼ੁਦ ਹੀ ਹੱਥੀਂ ਚੁੱਕ ਕੇ ਬਾਹਰ ਸੁੱਟਦੇ ਸਨ ਅਤੇ ਜੂਠੀਆਂ ਪੱਤਲਾਂ ਵਿੱਚੋਂ ਜੂਠਾ ਭੋਜਨ ਹੀ ਰੱਖ ਲੈਣਾ ਅਤੇ ਆਪ ਉਹੀ ਜੂਠਾ ਭੋਜਨ ਛਕ ਲਿਆ ਕਰਦੇ ਸਨ। ਇਸ ਤਰ੍ਹਾਂ ਬਹੁਤ ਹੀ ਨਿੰਮ੍ਰਤਾ ਸਹਿਤ ਸੇਵਾ ਕਰਦਿਆਂ ਕਾਫ਼ੀ ਸਮਾਂ ਬੀਤ ਗਿਆ। ਇਕ ਦਿਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਭੋਜਨ ਛਕਣ ਲੱਗੇ ਤਾਂ ਭਾਈ ਜੋਧ ਜੀ ਨੂੰ ਬੁਲਾਇਆ ਅਤੇ ਪਾਸ ਬਿਠਾ ਕੇ ਆਪਣੇ ਭੋਜਨ ਵਿੱਚੋਂ ਭਾਈ ਜੋਧ ਜੀ ਨੂੰ ਭੋਜਨ ਦਿੱਤਾ। ਭਾਈ ਜੋਧ ਜੀ ਨੇ ਸਤਿਗੁਰਾਂ ਦੇ ਹੱਥੋਂ ਭੋਜਨ ਲੈ ਕੇ ਬੜੇ ਅਦਬ ਨਾਲ ਭੋਜਨ ਛਕਿਆ। ਮਨ ਵਿਚ ਇਤਨੀ ਨਿਰਮਲਤਾ ਆ ਗਈ ਕਿ ਧਿਆਨ ਵਿਚ ਹਰ ਸਮੇਂ ਸਤਿਗੁਰਾਂ ਦੇ ਹੀ ਦਰਸ਼ਨ ਹੋਣ ਲੱਗ ਪਿਆ। (ਇਹ ਗੱਲ ਜ਼ਰੂਰ ਧਿਆਨ ਵਿਚ ਰੱਖਣ ਵਾਲੀ ਹੈ ਕਿ ਜਦੋਂ ਮਨ ਵਿਚ ਨਿਰਮਲਤਾ ਆ ਜਾਂਦੀ ਹੈ, ਫਿਰ ਹਿਰਦਾ ਟਿਕ ਜਾਂਦਾ ਹੈ, ਮਨ ਦੀ ਚੰਚਲਤਾ ਮਿਟ ਜਾਂਦੀ ਹੈ ਤਾਂ ਅੰਦਰ ਹੀ ਦਰਸ਼ਨ ਹੁੰਦੇ ਰਹਿੰਦੇ ਹਨ।) ਫਿਰ ਉਸ ਦਿਨ ਤੋਂ ਬਾਅਦ ਭਾਈ ਜੋਧ ਜੀ ਨੇ ਜੂਠੀਆਂ ਪੱਤਲਾਂ ਵਿੱਚੋਂ ਜੂਠਾ ਭੋਜਨ ਛਕਣਾ ਬੰਦ ਕਰ ਦਿੱਤਾ। ਹੁਣ ਹਰ ਰੋਜ਼ ਸੁੱਚਾ ਭੋਜਨ ਖਾਣਾ ਸ਼ੁਰੂ ਕਰ ਦਿੱਤਾ। ਕਿਸੇ ਸਿਖ ਨੇ ਕਿਹਾ ਕਿ ਭਾਈ ਜੋਧ ਜੀ, ਹੁਣ ਕੀ ਗੱਲ ਹੈ, ਪਹਿਲਾਂ ਤਾਂ ਤੁਸੀਂ ਬੜੀ ਨਿਮਰਤਾ ਵਿਚ ਰਹਿੰਦੇ ਸੀ, ਜੋ ਕਿ ਜੂਠਾ ਭੋਜਨ ਛਕ ਕੇ ਹੀ ਗੁਜ਼ਾਰਾ ਕਰਦੇ ਸੀ। ਜਾਪਦਾ ਹੈ ਕਿ ਹੁਣ ਫਿਰ ਆਪਣੀ ਉਚ ਜਾਤੀ (ਬ੍ਰਾਹਮਣ) ਹੋਣ ਦਾ ਅਹੰਕਾਰ ਆ ਗਿਆ ਹੈ। ਭਾਈ ਜੋਧ ਜੀ ਨੇ ਕਿਹਾ ਕਿ ਨਹੀਂ, ਗੁਰੂ ਕੇ ਸਿੱਖਾ, ਇਹ ਗੱਲ ਨਹੀਂ ਹੈ। ਜ਼ਰਾ ਧਿਆਨ ਦੇ ਕੇ ਸੁਣ—ਜਦ ਮੈਂ ਇਸ ਦਰਬਾਰ ਵਿਚ ਆਇਆ ਸਾਂ ਤਾਂ ਅੰਦਰ ਉਚ ਜਾਤੀ ਦਾ ਕੁਝ ਅਹੰਕਾਰ ਮੌਜੂਦ ਸੀ। ਅੰਦਰੋਂ ਅਹੰਕਾਰ ਦੀ ਮੈਲ ਨੂੰ ਦੂਰ ਕਰਨ ਹਿਤ ਮੈਂ ਹਰ ਰੋਜ਼ ਜੂਠਾ ਲੰਗਰ ਛਕਦਾ ਸਾਂ ਤਾਕਿ ਅੰਦਰੋਂ ਮੈਲ ਦੂਰ ਹੋ ਜਾਵੇ। ਸੇਵਾ ਕਰਦਿਆਂ ਸਮਾਂ ਬੀਤਦਾ ਗਿਆ। ਗੁਰੂ ਪ੍ਰਸੰਨ ਹੋ ਗਏ। ਉਨ੍ਹਾਂ ਆਪਣੇ ਪਾਵਨ ਹੱਥਾਂ ਨਾਲ ਪ੍ਰਸ਼ਾਦ ਦਿੱਤਾ। ਪਾਵਨ ਨੇਤਰਾਂ ਨਾਲ ਕਿਰਪਾ ਦ੍ਰਿਸ਼ਟੀ ਕਰ ਦਿੱਤੀ। ਹਿਰਦਾ ਹੁਣ ਇਤਨਾ ਨਿਰਮਲ ਹੋ ਗਿਆ ਹੈ ਕਿ ਜਦ ਮੈਂ ਨੇਤਰ ਬੰਦ ਕਰ ਕੇ ਅੰਦਰ ਹਿਰਦੇ ਵਿਚ ਤੱਕਦਾ ਹਾਂ ਤਾਂ ਮੈਨੂੰ ਹਿਰਦੇ ਵਿਚ ਸਤਿਗੁਰੂ ਜੀ ਹੀ ਨਜ਼ਰ ਆਉਂਦੇ ਹਨ ਤੇ ਅੰਦਰ ਬੈਠੇ ਸਤਿਗੁਰੂ ਜੀ ਨੂੰ ਮੈਂ ਜੂਠੇ ਭੋਜਨ ਦਾ ਭੋਗ ਕਿਵੇਂ ਲਗਾਵਾਂ!

ਇਹ ਇਤਿਹਾਸਕ ਘਟਨਾ ਬੜੀ ਮਹੱਤਵਪੂਰਨ ਹੈ ਕਿ ਜਦੋਂ ਹਿਰਦਾ ਸੇਵਾ ਨਾਲ ਨਿਰਮਲ ਹੋ ਜਾਂਦਾ ਹੈ ਤਾਂ ਹਿਰਦੇ ਵਿਚ ਹੀ ਦਰਸ਼ਨ ਕੀਤੇ ਜਾ ਸਕਦੇ ਹਨ।

ਸੇਵਾ ਕਰਦਿਆਂ ਮਨ ਨਿਰਮਲ ਹੁੰਦਾ ਹੈ, ਫਿਰ ਭੈੜੇ ਸੰਕਲਪ ਹਿਰਦੇ ਵਿਚ

Sri Satguru Jagjit Singh Ji eLibrary NamdhariElibrary@gmail.com

ਪੈਦਾ ਨਹੀਂ ਹੁੰਦੇ। ਨਿਰਮਲ ਮਨ ਦੀ ਇਹੀ ਨਿਸ਼ਾਨੀ ਹੈ ਕਿ ਮਨ ਵਿਚ ਜੋ ਵੀ ਖ਼ਿਆਲ ਪੈਦਾ ਹੁੰਦਾ ਹੈ, ਉਹ ਚੰਗੇ ਪਾਸੇ ਦੀ ਤਰਫ਼ ਹੀ ਜਾਣ ਵਾਲਾ ਪੈਦਾ ਹੁੰਦਾ ਹੈ। ਧਰਮ ਕਮਾਉਣ ਦੀ ਹੀ ਲਾਲਸਾ ਅੰਦਰੋਂ ਉਠਦੀ ਹੈ। ਇਹੀ ਮਲ ਦੋਸ਼ ਦੀ ਨਿਵਿਰਤੀ ਹੈ।

ਫਿਰ ਦੂਜੀ ਸਟੇਜ 'ਤੇ ਪਹੁੰਚ ਕੇ ਮਨ ਵਿਚ ਧਿਆਨ ਦੀ ਅਵਸਥਾ ਬਣਦੀ ਹੈ:

**ਗੁਰਮੁਖਿ ਨਾਮੁ ਦਾਨੁ ਇਸਨਾਨੁ ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥**

*(ਰਾਮਕਲੀ ਮ: ੧, ਪੰਨਾ 942)*

ਜਿਥੇ ਗੁਰਸਿਖ ਗੁਰ-ਮੰਤਰ ਦਾ ਜਾਪ ਕਰਦਾ ਹੈ, ਉਥੇ ਗੁਰ-ਮੰਤਰ ਦੇ ਜਾਪ ਵਿਚ ਮਨ ਟਿਕਣਾ ਸ਼ੁਰੂ ਹੁੰਦਾ ਹੈ। ਭਾਵੇਂ ਮਨ ਪਹਿਲਾਂ ਬਾਰ-ਬਾਰ ਬਾਹਰ ਨੂੰ ਦੌੜਦਾ ਹੈ, ਪਰ ਮਨ ਨੂੰ ਬਾਰ-ਬਾਰ ਮੋੜ ਕੇ ਫਿਰ ਜੋੜਿਆ ਜਾਂਦਾ ਹੈ। ਇਸ ਪਹਿਲੀ ਅਵਸਥਾ ਵਿਚ ਮਨ ਦਾ ਹੀ ਧਿਆਨ ਰੱਖਿਆ ਜਾਂਦਾ ਹੈ ਕਿ ਇਹ ਕਿਧਰ ਜਾ ਰਿਹਾ ਹੈ। ਜਿਧਰ ਵੀ ਜਾ ਰਿਹਾ ਹੋਵੇ, ਉਧਰੋਂ ਹੀ ਮੋੜ ਕੇ ਇਕ ਪਰਮਾਤਮਾ ਦੇ ਨਾਮ ਵਿਚ ਫਿਰ ਫਿਰ ਜੋੜਨਾ ਹੁੰਦਾ ਹੈ। ਇਸ ਤਰ੍ਹਾਂ ਮਨ ਦੂਸਰੀ ਕਿਸਮ ਦੀ ਮੈਲ ਤੋਂ ਵੀ ਸ਼ੁੱਧ ਹੋ ਜਾਂਦਾ ਹੈ। ਗੁਰਬਾਣੀ ਵਿਚ ਜ਼ਿਕਰ ਹੈ:

**ਧਾਵਤ ਮਨੁ ਰਾਖੈ ਇਕ ਠਾਇ ॥ ਮਨੁ ਤਨੁ ਸੁਧੁ ਜਪਤ ਹਰਿ ਨਾਇ ॥**

*(ਗਉੜੀ ਮ: ੫, ਪੰਨਾ 299)*

ਅਤੇ ਨਾਲ ਹੀ ਦੌੜਦੇ ਮਨ ਨੂੰ ਵਾਹਿਗੁਰੂ ਦਾ ਭੈ ਵੀ ਦੇਂਦੇ ਰਹਿਣਾ ਕਿ:

**ਜਹ ਜਹ ਮਨ ਤੂੰ ਧਾਵਦਾ ਤਹ ਤਹ ਹਰਿ ਤੇਰੈ ਨਾਲੇ ॥**
**ਮਨ ਸਿਆਣਪ ਛੋਡੀਐ ਗੁਰ ਕਾ ਸਬਦੁ ਸਮਾਲੇ ॥**

*(ਆਸਾ ਮ: ੩, ਪੰਨਾ 440)*

ਜਿਵੇਂ ਕਿ ਪੁਰਾਤਨ ਸਮਿਆਂ ਵਿਚ ਇਕ ਯਗ ਕੀਤਾ ਜਾਂਦਾ ਸੀ। ਉਸ ਯਗ ਦਾ ਨਾਮ ਸੀ ਅਸ਼੍ਵਮੇਧ ਯਗ। ਇਸ ਯਗ ਦੀ ਮਰਿਆਦਾ ਦਾ ਜ਼ਿਕਰ *ਮਹਾਨ ਕੋਸ਼* ਵਿਚ ਵੀ ਇਉਂ ਹੀ ਕੀਤਾ ਹੈ ਕਿ ਇਕ ਘੋੜੇ ਨੂੰ ਵੇਦ ਮੰਤਰਾਂ ਰਾਹੀਂ ਅਭਿਮੰਤ੍ਰਿਤ ਕਰ ਕੇ ਖੁੱਲ੍ਹਾ ਛੱਡ ਦਿੱਤਾ ਜਾਂਦਾ ਸੀ ਅਤੇ ਮੱਥੇ 'ਤੇ ਇਕ ਕੱਪੜਾ ਬੰਨ੍ਹ ਕੇ ਉਸ ਉਪਰ ਰਾਜੇ ਦਾ ਨਾਉਂ ਲਿਖਿਆ ਹੁੰਦਾ ਸੀ। ਘੋੜੇ ਦੇ ਪਿੱਛੇ ਪਿੱਛੇ ਬਹੁਤ ਤਾਕਤਵਰ ਫ਼ੌਜ ਹੁੰਦੀ ਸੀ। ਘੋੜਾ ਇਕ ਸਾਲ ਦੇ ਸਮੇਂ ਵਿਚ ਸਾਰੇ ਦੇਸ਼ ਦਾ ਚੱਕਰ ਲਾਉਂਦਾ ਸੀ। ਜਿਹੜਾ ਕੋਈ ਹੋਰ ਰਾਜਾ ਆਪਣੇ ਆਪ ਨੂੰ ਤਾਕਤਵਰ ਸਮਝਦਾ ਸੀ, ਉਹ ਘੋੜੇ ਨੂੰ ਪਕੜ ਲੈਂਦਾ ਸੀ, ਪਰ ਘੋੜੇ ਦੇ ਨਾਲ ਜੋ ਫ਼ੌਜ ਹੁੰਦੀ ਸੀ, ਉਹ ਯੁੱਧ ਕਰ ਕੇ ਘੋੜੇ ਨੂੰ ਛੁਡਾਉਂਦੀ ਸੀ। ਜੇਕਰ ਘੋੜੇ ਦੇ ਮਗਰ ਜੋ ਫ਼ੌਜ ਹੈ, ਉਹ ਕਮਜ਼ੋਰ ਹੋਵੇ, ਅਤੇ ਘੋੜੇ ਨੂੰ ਛੁਡਾ ਨਾ ਸਕੇ, ਤਾਂ ਅਸ਼੍ਵਮੇਧ ਯਗ ਸਫਲ ਨਹੀਂ ਸੀ ਹੁੰਦਾ।

ਇਸ ਉਦਾਹਰਣ ਨੂੰ ਆਪਣਾ ਮਨ ਵਸ ਕਰਨ ਲਈ ਜ਼ਰੂਰ ਸਮਝਣਾ। ਵਾਹਿਗੁਰੂ ਦਾ ਸਿਮਰਨ ਕਰਨ ਵਾਲਾ ਵੀ ਆਪਣੇ ਮਨ ਰੂਪੀ ਘੋੜੇ ਨੂੰ ਛੱਡ ਦਿੰਦਾ ਹੈ ਅਤੇ ਨਾਲ ਹੀ ਇਹ ਵਿਚਾਰ ਰੂਪੀ ਸੈਨਾ ਵੀ ਛੱਡਦਾ ਹੈ ਕਿ:

Sri Satguru Jagjit Singh Ji eLibrary NamdhariElibrary@gmail.com

**ਜਹ ਜਹ ਮਨ ਤੂੰ ਧਾਵਦਾ ਤਹ ਤਹ ਹਰਿ ਤੇਰੈ ਨਾਲੇ ॥**

*(ਆਸਾ ਮ: ੩, ਪੰਨਾ 440)*

ਹਰ ਸਮੇਂ ਮਨ ਨੂੰ ਵਾਹਿਗੁਰੂ ਦੇ ਨਾਲ ਹੋਣ ਦਾ ਡਰ ਹੋਵੇਗਾ ਤਾਂ ਮਨ ਨੂੰ ਦੁਨੀਆ ਦਾ ਕੋਈ ਪਦਾਰਥ ਆਪਣੀ ਪਕੜ ਵਿਚ ਨਹੀਂ ਕਰ ਸਕੇਗਾ। ਜੇਕਰ ਕਿਸੇ ਜਗ੍ਹਾ 'ਤੇ ਮਨ ਠਹਿਰਦਾ ਵੀ ਹੈ ਤਾਂ ਬਿਬੇਕ-ਵਿਰਾਗ ਦੇ ਸ਼ਬਦਾਂ ਰਾਹੀਂ ਮਨ ਨੂੰ ਛੁਡਾਇਆ ਜਾਂਦਾ ਹੈ:

**ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥**
**ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥**

*(ਰਾਗੁ ਰਾਮਕਲੀ ਮ: ੩, ਪੰਨਾ 918)*

**ਏ ਮਨ ਤੇਰਾ ਕੋ ਨਹੀ ਕਰਿ ਵੇਖੁ ਸਬਦਿ ਵੀਚਾਰੁ ॥**

*(ਆਸਾ ਮ: ੩, ਪੰਨਾ 429)*

**ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥**
**ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ ॥**

*(ਸੋਰਠਿ ਮ: ੯, ਪੰਨਾ 634)*

ਇਸ ਢੰਗ ਦੇ ਨਾਲ ਫਿਰ ਮਨ ਜਿਥੇ ਵੀ ਜਾਵੇ, ਉਥੋਂ ਹੀ ਵਾਪਸ ਲਿਆ ਕੇ ਗੁਰ-ਸ਼ਬਦ ਵਿਚ ਜੋੜਨ ਦਾ ਉਪਰਾਲਾ ਕਰਨਾ ਅਤੇ ਬਾਰ-ਬਾਰ ਸਿਮਰਨ ਦੇ ਰਾਹੀਂ ਧਿਆਨ ਵਿਚ ਜੋੜਨਾ ਹੈ। ਫਿਰ ਮਨ ਨੂੰ ਭਾਵੇਂ ਲੋੜ ਅਨੁਸਾਰ ਸੰਸਾਰਕ ਵਰਤੋਂ ਵਿਚ ਵੀ ਰੱਖਿਆ ਜਾਵੇ, ਤਾਂ ਵੀ ਮਨ ਕਿਸੇ ਵੀ ਥਾਂ 'ਤੇ ਜਾ ਕੇ ਫਸਦਾ ਨਹੀਂ ਅਤੇ ਤੰਗ ਵੀ ਨਹੀਂ ਕਰਦਾ। ਜਿਵੇਂ ਕਿ *ਸਾਰਕੁਤਾਵਲੀ* ਦੇ ਕਰਤਾ ਨੇ ਮਨ ਦੀ ਦਸ਼ਾ ਨੂੰ ਇਕ ਉਦਾਹਰਣ ਰਾਹੀਂ ਸਮਝਾਇਆ ਹੈ:

*ਕੌਤਕ ਨਮਿਤ ਕਹੂੰ ਜਨ ਜਿੰਨ ਮੋਲ ਲੀਨੋ,*
*ਗੁਣਾਗੁਣ ਚੀਨੋ ਖੇਦ ਮੋਦ ਭਯੋ ਜੀਨੋ ਹੈ।*
*ਕਹੈ ਕਾਮ ਔਖੋ ਝਟ ਕਰ ਹਟ ਦੇਤ ਧੋਖੋ,*
*ਭਯੋ ਭਾਰੀ ਧੋਖੋ ਮਨ ਸੁਤਾ ਮੰਤ੍ਰ ਲੀਨੋ ਹੈ।*
*ਅਗ੍ਰ ਗਾਡੀ ਦਾਰ ਗੁਰ ਯਾ ਪੈ ਚੜ੍ਹੋ ਉਤਰ ਤੂੰ,*
*ਕਹਯੋ ਧਨੀ ਮਾਨਯੋ ਯਾਤੇ ਭੂਤ ਬਲ ਖੀਨੋ ਹੈ।*
*ਕੈ ਸਰੂਪ ਲਾਵੈ ਕੈ ਸ੍ਵਰੂਪ ਗੀਤ ਗਾਵੈ,*
*ਐਸੇ ਸੰਤ ਜਨੋ ਨਿਜ ਮਨ ਭੂਤ ਬਸ ਕੀਨੋ ਹੈ।*

ਕਿਸੇ ਬੰਦੇ ਨੇ ਜੰਗਲ ਵਿੱਚੋਂ ਮੰਤਰਾਂ ਰਾਹੀਂ ਇਕ ਭੂਤ ਨੂੰ ਵਸ ਵਿਚ ਕਰ ਕੇ ਪਕੜ ਲਿਆ ਤੇ ਸ਼ਹਿਰ ਵਿਚ ਵੇਚਣ ਲਈ ਲੈ ਆਇਆ। ਇਸ ਦੇ ਗੁਣ ਤੇ ਔਗੁਣ ਦੱਸਣ ਲੱਗ ਪਿਆ। ਗੁਣ ਇਸ ਵਿਚ ਇਹ ਹਨ ਕਿ ਕਿੰਨੀ ਵੀ ਦੂਰ ਜਾਣਾ ਹੋਵੇ, ਇਹ ਝਟਪਟ ਪਹੁੰਚ ਜਾਂਦਾ ਹੈ ਤੇ ਝਟਪਟ ਹੀ ਬਹੁਤ ਦੂਰੀ ਦਾ ਕੰਮ ਕਰ ਕੇ ਬਹੁਤ ਜਲਦੀ ਹੀ ਵਾਪਸ ਆ ਜਾਂਦਾ ਹੈ। ਅਵਗੁਣ ਇਸ ਵਿਚ ਇਹ ਹੈ

Sri Satguru Jagjit Singh Ji eLibrary NamdhariElibrary@gmail.com

ਕਿ ਇਹ ਵਿਹਲਾ ਨਹੀਂ ਬੈਠ ਸਕਦਾ ਤੇ ਵਿਹਲਾ ਬੈਠਣ ਦੀ ਸੂਰਤ ਵਿਚ ਮਾਲਕ ਨੂੰ ਖ਼ਤਮ ਕਰ ਸਕਦਾ ਹੈ। ਇਕ ਸੇਠ ਨੇ ਇਸ ਦੇ ਗੁਣ ਔਗੁਣ ਸੁਣ ਕੇ ਖ਼ਰੀਦ ਲਿਆ। ਇਸ ਸੇਠ ਦੇ ਬਹੁਤ ਦੂਰ-ਦੁਰਾਡੇ ਕਾਰੋਬਾਰ ਚੱਲਦੇ ਸਨ। ਕਈ ਤਰ੍ਹਾਂ ਦੇ ਸੰਦੇਸ਼ ਭੇਜਣੇ ਤੇ ਮੰਗਵਾਣੇ ਹੁੰਦੇ ਸਨ। ਜਦੋਂ ਸੇਠ ਇਸ ਨੂੰ ਘਰ ਲੈ ਆਇਆ ਤਾਂ ਆਉਂਦਿਆਂ ਹੀ ਭੂਤ ਕਹਿਣ ਲੱਗਾ ਕਿ ਕੰਮ ਦੱਸ ? ਤਾਂ ਸੇਠ ਨੇ ਦੂਸਰੇ ਸ਼ਹਿਰ ਇਕ ਕੰਮ ਲਈ ਭੇਜ ਦਿੱਤਾ। ਇਹ ਝਟਪਟ ਕੰਮ ਕਰ ਕੇ ਵਾਪਸ ਆ ਗਿਆ ਤੇ ਫਿਰ ਕਹਿਣ ਲੱਗਾ ਕਿ ਕੰਮ ਦੱਸ ? ਫਿਰ ਦੂਜੇ ਪਾਸੇ ਸੰਦੇਸ਼ ਦੇ ਕੇ ਭੇਜਿਆ। ਭੂਤ ਓਧਰੋਂ ਵੀ ਵਾਪਸ ਆ ਗਿਆ ਤੇ ਫਿਰ ਕਹਿਣ ਲੱਗਾ ਕਿ ਜਲਦੀ ਕੰਮ ਦੱਸ ? ਇਸ ਤਰ੍ਹਾਂ ਜਿਧਰ ਵੀ ਸੇਠ ਭੇਜੇ, ਭੂਤ ਝਟਪਟ ਕੰਮ ਕਰ ਕੇ ਵਾਪਸ ਆ ਜਾਵੇ। ਆਖ਼ਿਰਕਾਰ ਸੇਠ ਦੀ ਰੋਟੀ ਖਾਣੀ ਵੀ ਹਰਾਮ ਕਰ ਦਿੱਤੀ। ਸੇਠ ਬੜਾ ਹੀ ਪਰੇਸ਼ਾਨ ਹੋ ਗਿਆ ਕਿ ਜੇਕਰ ਇਹ ਵਿਹਲਾ ਹੋ ਗਿਆ ਤਾਂ ਇਹ ਮੈਨੂੰ ਮਾਰ ਦੇਵੇਗਾ। ਬੜੀ ਹੀ ਚਿੰਤਾ ਵਿਚ ਬੈਠਾ ਸੀ ਕਿ ਸੇਠ ਦੀ ਬੇਟੀ ਆ ਗਈ। ਪਿਤਾ ਨੂੰ ਚਿੰਤਾਤੁਰ ਦੇਖ ਕੇ ਕਾਰਣ ਪੁੱਛਿਆ ਤਾਂ ਸੇਠ ਰੋ ਪਿਆ ਤੇ ਕਹਿਣ ਲੱਗਾ ਕਿ ਬੇਟੀ, ਮੈਂ ਤਾਂ ਇਸ ਤਰ੍ਹਾਂ ਇਹ ਭੂਤ ਦੀ ਮੁਸੀਬਤ ਵਿਚ ਫਸ ਗਿਆ ਹਾਂ। ਮੈਂ ਜੋ ਵੀ ਕੰਮ ਦੱਸਦਾ ਹਾਂ, ਇਹ ਝਟਪਟ ਕਰ ਕੇ ਕਹਿੰਦਾ ਹੈ ਕਿ ਹੋਰ ਕੰਮ ਦੱਸ ? ਦੱਸ ਬੇਟੀ ਮੈਂ ਹੁਣ ਕੀ ਕਰਾਂ ? ਕੋਈ ਜੁਗਤੀ ਦੱਸ ਕਿ ਇਸ ਭੂਤ ਤੋਂ ਛੁਟਕਾਰਾ ਪ੍ਰਾਪਤ ਕਰ ਸਕਾਂ। ਸੇਠ ਦੀ ਬੇਟੀ ਬੜੀ ਸਿਆਣੀ ਸੀ, ਕਹਿਣ ਲੱਗੀ ਕਿ ਪਿਤਾ ਜੀ, ਇਕ ਬਾਂਸ ਲਿਆਓ! ਸੇਠ ਨੇ ਝਟਪਟ ਬਾਂਸ ਮੰਗਵਾ ਲਿਆ। ਲੜਕੀ ਨੇ ਬਾਂਸ ਨੂੰ ਵਿਹੜੇ ਵਿਚ ਟੋਆ ਪੁਟਵਾ ਕੇ ਗੱਡ ਦਿੱਤਾ ਤੇ ਭੂਤ ਨੂੰ ਕਿਹਾ ਕਿ ਇਸ ਬਾਂਸ 'ਤੇ ਚੜ੍ਹਦਾ ਰਹੋ ਤੇ ਉਤਰਦਾ ਰਹੋ। ਜਦੋਂ ਕੋਈ ਕੰਮ ਹੋਣਾ, ਉਸ ਸਮੇਂ ਭੂਤ ਨੂੰ ਕੰਮ 'ਤੇ ਭੇਜ ਦੇਣਾ, ਜਦੋਂ ਕੰਮ ਤੋਂ ਵਿਹਲਾ ਹੋ ਜਾਵੇ, ਤਾਂ ਬਾਂਸ 'ਤੇ ਚੜ੍ਹਨ-ਉਤਰਨ 'ਤੇ ਲਾਈ ਰੱਖਣਾ। ਇਸ ਤਰ੍ਹਾਂ ਸੇਠ ਹੁਣ ਬਹੁਤ ਸੁਖੀ ਹੋ ਗਿਆ। ਹੁਣ ਇਹ ਭੂਤ ਸਾਰੇ ਕੰਮ ਵੀ ਕਰਦਾ ਤੇ ਵਿਹਲਾ ਰਹਿਣ 'ਤੇ ਮਾਰਨ ਦਾ ਖ਼ਤਰਾ ਵੀ ਨਾ ਰਿਹਾ।

ਇਹ ਉਦਾਹਰਣ ਬਹੁਤ ਹੀ ਕੀਮਤੀ ਹੈ; ਭੂਤ ਇਹ ਮਨ ਹੀ ਹੈ, ਜਿਹੜਾ ਕਿ ਹਰ ਵੇਲੇ ਕਿਸੇ ਨਾ ਕਿਸੇ ਤਰਫ਼ ਕੁਝ ਕਰਨਾ ਹੀ ਚਾਹੁੰਦਾ ਹੈ। ਵਿਹਲਾ ਮਨ ਅਧਿਆਤਮਕ ਜੀਵਨ ਨੂੰ ਖ਼ਤਰਾ ਹੈ। ਬੜੀ ਦੂਰ-ਦੁਰਾਡੇ ਇਤਨੀ ਤੇਜ਼ੀ ਨਾਲ ਪਹੁੰਚ ਜਾਂਦਾ ਹੈ, ਇਸ ਦੀ ਰਫ਼ਤਾਰ ਬਹੁਤ ਹੀ ਤੇਜ਼ ਹੈ। ਜਿਵੇਂ ਕਿ ਸੂਰਜ ਦੀ ਕਿਰਨ 9½ (ਸਾਢੇ ਨੌਂ) ਕਰੋੜ ਮੀਲ ਦੀ ਦੂਰੀ ਤੋਂ ਆਉਂਦੀ ਹੈ। ਇਸ ਦੀ ਰਫ਼ਤਾਰ ਇਕ ਲੱਖ 96 ਹਜ਼ਾਰ ਮੀਲ ਪ੍ਰਤਿ ਸੈਕਿੰਡ ਹੈ। ਬਿਜਲੀ ਦੇ ਸਵਿਚ ਨੂੰ ਜਦੋਂ ਪਾਵਰ ਹਾਊਸ ਤੋਂ ਛੱਡਿਆ ਜਾਂਦਾ ਹੈ ਤਾਂ ਬਿਜਲੀ ਦੀ ਰਫ਼ਤਾਰ 2 ਲੱਖ 96 ਹਜ਼ਾਰ ਮੀਲ ਪ੍ਰਤਿ ਸੈਕਿੰਡ ਹੁੰਦੀ ਹੈ ਅਤੇ ਮਨ ਦੇ ਫੁਰਨੇ ਦੀ ਰਫ਼ਤਾਰ 22 ਲੱਖ 96 ਹਜ਼ਾਰ ਮੀਲ ਪ੍ਰਤਿ ਸੈਕਿੰਡ ਹੈ। ਇਤਨੀ ਤੇਜ਼ ਰਫ਼ਤਾਰ ਨਾਲ ਦੌੜਨ ਵਾਲਾ ਇਹ ਮਨ ਹੈ! ਇਹ ਰਫ਼ਤਾਰ ਦਾ ਤਜਰਬਾ ਮਨ ਦੀ ਖੋਜ ਕਰਨ ਵਾਲਿਆਂ ਦਾ ਹੈ।

Sri Satguru Jagjit Singh Ji eLibrary NamdhariElibrary@gmail.com

ਪਰ ਗੁਰੂ ਸਾਹਿਬ ਜੀ ਤਾਂ ਇਸ ਮਨ ਦੀ ਰਫ਼ਤਾਰ ਨੂੰ ਬਹੁਤ ਹੀ ਤੇਜ਼ ਦੱਸਦੇ ਹਨ :

**ਭਰਮੇ ਭੂਲਾ ਦਹ ਦਿਸਿ ਧਾਵੈ ॥**
**ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ ॥**

*(ਗਉੜੀ ਸੁਖਮਨੀ ਮ: ੫, ਪੰਨਾ 277)*

ਇਸ ਤਰ੍ਹਾਂ ਦੌੜਨ ਵਾਲੇ ਮਨ ਨੂੰ ਟਿਕਾਉ ਵਿਚ ਲਿਆਉਣ ਲਈ, ਸਿਮਰਨ ਰੂਪੀ ਬਾਂਸ ਰਾਹੀਂ ਚੜ੍ਹਨ-ਉਤਰਨ ਦੀ ਤਰ੍ਹਾਂ ਜਾਪ ਵਿਚ ਜੋੜ ਦਿੱਤਾ। ਹਰ ਸਵਾਸ ਨਾਲ ਸਿਮਰਨ ਆਰੰਭ ਹੋ ਗਿਆ, ਹੁਣ ਕੋਈ ਚਿੰਤਾ ਨਹੀਂ ਹੈ :

**ਸਾਸਿ ਸਾਸਿ ਸਿਮਰਹੁ ਗੋਬਿੰਦ ॥**
**ਮਨ ਅੰਤਰ ਕੀ ਉਤਰੈ ਚਿੰਦ ॥** *(ਗਉੜੀ ਸੁਖਮਨੀ ਮ: ੫, ਪੰਨਾ 295)*

ਭਾਵੇਂ ਪਹਿਲਾਂ ਸਿਮਰਨ ਕਰਨ ਵੇਲੇ ਮਨ ਦੌੜ ਦੌੜ ਜਾਂਦਾ ਹੈ ਤੇ ਨਿਤਨੇਮ ਕਰਦਿਆਂ ਵੀ ਮਨ ਨਹੀਂ ਲੱਗਦਾ, ਪਰ ਜਿਉਂ ਜਿਉਂ ਸਿਮਰਨ ਦੀ ਅਵਸਥਾ ਵਧਦੀ ਜਾਂਦੀ ਹੈ, ਤਿਉਂ ਤਿਉਂ ਮਨ ਦੀ ਦੌੜ ਘਟਣੀ ਸ਼ੁਰੂ ਹੋ ਜਾਂਦੀ ਹੈ। ਪਰ ਇਕ ਗੱਲ ਵੱਲ ਉਚੇਚਾ ਧਿਆਨ ਦੇਣਾ ਕਿ ਸਿਮਰਨ ਕਰਨ ਤੋਂ ਬਾਅਦ ਹੀ ਮਨ ਰੁਕੇਗਾ। ਇਹ ਨਹੀਂ ਕਿ ਮਨ ਰੁਕੇ ਤਾਂ ਸਿਮਰਨ ਕਰਨਾ ਹੈ। ਜਿਵੇਂ ਕੋਈ ਬੰਦਾ ਡਾਕਟਰ ਨੂੰ ਜਾ ਕੇ ਕਹਿਣ ਲੱਗਾ ਕਿ ਡਾਕਟਰ ਸਾਹਿਬ ਪਹਿਲਾਂ ਮੇਰੀ ਬੀਮਾਰੀ ਹਟਾਓ, ਫਿਰ ਮੈਂ ਦਵਾਈ ਖਾਵਾਂਗਾ। ਡਾਕਟਰ ਕਹਿਣ ਲੱਗਾ ਕਿ ਬੀਮਾਰੀ ਤਾਂ ਹੀ ਹਟੇਗੀ ਜੇਕਰ ਦਵਾਈ ਖਾਓਗੇ। ਇਹ ਗੱਲ ਵਿਚਾਰਨ ਵਾਲੀ ਹੈ ਕਿ ਜੇਕਰ ਬੀਮਾਰੀ ਹੀ ਨਾ ਹੋਵੇ ਤਾਂ ਦਵਾਈ ਖਾਣ ਦਾ ਕੀ ਮਤਲਬ ਹੈ। ਇਸੇ ਤਰ੍ਹਾਂ ਮਨ ਦਾ ਦੌੜਨਾ ਹੀ ਰੋਗ ਹੈ ਅਤੇ ਸਿਮਰਨ ਦਵਾਈ ਹੈ।

ਇਕ ਵਾਰੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਮਹਾਰਾਜ, ਅਸੀਂ ਜੋ ਨਿਤਨੇਮ ਕਰਦੇ ਹਾਂ, ਇਸ ਦਾ ਸਾਨੂੰ ਕੋਈ ਫ਼ਾਇਦਾ ਨਹੀਂ ਜਾਪਦਾ, ਕਿਉਂਕਿ ਸਾਨੂੰ ਬਾਣੀ ਦੀ ਸਮਝ ਵੀ ਕੋਈ ਨਹੀਂ ਆਉਂਦੀ ਅਤੇ ਮਨ ਵੀ ਨਹੀਂ ਲੱਗਦਾ। ਫਿਰ ਨਿਤਨੇਮ ਦਾ ਕੀ ਫ਼ਾਇਦਾ ਹੋਇਆ ਜੇ ਇਸ 'ਤੇ ਅਮਲ ਹੀ ਨਾ ਕੀਤਾ ਜਾ ਸਕੇ :

*ਪਾਠ ਕਰਹਿ ਹਮ ਨਿਤ ਗੁਰਬਾਣੀ। ਅਰਥ ਪ੍ਰਮਾਰਥ ਕਛੂ ਨਾ ਜਾਨੀ।*
*ਜੋ ਮਾਰਗ ਗੁਰ ਸ਼ਬਦ ਬਤਾਇਣ। ਸੋ ਹਮ ਤੇ ਨਹਿ ਜਾਤ ਕਮਾਇਣ।*

*(ਗੁਰ ਪ੍ਰਤਾਪ ਸੂਰਜ ਗ੍ਰੰਥ)*

ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਇਸ ਦਾ ਉੱਤਰ ਕੱਲ ਦੇਵਾਂਗੇ। ਦੂਸਰੇ ਦਿਨ ਗੁਰੂ ਸਾਹਿਬ ਜੀ ਸ਼ਿਕਾਰ ਕਰਨ ਗਏ ਤਾਂ ਸਿੱਖਾਂ ਨੂੰ ਕਹਿਣ ਲੱਗੇ ਕਿ ਉਹ ਜੋ ਘੜੇ ਦੀ ਟੁੱਟੀ ਠੀਕਰੀ ਪਈ ਹੋਈ ਹੈ, ਉਹ ਇਤਨੀ ਚਮਕ ਕਿਉਂ ਰਹੀ ਹੈ ? ਬਾਕੀ ਠੀਕਰੀਆਂ ਵੀ ਆਸੇ ਪਾਸੇ ਪਈਆਂ ਹੋਈਆਂ ਹਨ, ਉਹ ਕਿਉਂ ਨਹੀਂ ਚਮਕ ਰਹੀਆਂ ? ਸਿੱਖਾਂ ਨੇ ਕਿਹਾ ਕਿ ਮਹਾਰਾਜ, ਸਾਨੂੰ ਨਹੀਂ ਸਮਝ ਆਈ ਕਿ ਇਹ ਕਿਉਂ ਚਮਕ ਰਹੀ ਹੈ। ਗੁਰੂ ਸਾਹਿਬ ਜੀ ਨੇ ਬਚਨ ਕੀਤਾ :

Sri Satguru Jagjit Singh Ji eLibrary NamdhariElibrary@gmail.com

*ਰਹੀ ਚਿਕਨਤਾ ਠੀਕਰ ਮਾਂਹਿ। ਤਿਉ ਬਾਨੀ ਗੁਨ ਰਹੈ ਮਨ ਮਾਂਹਿ।*
*(ਗੁਰ ਪ੍ਰਤਾਪ ਸੂਰਜ ਗ੍ਰੰਥ)*

ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਇਹ ਜਿਸ ਘੜੇ ਦੀ ਠੀਕਰੀ ਹੈ, ਉਸ ਵਿਚ ਘਿਉ ਪੈਂਦਾ ਰਿਹਾ ਹੈ। ਹੁਣ ਭਾਵੇਂ ਇਸ ਵਿਚ ਘਿਉ ਨਹੀਂ ਹੈ ਪਰ ਘਿਉ ਦੀ ਚਿਕਨਾਈ ਇਸ ਵਿਚ ਸਮਾਈ ਹੋਈ ਹੈ। ਇਵੇਂ ਹੀ ਬਾਣੀ ਪੜ੍ਹਨ ਨਾਲ ਵੀ ਅੰਦਰ ਅਸਰ ਰਹਿ ਜਾਂਦਾ ਹੈ ਅਤੇ ਆਹਿਸਤਾ ਆਹਿਸਤਾ ਜੀਵਨ ਬਦਲ ਜਾਂਦਾ ਹੈ।

ਪਰ ਜੇਕਰ ਸੇਵਾ-ਭਗਤੀ, ਸਤਸੰਗ ਤੇ ਸਿਮਰਨ ਨਹੀਂ ਕਰਾਂਗੇ ਤਾਂ ਹਿਰਦਾ ਮੈਲਾ ਰਹੇਗਾ। ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਕਥਨ ਹੈ:

**ਜੈਸੇ ਜਲ ਧੋਏ ਬਿਨੁ ਅੰਬਰ ਮਲੀਨ ਹੋਤ,**
**ਬਿਨੁ ਤੇਲ ਮੇਲੇ ਜੈਸੇ ਕੇਸ ਹੂੰ ਭਇਆਨ ਹੈ॥**
**ਜੈਸੇ ਬਿਨੁ ਮਾਂਜੈ ਦਰਪਨ ਜੋਤਿ ਹੀਨ ਹੋਤ,**
**ਬਰਖਾ ਬਿਹੂਨ ਜੈਸੇ ਖੇਤ ਮੈ ਨ ਧਾਨ ਹੈ॥**
**ਜੈਸੇ ਬਿਨੁ ਦੀਪਕ ਭਵਨ ਅੰਧਕਾਰ ਹੋਤ,**
**ਲੋਨੇ ਘ੍ਰਿਤ ਬਿਨੁ ਜੈਸੇ ਭੋਜਨ ਸਮਾਨ ਹੈ॥**
**ਤੈਸੇ ਬਿਨੁ ਸਾਧ ਸੰਗਤਿ ਜਨਮ ਮਰਨ ਦੁਖ,**
**ਮਿਟਤ ਨ ਭੈ ਭ੍ਰਮ ਬਿਨੁ ਗੁਰ ਗਿਆਨ ਹੈ॥੫੩੭॥**

ਜਿਸ ਕੱਪੜੇ ਨੂੰ ਧੋ ਕੇ ਸਾਫ਼ ਨਾ ਕੀਤਾ ਜਾਵੇ, ਉਹ ਕੱਪੜਾ ਮੈਲਾ ਰਹਿੰਦਾ ਹੈ; ਜੇਕਰ ਸਿਰ ਦੇ ਕੇਸਾਂ ਵਿਚ ਤੇਲ ਨਾ ਲਗਾਇਆ ਜਾਵੇ ਅਤੇ ਕੰਘੇ ਨਾਲ ਸੰਵਾਰੇ ਨਾ ਜਾਵਣ ਤਾਂ ਬਹੁਤ ਭਿਆਨਕ ਨਜ਼ਰ ਆਉਂਦੇ ਹਨ। ਸ਼ੀਸ਼ੇ ਨੂੰ ਜੇਕਰ ਸਾਫ਼ ਨਾ ਕੀਤਾ ਜਾਵੇ ਤਾਂ ਦਰਪਨ ਵਿੱਚੋਂ ਆਪਣਾ ਮੁਖ ਨਹੀਂ ਦੇਖਿਆ ਜਾ ਸਕਦਾ ਅਤੇ ਜਿਸ ਜ਼ਿਮੀਂਦਾਰ ਨੇ ਬੜੀ ਮਿਹਨਤ ਕਰ ਕੇ ਚਾਵਲਾਂ ਦੀ ਖੇਤੀ ਬੀਜੀ ਹੋਵੇ, ਪਰ ਬਾਰਸ਼ ਨਾ ਹੋਵੇ ਅਤੇ ਨਾ ਹੀ ਪਾਣੀ ਹੋਰ ਕਿਸੇ ਢੰਗ ਨਾਲ ਦਿੱਤਾ ਜਾ ਸਕੇ ਤਾਂ ਖੇਤੀ ਸੁੱਕ ਜਾਂਦੀ ਹੈ। ਬਿਨਾਂ ਰੌਸ਼ਨੀ ਤੋਂ ਘਰ ਵੀ ਅੰਧੇਰੇ ਦੇ ਕਾਰਣ ਡਰਾਉਣਾ ਜਿਹਾ ਲੱਗਦਾ ਹੈ। ਬਹੁਤ ਵਧੀਆ ਸਬਜ਼ੀ ਹੋਵੇ ਪਰ ਲੂਣ ਤੇ ਘਿਉ ਤੋਂ ਬਿਨਾਂ ਬਣਾਈ ਸਬਜ਼ੀ ਦਾ ਕੋਈ ਸਵਾਦ ਨਹੀਂ ਹੁੰਦਾ, ਰਸੋਈ ਭੂਤ ਹੀ ਹੁੰਦੀ ਹੈ। ਇਸੇ ਤਰ੍ਹਾਂ ਭਾਵੇਂ ਮਨੁੱਖ ਦੇਖਣ ਨੂੰ ਮਨੁੱਖ ਹੀ ਨਜ਼ਰ ਆਉਂਦਾ ਹੈ ਪਰ ਸਤਸੰਗ ਰਾਹੀਂ ਗੁਰੂ ਦਾ ਗਿਆਨ ਪ੍ਰਾਪਤ ਕੀਤੇ ਬਗ਼ੈਰ, ਡਰ-ਭੁਲੇਖਾ ਅਤੇ ਜਨਮ-ਮਰਨ ਦੇ ਦੁੱਖਾਂ ਤੋਂ ਛੁਟਕਾਰਾ ਨਹੀਂ ਹੋ ਸਕਦਾ, ਮਨ ਦੀ ਮੈਲ ਦੂਰ ਨਹੀਂ ਹੋ ਸਕਦੀ।

ਜਦ ਮਨ ਵਿਚ ਸਿਮਰਨ ਰਾਹੀਂ ਟਿਕਾਉ ਪ੍ਰਾਪਤ ਹੋ ਜਾਂਦਾ ਹੈ ਤਾਂ ਫਿਰ ਹਿਰਦੇ ਵਿਚ ਪ੍ਰਭੂ-ਜੋਤ ਦਾ ਅਨੁਭਵ ਹੋ ਜਾਂਦਾ ਹੈ। ਫਿਰ ਗੁਰੂ ਸਾਹਿਬ ਜੀ ਦੇ ਉਚਾਰਨ ਕੀਤੇ ਇਹ ਬੋਲ ਜੀਵਨ ਵਿਚ ਆ ਵਸਦੇ ਹਨ:

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥** *(ਆਸਾ ਮ: ੩, ਪੰਨਾ 441)*

Sri Satguru Jagjit Singh Ji eLibrary NamdhariElibrary@gmail.com

ਗੁਰਬਾਣੀ ਵਿਚ ਜ਼ਿਕਰ ਹੈ:

**ਅਬ ਮਨੁ ਉਲਟਿ ਸਨਾਤਨੁ ਹੂਆ॥ ਤਬ ਜਾਨਿਆ ਜਬ ਜੀਵਤ ਮੂਆ॥**

*(ਗਉੜੀ ਕਬੀਰ ਜੀ, ਪੰਨਾ 327)*

ਜਿਸ ਪ੍ਰਕਾਸ਼ ਨਾਲ ਮਨ ਨੂੰ ਜਾਣਿਆ ਜਾਂਦਾ ਹੈ, ਜਿਸ ਤਾਕਤ ਨਾਲ ਮਨ ਵਿਚ ਹਰਕਤ ਹੈ, ਜਿਸ ਸ਼ਕਤੀ ਦੇ ਆਸਰੇ ਮਨ ਰਾਹੀਂ ਹੋਰ ਕਈ ਕੁਝ ਜਾਣਿਆ ਜਾ ਰਿਹਾ ਹੈ, ਉਹੀ ਜੋਤਿ ਹੈ, ਉਹੀ ਪਰਮ ਪ੍ਰਕਾਸ਼ ਸਰੂਪ ਪਰਮਾਤਮਾ ਹੈ। ਫਿਰ ਮਨ ਦੀ ਬਿਰਤੀ ਅੰਤਰਮੁਖੀ ਹੋ ਕੇ ਉਸ ਪਰਮਾਤਮਾ ਨਾਲ ਜੁੜ ਜਾਂਦੀ ਹੈ ਤੇ ਜਦ ਬਿਰਤੀ ਬਾਹਰ ਨੂੰ ਜਾਂਦੀ ਹੈ ਤਾਂ ਬਾਹਰਮੁਖੀ ਹੋ ਕੇ ਵੀ ਹਰ ਥਾਂ ਉਸ ਪ੍ਰਭੂ ਨੂੰ ਹੀ ਦੇਖਦੀ ਹੈ। ਗੁਰਵਾਕ ਹੈ:

**ਅੰਤਰਿ ਬਸੇ ਬਾਹਰਿ ਭੀ ਓਹੀ॥**
**ਨਾਨਕ ਦਰਸਨੁ ਦੇਖਿ ਸਭ ਮੋਹੀ॥** *(ਗਉੜੀ ਸੁਖਮਨੀ ਮ: ੫, ਪੰਨਾ 294)*

ਇਹੀ ਆਵਰਣ ਦੋਸ਼ ਦੀ ਨਿਵਿਰਤੀ ਹੈ।

ਇਹੀ ਨਿਰਮਲ ਮਨ ਦੀ ਅਵਸਥਾ ਹੈ।

**ਮਨ ਮਹਿ ਆਪਿ ਮਨ ਅਪੁਨੇ ਮਾਹਿ॥**
**ਨਾਨਕ ਕੀਮਤਿ ਕਹਨੁ ਨ ਜਾਇ॥** *(ਗਉੜੀ ਸੁਖਮਨੀ ਮ: ੫, ਪੰਨਾ 279)*

ਇਸ ਤਰ੍ਹਾਂ ਮਨ ਵਿਚ ਸਦੀਵੀ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ, ਪਰਮਾਤਮਾ ਦੀ ਵਿਆਪਕਤਾ ਵਿਚ ਮਨ ਰਹਿਣ ਲੱਗ ਜਾਂਦਾ ਹੈ, ਪਰਮ ਆਨੰਦ ਦੀ ਅਵਸਥਾ ਬਣ ਜਾਂਦੀ ਹੈ:

**ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥**
**ਕਲਿ ਕਲੇਸ ਤਨ ਮਾਹਿ ਮਿਟਾਵਉ॥**

*(ਗਉੜੀ ਸੁਖਮਨੀ ਮ: ੫, ਪੰਨਾ 262)*

ਸਰੀਰ ਦੇ ਸਾਰੇ ਕਲੇਸ਼ ਮਿਟ ਜਾਂਦੇ ਹਨ।

ਵਿਦਵਾਨਾਂ ਨੇ ਕਲੇਸ਼ ਦੇ ਪੰਜ ਕਾਰਣ ਮੰਨੇ ਹਨ:

1. ਅਵਿਦਯਾ—ਬਿਨਾਂ ਅਸਲੀਅਤ ਸਮਝੇ ਤੋਂ ਕਲੇਸ਼ ਦਾ ਪੈਦਾ ਹੋਣਾ।
2. ਅਸਮਿਤਾ—ਇਸ ਸਰੀਰ ਨਾਲ ਅਹੰ ਭਾਵ ਦਾ ਹੋਣਾ, ਮੈਂ ਦਾ ਹੋਣਾ।
3. ਰਾਗ—ਦੂਸਰੇ ਹੋਰ ਪਦਾਰਥਾਂ ਵਿਚ ਪ੍ਰੀਤ ਹੋਣੀ।
4. ਦਵੈਸ਼—ਕੁਝ ਪਦਾਰਥਾਂ ਨਾਲ ਤੇ ਕੁਝ ਜੀਵਾਂ ਨਾਲ ਵੈਰ-ਵਿਰੋਧ ਦਾ ਹੋਣਾ।
5. ਅਭਿਨਿਵੇਸ਼—ਨਾ ਕਰਨ ਵਾਲੇ ਕੰਮ ਨੂੰ ਕਰਨ ਲਈ ਮਨ ਵਿਚ ਤਿਆਰੀ ਕਰਨੀ ਜਾਂ ਸਰੀਰਕ ਤੌਰ 'ਤੇ ਕੰਮ ਕਰ ਲੈਣਾ।

ਇਹਨਾਂ ਪੰਜੇ ਕਲੇਸ਼ਾਂ ਦੇ ਕਾਰਣ ਮਿਟ ਜਾਂਦੇ ਹਨ, ਭਾਵ ਗੁਰਮੁਖ ਹਰ ਸੰਸਾਰਕ ਵਿਹਾਰ ਵਿਚ ਭੁਲੇਖੇ ਵਿਚ ਐਵੇਂ ਹੀ ਕਲੇਸ਼ ਨਹੀਂ ਕਰਦਾ। ਦੂਸਰਾ, ਇਸ ਸਰੀਰ

Sri Satguru Jagjit Singh Ji eLibrary NamdhariElibrary@gmail.com

ਵਿਚ 'ਮੈਂ' ਦੀ ਹੋਂਦ ਨੂੰ ਮਿਟਾ ਦੇਂਦਾ ਹੈ, ਮੌਤ ਦਾ ਕਲੇਸ਼ ਨਹੀਂ ਆਉਂਦਾ। ਤੀਸਰਾ, ਗੁਰਮੁਖ ਪਦਾਰਥਾਂ ਨਾਲ ਦ੍ਰਿੜ੍ਹ ਪ੍ਰੀਤ ਨਹੀਂ ਰੱਖਦਾ। ਕੋਈ ਵੀ ਪਦਾਰਥ ਚਲਾ ਜਾਵੇ, ਨਾਸ਼ ਹੋ ਜਾਵੇ ਤਾਂ ਕਲੇਸ਼ ਨਹੀਂ ਹੁੰਦਾ। ਚੌਥਾ, ਕਿਸੇ ਨਾਲ ਵੈਰ ਨਹੀਂ ਹੁੰਦਾ, ਇਸੇ ਕਰਕੇ ਕਿਸੇ ਵੀ ਦੂਸਰੇ ਤੋਂ ਕਲੇਸ਼ ਦਾ ਖ਼ਤਰਾ ਨਹੀਂ ਰਹਿ ਜਾਂਦਾ। ਪੰਜਵਾਂ, ਕਦੀ ਵੀ ਅਜਿਹਾ ਕਦਮ ਨਹੀਂ ਉਠਾਉਂਦਾ ਜਿਹੜਾ ਗ਼ਲਤ ਕਦਮ ਹੋਵੇ, ਭਾਵ ਹਰ ਭਲਾ ਕੰਮ ਹੀ ਕਰਦਾ ਹੈ।

ਇਸ ਤਰ੍ਹਾਂ ਸਿਮਰਨ ਨਾਲ ਸਭ ਕਲੇਸ਼ ਮਿਟਾ ਕੇ, ਮਨ ਨੂੰ ਪਰਮਾਤਮਾ ਨਾਲ ਇਕਮਿਕ ਕਰ ਕੇ ਪਰਮ ਆਨੰਦ ਦੀ ਅਵਸਥਾ ਵਿਚ ਰਹਿੰਦਾ ਹੈ। ਇਹੀ ਨਿਰਮਲ ਮਨ ਦੀ ਅਵਸਥਾ ਹੈ।

ਉਹੀ ਮਾਰਗ ਚੁਣੀਏ, ਜਿਸ ਨਾਲ ਮਨ ਸ਼ੁੱਧ ਹੋਵੇ। ਹਰ ਵੇਲੇ ਮੈਲੇ ਵਿਚਾਰਾਂ ਤੋਂ ਬਚੇ ਰਹੀਏ। ਸੱਚ ਨਾਲ ਜੁੜਨਾ ਹੀ ਨਿਰਮਲ ਮਨ ਹੈ, ਝੂਠ ਨਾਲ ਜੁੜੇ ਰਹਿਣਾ ਹੀ ਮੈਲਾ ਮਨ ਹੈ:

**ਮੈਲੁ ਲਾਗੈ ਸਚ ਬਿਨਾ॥** *(ਧਨਾਸਰੀ ਛੰਤ ਮਹਲਾ ੧, ਪੰਨਾ 687)*

•

Sri Satguru Jagjit Singh Ji eLibrary NamdhariElibrary@gmail.com

# ਪਾਣੀ ਰਿੜਕਣਾ—ਦਹੀਂ ਰਿੜਕਣਾ

ਮਨੁੱਖਾ ਜੀਵਨ ਵਿਚ ਕਈਆਂ ਨੇ ਪਾਣੀ ਹੀ ਰਿੜਕਿਆ ਹੈ ਅਤੇ ਕਈਆਂ ਨੇ ਦਹੀਂ ਰਿੜਕਿਆ ਹੈ। ਭਾਵੇਂ ਸੰਸਾਰ ਵਿਚ ਸਭ ਨੂੰ ਪਤਾ ਹੈ ਕਿ ਪਾਣੀ ਰਿੜਕਣ ਨਾਲ ਮੱਖਣ ਨਹੀਂ ਨਿਕਲਦਾ, ਪਰ ਫਿਰ ਵੀ ਸ਼ਾਇਦ ਕੋਈ ਭੁਲੇਖਾ ਖਾ ਕੇ ਪਾਣੀ ਰਿੜਕਦਾ ਹੋਵੇ। ਧਾਰਮਕ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਤਕਰੀਬਨ ਜਗਤ ਵਿਚ ਅਣ-ਗਿਣਤੀ ਝੂਠੇ ਧੰਧਿਆਂ ਵਿਚ ਫਸ ਕੇ ਸਮਾਂ ਗੁਜ਼ਾਰਦੀ ਤੇ ਰਾਤ ਦਿਨ ਮਿਹਨਤ ਕਰ ਕੇ ਧਨ ਇਕੱਠਾ ਕਰੀ ਜਾ ਰਹੀ ਹੈ। ਇਹ ਸਭ ਪਾਣੀ ਹੀ ਰਿੜਕਣ ਵਾਲੀ ਗੱਲ ਹੈ।

ਗੁਰਬਾਣੀ ਦਾ ਫ਼ੁਰਮਾਨ ਹੈ:

**ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੂ ਕੈਸੇ ਰੀਸੈ ॥**
**ਬਿਨੁ ਗੁਰ ਭੇਟੇ ਮੁਕਤਿ ਨ ਕਾਹੂ ਮਿਲਤ ਨਹੀ ਜਗਦੀਸੈ ॥**

*(ਸਾਰਗ ਮ: ੫, ਪੰਨਾ 1205)*

ਇਸ ਤਰ੍ਹਾਂ ਸੰਸਾਰ ਵਿਚ ਹੀ ਜੀਵਨ ਬਿਤੀਤ ਕਰਦੇ ਰਹਿਣ ਨਾਲ ਸੁਖ-ਰੂਪੀ ਮੱਖਣ ਨਹੀਂ ਨਿਕਲ ਸਕਦਾ। ਜਿਵੇਂ ਕੋਈ ਫ਼ਜ਼ੂਲ ਦੀ ਹੀ ਬਹਿਸ ਕਰਦਾ ਹੋਵੇ ਤਾਂ ਆਖ ਦਿੱਤਾ ਜਾਂਦਾ ਹੈ ਕਿ ਛੱਡੋ ਮਿੱਤਰੋ! ਇਸ ਤਰ੍ਹਾਂ ਐਵੇਂ ਪਾਣੀ ਵਿਚ ਮਧਾਣੀ ਨਾ ਪਾਵੋ। ਪਰ ਹਰ ਮਨੁੱਖ ਨੂੰ ਪਤਾ ਹੋਣਾ ਚਾਹੀਦੈ ਕਿ ਮੈਂ ਵੀ ਐਵੇਂ ਮਨ ਨੂੰ ਸੰਸਾਰ ਵਿਚ ਲਗਾ ਕੇ ਪਾਣੀ ਵਿਚ ਮਧਾਣੀ ਹੀ ਪਾਈ ਹੋਈ ਹੈ। ਹਾਲਾਂਕਿ ਮਧਾਣੀ ਬੜੀ ਮਿਹਨਤ ਨਾਲ ਬਣਾਈ ਜਾਂਦੀ ਹੈ, ਬੜੀ ਕੰਮ ਦੀ ਚੀਜ਼ ਹੈ ਮਧਾਣੀ, ਪਰ ਨਿਰੀ ਮਧਾਣੀ ਨੂੰ ਕੀ ਕਰਨਾ ਹੈ, ਜੇਕਰ ਪਾਸ ਦੁੱਧ ਹੀ ਨਹੀਂ ਹੈ। ਸਾਡੇ ਪਾਸ ਸਰੀਰਕ ਤਾਕਤ ਤੇ ਮਾਨਸਿਕ ਤਾਕਤ ਦਾ ਹੋਣਾ ਹੀ ਮਧਾਣੀ ਹੈ। ਪਰ ਜੇਕਰ ਸਰੀਰਕ ਤਾਕਤ ਤੇ ਮਾਨਸਿਕ ਤਾਕਤ ਦੀ ਵਰਤੋਂ ਸੰਸਾਰ ਲਈ ਹੀ ਕੀਤੀ ਹੈ ਤਾਂ ਮਧਾਣੀ ਨੂੰ ਪਾਣੀ ਵਿਚ ਹੀ ਪਾਇਆ ਹੈ।

ਭਾਈ ਗੁਰਦਾਸ ਜੀ ਜ਼ਿਕਰ ਕਰਦੇ ਹਨ ਕਿ ਬੰਦਾ ਆਪਣੀ ਹਉਮੈ ਵਿਚ ਭਰਿਆ ਪਿਆ ਹੈ। ਆਪਣੀ ਤਾਕਤ ਦੇ ਅਹੰਕਾਰ ਵਿਚ ਹੈ। ਤਾਕਤ ਦਾ ਹੋਣਾ ਚੰਗੀ ਗੱਲ ਹੈ, ਪਰ ਤਾਕਤ ਦੀ ਵਰਤੋਂ ਜਿਥੇ ਕਰਨੀ ਸੀ, ਉਹ ਤਾਂ ਕੰਮ ਹੀ ਨਹੀਂ ਕੀਤਾ। ਗਊਆਂ ਤਾਂ ਮਾਲਕ ਦੇ ਘਰ ਹਨ ਪਰ ਇਹ ਐਵੇਂ ਹੀ ਮਧਾਣੀ ਘੜਾਈ ਫਿਰਦਾ ਹੈ:

**ਗਾਂਈ ਘਰਿ ਗੋਸਾਂਈਆਂ ਮਾਧਾਣੁ ਘੜਾਏ ॥੧੧॥੩੪॥**

*(ਵਾਰਾਂ ਭਾਈ ਗੁਰਦਾਸ ਜੀ)*

ਚਾਹੀਦਾ ਤਾਂ ਇਹ ਹੈ ਕਿ ਘਰ ਵਿਚ ਗਊਆਂ ਵੀ ਹੁੰਦੀਆਂ ਤੇ ਮਧਾਣੀਆਂ ਵੀ। ਬੰਦਾ ਹਰ ਰੋਜ਼ ਗੁਰੂ-ਘਰ ਵਿਚ ਜਾਂਦਾ, ਹਰ ਰੋਜ਼ ਦਾ ਨਿਤਨੇਮ ਹੁੰਦਾ, ਸਿਮਰਨ ਵਿਚ ਰੁਚੀ ਰੱਖਦਾ। ਪਰ ਕਈ ਥਾਵਾਂ 'ਤੇ ਕੁਝ ਬੰਦੇ ਬੜੀ ਧਾਰਮਕ ਵਿਦਿਆ ਪੜ੍ਹ ਗਏ ਤੇ ਫਿਰ ਥਾਂ ਥਾਂ ਜਾ ਕੇ ਧਾਰਮਕ ਚਰਚਾ ਵਿਚ ਹੀ ਸਮਾਂ ਬਿਤਾਂਦੇ ਰਹੇ, ਗੁਰੂ ਸਾਹਿਬ ਜੀ ਐਸੇ ਪੰਡਿਤਾਂ ਪ੍ਰਤਿ ਕਥਨ ਕਰਦੇ ਹਨ:

**ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥**
**ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥**

*(ਸੋਰਠਿ ਮ: ੧, ਪੰਨਾ 635)*

ਐ ਪੰਡਿਤ, ਸ਼ਾਸਤਰ ਤਾਂ ਬਹੁਤ ਰਿੜਕੇ ਹਨ ਪਰ ਆਪਣੇ ਮਨ ਨੂੰ ਨਹੀਂ ਰਿੜਕਿਆ। ਇਸ ਤਰ੍ਹਾਂ ਤੂੰ ਕੁਝ ਪ੍ਰਾਪਤ ਨਹੀਂ ਕਰ ਸਕੇਂਗਾ। ਬਹੁਤੇ ਗ੍ਰੰਥ ਪੜ੍ਹ ਜਾਣੇ ਵੀ ਪਾਣੀ ਰਿੜਕਣ ਵਾਲੀ ਹੀ ਗੱਲ ਹੈ। ਇਸ ਵਾਸਤੇ ਜੀਵਨ ਦੇ ਚੰਗੇ ਕਰਮ ਬਣ ਜਾਣ ਤਾਂ ਹੀ ਸੁਖ ਰੂਪੀ ਮੱਖਣ ਨਿਕਲ ਸਕੇਗਾ।

ਪੰਜਾ ਸਾਹਿਬ ਦੇ ਕਿਨਾਰੇ ਕੁਝ ਔਰਤਾਂ ਦਹੀਂ ਰਿੜਕ ਰਹੀਆਂ ਸਨ। ਰਸਤੇ ਵਿਚ ਜਾਂਦੀ ਜਾਂਦੀ ਇਕ ਔਰਤ ਇਧਰ ਆ ਗਈ ਤੇ ਉਨ੍ਹਾਂ ਔਰਤਾਂ ਨੂੰ ਦਹੀਂ ਰਿੜਕਦੀਆਂ ਤੱਕ ਕੇ ਖਲੋ ਗਈ ਤੇ ਪੁੱਛਣ ਲੱਗੀ ਕਿ ਭੈਣੋਂ, ਇਹ ਕੀ ਕਰਦੀਆਂ ਹੋ ? ਤਾਂ ਉਨ੍ਹਾਂ ਔਰਤਾਂ ਵਿੱਚੋਂ ਇਕ ਕਹਿਣ ਲੱਗੀ ਕਿ ਭੈਣ, ਮੱਖਣ ਕੱਢ ਰਹੀਆਂ ਹਾਂ। ਪੁੱਛਣ ਵਾਲੀ ਔਰਤ ਨੇ ਫਿਰ ਕਿਹਾ ਕਿ ਮੱਖਣ ਘਰ ਨਹੀਂ ਕੱਢ ਸਕਦੀਆਂ, ਇਥੇ ਆ ਕੇ ਕਿਉਂ ਮੱਖਣ ਕੱਢ ਰਹੀਆਂ ਹੋ ? ਅੱਗੋਂ ਦੂਜੀ ਔਰਤ ਨੇ ਕਿਹਾ ਕਿ ਬਾਬਾ ਨਾਨਕ ਮੱਖਣ ਦਿੰਦਾ ਹੈ। ਉਸ ਦਾ ਕਹਿਣ ਦਾ ਭਾਵ ਇਹ ਸੀ, ਕਿ ਇਥੇ ਬਾਬੇ ਨਾਨਕ ਜੀ ਦੀ ਬਖ਼ਸ਼ਿਸ਼ ਸਦਕਾ ਠੰਡਾ ਪਾਣੀ ਮਿਲ ਜਾਂਦਾ ਹੈ ਤੇ ਕਿਉਂਕਿ ਜ਼ਿਆਦਾ ਗਰਮੀ ਵਿਚ ਮੱਖਣ ਪਿਘਲ ਜਾਂਦਾ ਹੈ, ਤੇ ਕੱਢਣਾ ਮੁਸ਼ਕਲ ਹੋ ਜਾਂਦਾ ਹੈ, ਇਸ ਲਈ ਠੰਡਾ ਪਾਣੀ ਹੋਣ ਕਰਕੇ ਇਹ ਸਾਰੀਆਂ ਔਰਤਾਂ ਇਥੇ ਆ ਕੇ ਰੇੜਕਾ ਪਾ ਲੈਂਦੀਆਂ ਹਨ, ਮੱਖਣ ਆਸਾਨੀ ਨਾਲ ਨਿਕਲ ਆਉਂਦਾ ਹੈ। ਇਸ ਕਰਕੇ ਇਹ ਜਵਾਬ ਦਿੱਤਾ ਸੀ ਕਿ ਬਾਬਾ ਜੀ ਮੱਖਣ ਦਿੰਦੇ ਹਨ। ਇਹ ਰਾਹੇ ਰਾਹ ਜਾਣ ਵਾਲੀ ਔਰਤ ਕਹਿਣ ਲੱਗੀ ਕਿ ਅਗਰ ਬਾਬਾ ਨਾਨਕ ਜੀ ਮੱਖਣ ਦਿੰਦੇ ਹਨ ਤਾਂ ਕੱਲ ਤੋਂ ਮੈਂ ਵੀ ਇਥੇ ਆ ਕੇ ਮੱਖਣ ਕੱਢਿਆ ਕਰਾਂਗੀ। ਦੂਜੇ ਦਿਨ ਇਹ ਔਰਤ ਵੀ ਘਰੋਂ ਮਟਕੀ ਤੇ ਮਧਾਣੀ ਲੈ ਕੇ ਆ ਗਈ। ਸ੍ਰੀ ਪੰਜਾ ਸਾਹਿਬ ਜੀ ਦਾ ਪਾਣੀ ਪਾ ਕੇ ਰਿੜਕਣ ਲੱਗ ਪਈ। ਜਿਉਂ ਰਿੜਕਣ ਲੱਗੀ, ਜਿਉਂ ਰਿੜਕਣ ਲੱਗੀ, ਬੜੀ ਦੇਰ ਤਕ ਰਿੜਕਦੀ ਰਹੀ, ਪਰ ਮੱਖਣ ਕੋਈ ਨਾ ਨਿਕਲਿਆ। ਅਖ਼ੀਰ ਬੜੀ ਪਰੇਸ਼ਾਨ ਹੋ ਗਈ ਤੇ ਦੂਜੀਆਂ ਸਾਰੀਆਂ ਔਰਤਾਂ ਨੂੰ ਕਹਿਣ ਲੱਗੀ ਕਿ ਤੁਸੀਂ ਝੂਠ ਬੋਲਦੀਆਂ ਹੋ ਕਿ ਬਾਬਾ ਨਾਨਕ ਜੀ ਮੱਖਣ ਦਿੰਦੇ ਹਨ। ਮੇਰੀ ਮਟਕੀ ਵਿੱਚੋਂ ਕੋਈ ਮੱਖਣ ਨਹੀਂ ਨਿਕਲਿਆ। ਤਾਂ ਬਾਕੀ ਸਾਰੀਆਂ ਔਰਤਾਂ ਕਹਿਣ ਲੱਗੀਆਂ ਕਿ ਬਾਬਾ ਨਾਨਕ ਜੀ ਮੱਖਣ ਉਹਨਾਂ ਨੂੰ ਦਿੰਦੇ ਹਨ ਜਿਹੜੀਆਂ ਆਪਣੀ ਮਟਕੀ ਵਿਚ ਘਰੋਂ ਦਹੀਂ ਲੈ ਕੇ ਆਉਂਦੀਆਂ ਹਨ। ਖ਼ਾਲੀ ਮਟਕੀ ਲੈ ਕੇ ਆਉਣ ਵਾਲੀਆਂ ਨੂੰ ਇਥੋਂ ਮੱਖਣ ਨਹੀਂ

Sri Satguru Jagjit Singh Ji eLibrary NamdhariElibrary@gmail.com

ਨਿਕਲ ਸਕਦਾ। ਜੇਕਰ ਮੱਖਣ ਕੱਢਣਾ ਹੈ ਤਾਂ ਘਰੋਂ ਦਹੀਂ ਲੈ ਕੇ ਆ ਤੇ ਫਿਰ ਇਥੇ ਆ ਕੇ ਰਿੜਕੀਂ। ਤੂੰ ਤਾਂ ਇਥੋਂ ਪਾਣੀ ਪਾ ਕੇ ਰਿੜਕੀ ਜਾ ਰਹੀਂ ਹੈਂ।

ਹੂ-ਬ-ਹੂ ਇਹ ਘਟਨਾ ਸਾਡੇ ਜੀਵਨ ਨਾਲ ਬੜੀ ਸੰਬੰਧਤ ਹੈ, ਜੇਕਰ ਅਸੀਂ ਵੀ ਆਪਣੀ ਮਟਕੀ ਵਿਚ ਦਹੀਂ ਪਾਵਾਂਗੇ ਤਾਂ ਹੀ ਮੱਖਣ ਨਿਕਲ ਸਕੇਗਾ। ਸਾਡੀ ਮਟਕੀ ਕਿਹੜੀ ਹੈ ? ਇਹ ਸਮਝਣ ਲਈ ਭਗਤ ਕਬੀਰ ਜੀ ਦਾ ਇਹ ਸ਼ਬਦ ਧਿਆਨ ਨਾਲ ਵਿਚਾਰੀਏ :

**ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥**
**ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥ਰਹਾਉ॥**
**ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ ॥**
**ਇਸੁ ਮਟੁਕੀ ਮਹਿ ਸਬਦੁ ਸੰਜੋਈ ॥**
**ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ ॥**
**ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ ॥** *(ਆਸਾ ਕਬੀਰ ਜੀਉ, ਪੰਨਾ 478)*

ਸ੍ਰੀ ਕਬੀਰ ਜੀ ਕਥਨ ਕਰਦੇ ਹਨ ਕਿ ਇਹ ਸਾਡਾ ਸਰੀਰ ਹੀ ਮਟਕੀ ਹੈ। ਗੁਰੂ ਦੇ ਉਪਦੇਸ਼-ਰੂਪ ਸ਼ਬਦ ਦਹੀਂ ਹਨ। ਜਿਨ੍ਹਾਂ ਦੇ ਹਿਰਦੇ ਵਿਚ ਗੁਰੂ-ਸ਼ਬਦ ਟਿਕਿਆ ਹੋਇਆ ਹੈ, ਤਿਨ੍ਹਾਂ ਦੀ ਮਟਕੀ ਵਿਚ ਦਹੀਂ ਹੈ। ਬਾਰ ਬਾਰ ਦਾ ਸਿਮਰਨ, ਅਭਿਆਸ ਹੀ ਰਿੜਕਣਾ ਹੈ। ਜਿਵੇਂ ਰਿੜਕਣ ਲੱਗਿਆਂ ਬਹੁਤ ਕਾਹਲੀ ਕਾਹਲੀ ਨਹੀਂ ਰਿੜਕਣਾ ਚਾਹੀਦਾ, ਕਾਹਲੀ ਕਾਹਲੀ ਰਿੜਕਣ ਨਾਲ ਮੱਖਣ ਲੱਸੀ ਵਿਚ ਰਲ ਜਾਂਦਾ ਹੈ, ਤਿਵੇਂ ਹੀ ਸਿਮਰਨ ਵੀ ਟਿਕ ਕੇ ਹੀ ਕੀਤਾ ਜਾਣਾ ਚਾਹੀਦਾ ਹੈ, ਤਾਕਿ ਮਨ ਵਿਚ ਸਿਮਰਨ ਦੇ ਭਾਵ ਸਮਝ ਆਉਂਦੇ ਰਹਿਣ। ਮਨ ਵਿਚ ਵਾਹਿਗੁਰੂ ਦੀ ਹੋਂਦ ਨੂੰ ਵਿਚਾਰਦੇ ਰਹੀਏ। ਇਸ ਤਰ੍ਹਾਂ ਬਾਰ ਬਾਰ ਦੇ ਅਭਿਆਸ ਨਾਲ ਹਿਰਦੇ ਵਿਚ ਪੂਰਨ ਬੋਧ ਹੋ ਜਾਣਾ ਹੀ ਮੱਖਣ ਦਾ ਕੱਢਣਾ ਹੈ।

ਇਹ ਗੱਲ ਜ਼ਰੂਰ ਧਿਆਨ ਵਿਚ ਰੱਖਣੀ ਕਿ ਜਿਸ ਭਾਂਡੇ ਵਿਚ ਪਹਿਲਾਂ ਦੁੱਧ ਪਾਉਣਾ ਹੈ, ਉਹ ਭਾਂਡਾ ਚੰਗੀ ਤਰ੍ਹਾਂ ਸਾਫ਼ ਕਰਨਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ :

**ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥**
**ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥**
**ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥ਰਹਾਉ॥**
**ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥**
**ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥**

*(ਰਾਗੁ ਸੂਹੀ ਮ: ੧, ਪੰਨਾ 728)*

ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ ਕਿ ਭਾਂਡਾ ਧੋ ਕੇ ਫਿਰ ਉਸ ਨੂੰ ਧੂਫ ਦੇਵੋ ਤਾਕਿ ਗੰਦੀ ਬਦਬੂ ਭਾਂਡੇ ਵਿੱਚੋਂ ਨਿਕਲ ਜਾਵੇ। ਫਿਰ ਦੁੱਧ ਪਾਵੋ। ਠੀਕ ਢੰਗ ਨਾਲ ਜਾਗ ਲਗਾ ਕੇ ਜਮਾਵੋ ਤਾਂ ਹੀ ਮੱਖਣ ਨਿਕਲ ਸਕਦਾ ਹੈ। ਇਸ ਸਰੀਰ ਰੂਪੀ ਭਾਂਡੇ ਨੂੰ ਵਿਕਾਰਾਂ ਦੀਆਂ ਵਾਸ਼ਨਾਵਾਂ ਤੋਂ ਰਹਿਤ ਕਰਨਾ ਤੇ ਚੰਗੇ ਆਚਰਣ ਵਾਲਾ

Sri Satguru Jagjit Singh Ji eLibrary NamdhariElibrary@gmail.com

ਜੀਵਨ ਬਣਾਉਣਾ ਹੀ ਭਾਂਡੇ ਨੂੰ ਸ਼ੁੱਧ ਕਰਨਾ ਹੈ। ਹਰ ਰੋਜ਼ ਦੀ ਜੋ ਵੀ ਕਿਰਤ ਕੀਤੀ ਜਾ ਰਹੀ ਹੈ, ਉਹ ਦੁੱਧ ਹੈ ਅਤੇ ਸੁਰਤ ਪਰਮਾਤਮਾ ਦੇ ਚਰਨਾਂ ਵਿਚ ਜੁੜੀ ਰਹਿਣੀ ਹੀ ਜਾਗ ਹੈ। ਸੁਰਤ ਦਾ ਦੁਨੀਆ ਤੋਂ ਉੱਚੀ ਉੱਠ ਕੇ, ਜਗਤ ਵਲੋਂ ਉਪਰਾਮ ਹੋਣਾ, ਦਹੀਂ ਦਾ ਜੰਮਣਾ ਹੈ। ਮਨ ਦੀਆਂ ਅਨੇਕ ਬਿਰਤੀਆਂ ਨੂੰ ਕਾਬੂ ਕਰ ਕੇ ਰੱਖਣਾ ਹੀ ਨੇਤ੍ਰੇ ਦੀਆਂ ਰੱਸੀਆਂ ਪਕੜਨਾ ਹੈ। ਮਨ ਨੂੰ ਮੋਹ ਦੀ ਨੀਂਦ ਵਿਚ ਸੌਣ ਨਹੀਂ ਦੇਣਾ, ਬਾਰ ਬਾਰ ਦੇ ਨਾਮ ਜਪਣ ਨਾਲ ਇਹ ਦੁੱਧ ਰਿੜਕੀਂਦਾ ਰਹੇਗਾ ਅਤੇ ਪਰਮ-ਆਨੰਦ-ਰੂਪ ਮੱਖਣ ਦੀ ਪ੍ਰਾਪਤੀ ਹੁੰਦੀ ਰਹੇਗੀ। ਇਸ ਤਰ੍ਹਾਂ ਸਹੀ ਤਰੀਕੇ ਨਾਲ ਦੁੱਧ ਪਾਉਣਾ ਹੈ, ਸਹੀ ਢੰਗ ਨਾਲ ਜਮਾਉਣਾ ਵੀ ਹੈ, ਸਹੀ ਤਰੀਕੇ ਨਾਲ ਰਿੜਕਣਾ ਵੀ ਹੈ, ਤਾਂ ਹੀ ਦੁੱਧ ਤੋਂ ਮੱਖਣ ਤਕ ਪਹੁੰਚਿਆ ਜਾ ਸਕਦਾ ਹੈ।

ਇਕ ਗਾਥਾ ਹੈ—ਇਕ ਘਰ ਨਵ-ਵਿਆਹੀ ਨੂੰਹ ਆਈ। ਥੋੜ੍ਹੇ ਸਮੇਂ ਤੋਂ ਬਾਦ ਘਰ ਦੀ ਨੂੰਹ ਰਾਣੀ ਨੇ ਘਰ ਦਾ ਸਾਰਾ ਕੰਮ-ਕਾਜ ਸੰਭਾਲਣਾ ਸ਼ੁਰੂ ਕੀਤਾ। ਇਕ ਦਿਨ ਨੂੰਹ ਨੇ ਦੁੱਧ ਗਰਮ ਕੀਤਾ ਅਤੇ ਜਮਾਉਣ ਵਾਲੇ ਭਾਂਡੇ ਵਿਚ ਪਾ ਕੇ ਜਾਗ ਲਾ ਦਿੱਤੀ। ਤੜਕੇ ਹੀ ਉੱਠ ਕੇ ਜਦੋਂ ਦਹੀਂ ਵਿਚ ਮਧਾਣੀ ਪਾਉਣ ਲੱਗੀ ਤਾਂ ਸੱਸ ਨੇ ਆਵਾਜ਼ ਦਿੱਤੀ ਕਿ ਬੇਟੀ, ਜ਼ਰਾ ਠਹਿਰ ਜਾ। ਸੱਸ ਨਜ਼ਦੀਕ ਆਈ ਅਤੇ ਭਾਂਡੇ ਦਾ ਢੱਕਣ ਚੁੱਕ ਕੇ ਜਦ ਦਹੀਂ ਨੂੰ ਦੇਖਣ ਲੱਗੀ ਤਾਂ ਇਹ ਸਾਰਾ ਦੁੱਧ ਦਾ ਦੁੱਧ ਹੀ ਸੀ। ਸਹੀ ਢੰਗ ਨਾਲ ਜਾਗ ਨਾ ਲੱਗ ਸਕਣ ਦੇ ਕਾਰਣ ਦਹੀਂ ਨਹੀਂ ਸੀ ਜੰਮ ਸਕਿਆ। ਸੱਸ ਨੇ ਆਖਿਆ ਕਿ ਬੱਚੀ, ਹਮੇਸ਼ਾ ਹੀ ਇਹ ਗੱਲ ਯਾਦ ਰੱਖੀਂ ਕਿ ਰਿੜਕਣ ਤੋਂ ਪਹਿਲਾਂ ਦੇਖ ਲਿਆ ਕਰ ਕਿ ਦਹੀਂ ਜੰਮਿਆ ਵੀ ਹੈ ਕਿ ਨਹੀਂ। ਜੰਮੇ ਦਹੀਂ ਵਿੱਚੋਂ ਹੀ ਮੱਖਣ ਨਿਕਲ ਸਕਦਾ ਹੈ। ਹੂ-ਬ-ਹੂ ਅਗਰ ਸਾਡੀ ਸੁਰਤ ਟਿਕੀ ਹੋਈ ਹੋਵੇਗੀ, ਤਾਂ ਹੀ ਗੁਰੂ ਦੇ ਸ਼ਬਦ ਵਿੱਚੋਂ ਆਨੰਦ ਆ ਸਕੇਗਾ। ਸੁਰਤ ਹੋਰ ਹੋਰ ਪਾਸੇ ਦੌੜ ਰਹੀ ਹੋਵੇਗੀ ਤਾਂ ਗੁਰੂ ਦਾ ਸ਼ਬਦ ਸੁਣ ਕੇ ਵੀ ਆਨੰਦ ਨਹੀਂ ਮਾਣ ਸਕੀਦਾ। ਗੁਰੂ ਪਾਸ ਰਹਿਣਾ ਹੋਰ ਗੱਲ ਹੈ, ਪਰ ਗੁਰੂ ਨਾਲ ਪ੍ਰੇਮ ਹੋਣਾ ਹੋਰ ਗੱਲ ਹੈ।

ਧੰਨ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਪਾਸ ਤਾਂ ਹਰ ਵੇਲੇ ਪ੍ਰਿਥਵੀ ਚੰਦ ਵੀ ਰਹਿੰਦਾ ਹੈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਪਾਸ ਹੀ ਰਹਿੰਦੇ ਹਨ। ਪ੍ਰਿਥਵੀ ਚੰਦ ਦੀ ਸੁਰਤ ਮਾਇਆ ਵਿਚ ਹੈ, ਪਦਾਰਥਾਂ ਵਿਚ ਹੈ, ਗੱਦੀ ਸੰਭਾਲਣ ਵਿਚ ਹੈ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਰਤ ਗੁਰੂ ਦੇ ਸ਼ਬਦ ਵਿਚ ਹੈ। ਪ੍ਰਿਥਵੀ ਤਾਂ ਗੁਰੂ-ਪਿਤਾ ਨਾਲ ਜੁੜ ਹੀ ਨਹੀਂ ਸਕਿਆ। ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਗੁਰਦੇਵ-ਪਿਤਾ ਨੂੰ ਸਿਰਫ਼ ਪਿਤਾ ਹੀ ਨਹੀਂ ਸਮਝਦੇ, ਬਲਕਿ ਅਕਾਲ ਪੁਰਖ ਦਾ ਰੂਪ ਸਮਝਦੇ ਹਨ।

ਇਸ ਕਰਕੇ ਗੁਰੂ-ਸ਼ਬਦ ਵਿਚ ਸੁਰਤ ਦਾ ਜੁੜ ਕੇ ਸਿਮਰਨ ਵਿਚ ਜੁੜ ਜਾਣਾ ਹੀ ਆਨੰਦ ਦਾ ਕਾਰਣ ਹੋ ਸਕਦਾ ਹੈ। ਕਬੀਰ ਜੀ ਦਾ ਫ਼ੁਰਮਾਨ ਹੈ:

**ਕਬੀਰ ਮਾਇਆ ਡੋਲਨੀ ਪਵਨੁ ਵਹੈ ਹਿਵ ਧਾਰ ॥**
**ਜਿਨਿ ਬਿਲੋਇਆ ਤਿਨਿ ਖਾਇਆ ਅਵਰ ਬਿਲੋਵਨਹਾਰ ॥**

Sri Satguru Jagjit Singh Ji eLibrary NamdhariElibrary@gmail.com

**ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ ॥**
**ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ ॥** *(ਸਲੋਕ ਕਬੀਰ ਜੀ, ਪੰਨਾ 1365)*

ਜਗਤ ਵਿਚ ਕਈਆਂ ਨੇ ਤਾਂ ਪਾਣੀ ਹੀ ਰਿੜਕਿਆ ਹੈ, ਸੰਸਾਰਕ ਧੰਧਿਆਂ ਵਿਚ ਹੀ ਜੀਵਨ ਬੀਤ ਰਿਹਾ ਹੈ ਤੇ ਕਈਆਂ ਨੇ ਕੁਝ ਚੰਗੇ ਕਰਮ ਕੀਤੇ ਹਨ, ਪਰ ਜੀਵਨ ਚੰਗਾ ਨਹੀਂ ਬਣਿਆ। ਕਈਆਂ ਪਾਸ ਦੁੱਧ ਤਾਂ ਹੈ ਪਰ ਮੱਖਣ ਕੱਢਣ ਤਕ ਨਹੀਂ ਪਹੁੰਚ ਸਕੇ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪੀਰ ਦਸਤਗੀਰ ਨੂੰ ਆਖ ਦਿੱਤਾ ਸੀ ਕਿ ਖ਼ੁਦਾ ਨੂੰ ਅਗਰ ਤੁਸੀਂ ਦੇਖਣਾ ਚਾਹੁੰਦੇ ਹੋ ਤਾਂ ਸੁਰਤ ਟਿਕਾਣੀ ਪਵੇਗੀ। ਦੁੱਧ ਦਾ ਕਟੋਰਾ ਮੰਗਵਾ ਕੇ ਆਖ ਦਿੱਤਾ ਸੀ ਕਿ ਪੀਰ ਜੀ, ਇਸ ਵਿਚ ਮੱਖਣ ਹੈ ਕਿ ਨਹੀਂ? ਪੀਰ ਜੀ ਨੇ ਕਿਹਾ ਸੀ ਕਿ ਮੱਖਣ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਅਗਰ ਮੱਖਣ ਹੈ ਤਾਂ ਨਜ਼ਰ ਕਿਉਂ ਨਹੀਂ ਆਉਂਦਾ? ਤਾਂ ਪੀਰ ਜੀ ਨੇ ਕਿਹਾ ਕਿ ਇਸ ਨੂੰ ਗਰਮ ਕਰ ਕੇ ਪਹਿਲਾਂ ਜਮਾਉਣਾ ਪਵੇਗਾ, ਫਿਰ ਰਿੜਕ ਕੇ ਮੱਖਣ ਨਜ਼ਰ ਆਵੇਗਾ। ਤਾਂ ਸਾਹਿਬਾਂ ਕਿਹਾ ਸੀ ਕਿ ਇਸੇ ਤਰ੍ਹਾਂ ਹੀ ਪਹਿਲਾਂ ਸੁਰਤ ਜੰਮ ਜਾਵੇ, ਫਿਰ ਸਿਮਰਨ ਦੀ ਬਾਰ-ਬਾਰ ਦ੍ਰਿੜ੍ਹਤਾ ਸਹਿਤ ਰਿੜਕਿਆ ਜਾਵੇ, ਤਾਂ ਹੀ ਪਰਮਾਤਮਾ ਨਜ਼ਰ ਆ ਸਕੇਗਾ। ਭਾਈ ਸਾਹਿਬ ਭਾਈ ਗੁਰਦਾਸ ਜੀ ਜ਼ਿਕਰ ਕਰਦੇ ਹਨ:

**ਜੈਸੇ ਤਿਲ ਬਾਸ, ਬਾਸ ਲੀਜੀਅਤ ਕੁਸਮ ਤੇ,**
**ਤਾਂ ਤੇ ਹੋਤ ਹੈ ਫੁਲੇਲ ਜਤਨ ਕੈ ਜਾਨੀਐ ॥**
**ਜੈਸੇ ਤਉ ਅਉਟਾਇ ਦੂਧ ਜਾਮਨ ਜਮਾਇ ਮਥਿ,**
**ਸੰਜਮ ਸਹਤ ਘ੍ਰਿਤ ਪ੍ਰਗਟਾਇ ਮਾਨੀਐ ॥**
**ਜੈਸੇ ਕੂਆ ਖੋਦ ਕਰਿ ਬਸੁਧਾ ਧਸਾਇ ਕੋਠੀ,**
**ਲਾਜ ਕਉ ਬਹਾਇ ਡੋਲ ਕਾਢਿ ਜਲ ਆਨੀਐ ॥**
**ਗੁਰ ਉਪਦੇਸ ਤੈਸੇ ਭਾਵਨੀ ਭਕਤ ਭਾਇ,**
**ਘਟ ਘਟ ਪੂਰਨ ਬ੍ਰਹਮ ਪਹਿਚਾਨੀਐ ॥੬੦੯॥**

ਭਾਵੇਂ ਸਭ ਫੁੱਲਾਂ ਵਿਚ ਖ਼ੁਸ਼ਬੂ ਹੈ, ਪਰ ਮਿਹਨਤ ਕਰ ਕੇ, ਸਾਰੇ ਫੁੱਲ ਇਕੱਠੇ ਕਰ ਕੇ, ਫਿਰ ਜਿਵੇਂ ਸਹੀ ਢੰਗ ਨਾਲ ਹੀ ਇਤਰ ਕੱਢਿਆ ਜਾਂਦਾ ਹੈ, ਤਿਵੇਂ ਹੀ ਦੁੱਧ ਨੂੰ ਉਬਾਲ ਕੇ, ਜਮਾਅ ਕੇ ਰਿੜਕਣਾ ਪੈਂਦਾ ਹੈ। ਸਾਰੀ ਲੱਸੀ ਵਿਚ ਮਿਲਿਆ ਹੋਇਆ ਮੱਖਣ ਇਕੱਠਾ ਕੀਤਾ ਜਾਂਦਾ ਹੈ, ਤਦ ਜਾ ਕੇ ਮੱਖਣ ਦਿੱਸਦਾ ਹੈ। ਧਰਤੀ ਵਿਚੋਂ ਪਾਣੀ ਕੱਢਣ ਲਈ ਖੂਹ ਖੋਦਿਆ ਜਾਂਦਾ ਹੈ, ਫਿਰ ਚਾਰ ਚੁਫੇਰੇ ਦੀ ਪੱਕੀ ਦੀਵਾਰ ਬਣਾ ਕੇ ਥੱਲੇ ਧਸਾ ਦਿੱਤੀ ਜਾਂਦੀ ਹੈ। ਫਿਰ ਤਿਆਰ ਹੋਏ ਖੂਹ ਵਿੱਚੋਂ ਪਾਣੀ ਕੱਢਣ ਲਈ ਲੰਬੀ ਰੱਸੀ ਲੈ ਕੇ, ਬਾਲਟੀ ਨਾਲ ਬੰਨ੍ਹ ਕੇ, ਖੂਹ ਵਿਚ ਲਮਕਾ ਕੇ ਪਾਣੀ ਤਕ ਪਹੁੰਚ ਕੀਤੀ ਜਾਂਦੀ ਹੈ, ਫਿਰ ਜਾ ਕੇ ਪਾਣੀ ਨਿਕਲਦਾ ਹੈ।

ਇਸੇ ਹੀ ਤਰ੍ਹਾਂ ਗੁਰੂ ਦੇ ਉਪਦੇਸ਼ ਨੂੰ ਬੜੇ ਹੀ ਪ੍ਰੇਮ ਨਾਲ ਸੁਣ ਕੇ ਫਿਰ ਜੀਵਨ ਬਣਾਇਆ ਜਾਵੇ, ਤਦ ਹੀ ਹਰ ਥਾਂ 'ਤੇ ਪਰਮਾਤਮਾ ਨੂੰ ਦੇਖਿਆ ਜਾ ਸਕਦਾ ਹੈ।

ਇਕ ਮਨੁੱਖ ਦੀ ਨਿਗ੍ਹਾ ਬੰਦ ਹੋ ਗਈ ਤਾਂ ਉਹ ਅੱਖਾਂ ਦੇ ਡਾਕਟਰ ਪਾਸ ਗਿਆ। ਡਾਕਟਰ ਸਾਹਿਬ ਨੂੰ ਕਹਿਣ ਲੱਗਾ ਕਿ ਡਾਕਟਰ ਜੀ, ਤੁਸੀਂ ਮੇਰੀਆਂ ਅੱਖਾਂ ਟੈਸਟ ਕਰ ਕੇ ਦੱਸੋ ਕਿ ਮੈਂ ਹੁਣ ਫਿਰ ਤੋਂ ਦੇਖ ਸਕਾਂਗਾ ਕਿ ਨਹੀਂ ? ਡਾਕਟਰ ਨੇ ਅੱਖਾਂ ਟੈਸਟ ਕੀਤੀਆਂ ਤੇ ਮਰੀਜ਼ ਨੂੰ ਕਿਹਾ ਕਿ ਤੇਰੀਆਂ ਅੱਖਾਂ ਬਣ ਸਕਦੀਆਂ ਹਨ। ਮਰੀਜ਼ ਕਹਿਣ ਲੱਗਾ ਕਿ ਜਦ ਮੇਰੀਆਂ ਅੱਖਾਂ ਬਣ ਜਾਣਗੀਆਂ ਤਾਂ ਕੀ ਮੈਂ ਦੇਖ ਸਕਾਂਗਾ ? ਡਾਕਟਰ ਕਹਿਣ ਲੱਗਾ ਕਿ ਹਾਂ, ਤੂੰ ਬਿਲਕੁਲ ਦੇਖ ਸਕੇਂਗਾ। ਮਰੀਜ਼ ਨੇ ਦੁਬਾਰਾ ਫਿਰ ਪੁੱਛਿਆ ਕਿ ਡਾਕਟਰ ਜੀ, ਕੀ ਮੈਂ ਪੜ੍ਹ ਵੀ ਸਕਾਂਗਾ ? ਡਾਕਟਰ ਕਹਿਣ ਲੱਗਾ ਕਿ ਹਾਂ, ਤੂੰ ਬਿਲਕੁਲ ਪੜ੍ਹ ਵੀ ਸਕੇਂਗਾ। ਮਰੀਜ਼ ਕਹਿਣ ਲੱਗਾ ਕਿ ਫਿਰ ਕਿਰਪਾ ਕਰ ਕੇ ਮੇਰੀਆਂ ਅੱਖਾਂ ਜਲਦੀ ਹੀ ਬਣਾ ਦਿਓ। ਡਾਕਟਰ ਸਾਹਿਬ ਨੇ ਅੱਖਾਂ ਦਾ ਅਪ੍ਰੇਸ਼ਨ ਕਰ ਦਿੱਤਾ। ਅੱਖਾਂ ਠੀਕ ਹੋ ਗਈਆਂ। ਮਰੀਜ਼ ਤਕਰੀਬਨ ਦੋ ਮਹੀਨੇ ਬਾਅਦ ਡਾਕਟਰ ਸਾਹਿਬ ਕੋਲ ਆ ਕੇ ਕਹਿਣ ਲੱਗਾ ਕਿ ਡਾਕਟਰ ਜੀ, ਮੈਂ ਤਾਂ ਅਜੇ ਵੀ ਨਹੀਂ ਪੜ੍ਹ ਸਕਦਾ। ਡਾਕਟਰ ਨੇ ਦੁਬਾਰਾ ਅੱਖਾਂ ਚੈੱਕ ਕੀਤੀਆਂ। ਅੱਖਾਂ ਦੀ ਨਿਗ੍ਹਾ ਬਿਲਕੁਲ ਠੀਕ-ਠਾਕ ਸੀ। ਡਾਕਟਰ ਬੜਾ ਹੈਰਾਨ ਹੋਇਆ ਕਿ ਤੈਨੂੰ ਪੜ੍ਹਨ ਵਿਚ ਕੋਈ ਮੁਸ਼ਕਲ ਨਹੀਂ ਆਉਣੀ ਚਾਹੀਦੀ। ਡਾਕਟਰ ਨੇ ਨਾ ਪੜ੍ਹ ਸਕਣ ਦੇ ਕਾਰਨ ਨੂੰ ਚੈੱਕ ਕਰਨ ਲਈ ਕੁਝ ਕਿਤਾਬਾਂ ਫੜਾਉਂਦਿਆਂ ਪੁੱਛਿਆ ਕਿ ਤੁਸੀਂ ਕਿਹੜੀ ਭਾਸ਼ਾ ਪੜ੍ਹ ਸਕਦੇ ਹੋ ? ਤਾਂ ਮਰੀਜ਼ ਬੋਲਿਆ ਕਿ ਅਗਰ ਮੈਂ ਕੋਈ ਭਾਸ਼ਾ ਪੜ੍ਹਿਆ ਹੁੰਦਾ ਤਾਂ ਤੁਹਾਨੂੰ ਇਹ ਕਿਉਂ ਪੁੱਛਦਾ ਕਿ ਮੇਰੀਆਂ ਅੱਖਾਂ ਬਣਨ ਤੋਂ ਬਾਅਦ ਕੀ ਮੈਂ ਪੜ੍ਹ ਸਕਾਂਗਾ। ਮੈਂ ਤਾਂ ਕੋਈ ਵੀ ਭਾਸ਼ਾ ਨਹੀਂ ਪੜ੍ਹਿਆ। ਮੈਂ ਤਾਂ ਇਹੀ ਸੋਚਦਾ ਸਾਂ ਕਿ ਅੱਖਾਂ ਬਣ ਜਾਣ ਨਾਲ ਹੀ ਪੜ੍ਹਨਾ ਆ ਜਾਵੇਗਾ। ਤਾਂ ਡਾਕਟਰ ਕਹਿਣ ਲੱਗਾ ਕਿ ਅੱਖਾਂ ਨਾਲ ਦੇਖਣ ਵਿਚ ਤਾਂ ਮੈਂ ਸਹਾਇਤਾ ਕਰ ਸਕਦਾ ਹਾਂ, ਪਰ ਕਿਤਾਬ ਪੜ੍ਹਨ ਵਿਚ ਤੈਨੂੰ ਖ਼ੁਦ ਹੀ ਅੱਖਰਾਂ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ। ਸੋ, ਅਸਾਂ ਵੀ ਗੁਰੂ ਪਾਸੋਂ ਜੋ ਉਪਦੇਸ਼ ਸ੍ਰਵਣ ਕੀਤਾ ਹੈ, ਉਸ ਨੂੰ ਹਿਰਦੇ ਵਿਚ ਮੰਨਣ ਲਈ ਆਪਣੀ ਅਭਿਆਸ ਦੀ ਅਵਸਥਾ ਬਣਾਉਣੀ ਜ਼ਰੂਰੀ ਹੈ, ਤਦ ਹੀ ਜਾ ਕੇ ਖ਼ੁਦ ਪਰਮਾਤਮਾ ਦੇ ਅਨੁਭਵ ਦੀ ਅਵਸਥਾ ਬਣ ਸਕੇਗੀ। ਗੁਰੂ ਗਿਆਨ ਦੀ ਬਖ਼ਸ਼ਿਸ਼ ਕਰਦਾ ਹੈ, ਪਰ ਧਿਆਨ ਦੀ ਅਵਸਥਾ ਵਿਚ ਆਪ ਹੀ ਜੁੜਨਾ ਪੈਂਦਾ ਹੈ।

ਇਕ ਮਨੁੱਖ ਅੱਖਾਂ 'ਤੇ ਐਨਕ ਲਗਾ ਕੇ ਜਦੋਂ ਚੱਲਣ ਲੱਗਾ ਤਾਂ ਠੇਡਾ ਖਾ ਕੇ ਡਿੱਗ ਪਿਆ। ਕਹਿਣ ਲੱਗਾ ਕਿ ਕਮਾਲ ਦੀ ਗੱਲ ਹੋ ਗਈ, ਇਸ ਐਨਕ ਨੇ ਬੜਾ ਧੋਖਾ ਦਿੱਤਾ ਹੈ ਕਿ ਸਾਹਮਣੇ ਪੱਥਰ ਪਿਆ ਦਿਸਿਆ ਹੀ ਨਹੀਂ। ਦੂਸਰੇ ਸੱਜਣ ਨੇ ਕਿਹਾ ਕਿ ਜ਼ਰਾ ਧਿਆਨ ਨਾਲ ਪਹਿਲਾਂ ਐਨਕ ਦੇਖ ਕਿ ਇਹ ਤੇਰੀ ਐਨਕ ਹੈ ਕਿ ਕਿਸੇ ਹੋਰ ਦੀ ਐਨਕ ਲਾਈ ਫਿਰਦਾ ਹੈਂ। ਜਦ ਉਤਾਰ ਕੇ ਚੰਗੀ ਤਰ੍ਹਾਂ ਦੇਖਿਆ ਤਾਂ ਇਹ ਐਨਕ ਆਪਣੀ ਹੈ ਹੀ ਨਹੀਂ ਸੀ। ਸੋ, ਜਦੋਂ ਆਪਣੀਆਂ ਅੱਖਾਂ 'ਤੇ ਐਨਕ ਕਿਸੇ ਹੋਰ ਦੀ ਲੱਗੀ ਹੋਵੇ ਤਾਂ ਬੰਦਾ ਠੋਕਰਾਂ ਜ਼ਰੂਰ ਖਾਂਦਾ ਹੈ। ਸਾਡੇ ਵਿਚਾਰਾਂ ਦੀ ਐਨਕ ਆਪਣੀ ਹੈ ਹੀ ਨਹੀਂ। ਜਦ ਬਿਗਾਨੇ ਵਿਚਾਰਾਂ ਵਿਚ ਹੀ ਜੀਵਨ ਬੀਤਦਾ ਹੋਵੇਗਾ ਤਾਂ ਜੀਵਨ ਵਿਚ ਅਨੇਕਾਂ ਠੋਕਰਾਂ ਖਾਣੀਆਂ ਪੈਂਦੀਆਂ ਹਨ। ਆਪਣੀ ਸੁਰਤ

Sri Satguru Jagjit Singh Ji eLibrary NamdhariElibrary@gmail.com

ਰਹੇ, ਆਪਣੀ ਸੁਰਤ ਬਾਹਰ ਦੇ ਸਭ ਸੰਬੰਧਾਂ ਤੋਂ ਨਿਰਲੇਪ ਰਹੇ, ਤਾਂ ਹੀ ਸਾਡੀ ਪਰਮਾਤਮਾ ਵਿਚ ਜੁੜ ਕੇ ਸਦੀਵੀ ਆਨੰਦ ਵਿਚ ਰਹਿ ਸਕੇਗੀ।

ਮਨੁੱਖਾ ਤਨ ਵਿਚ ਸਮਾਂ ਗੁਜ਼ਾਰਦਿਆਂ ਜੇਕਰ ਮਾਇਆ ਦੀ ਹੀ ਦੌੜ ਹੋਵੇਗੀ ਤਾਂ ਮਾਇਆ ਦਾ ਪੁਜਾਰੀ ਕੁਝ ਵੀ ਨਹੀਂ ਖੱਟ ਸਕੇਗਾ। ਇਹ ਮਾਇਆ ਦੀ ਸੇਵਾ ਹੀ ਪਾਣੀ ਰਿੜਕਣਾ ਹੈ, ਅਤੇ ਪਰਮਾਤਮਾ ਦੀ ਪ੍ਰਾਪਤੀ ਲਈ ਯਤਨ ਕਰਨਾ ਹੀ ਦਹੀਂ ਰਿੜਕਣਾ ਹੈ। ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:

**ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥**
**ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥** *(ਗਉੜੀ ਮ: ੧, ਪੰਨਾ 229)*

ਮਾਇਆ ਸਿਰਫ਼ ਧਨ ਦਾ ਨਾਮ ਹੀ ਨਹੀਂ ਹੈ, ਬਲਕਿ ਤਿੰਨ ਗੁਣਾਂ (ਰਜੋ, ਤਮੋ ਅਤੇ ਸਤੋ) ਦੇ ਪਸਾਰੇ ਵਿਚ ਹੀ ਸਮਾਂ ਗੁਜ਼ਾਰਦੇ ਰਹਿਣਾ ਹੈ ਅਤੇ ਇਹ ਹੀ ਮਾਇਆ ਹੈ:

**ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥**
*(ਕੇਦਾਰਾ ਕਬੀਰ ਜੀਉ, ਪੰਨਾ 1123)*

ਸੋ, ਹਰ ਰੋਜ਼ ਤਿੰਨ ਗੁਣਾਂ ਵਿਚ ਸਮਾਂ ਬੀਤ ਰਿਹਾ ਹੈ—ਜਾਗਣ ਦੇ ਸਮੇਂ ਵਾਲੀ ਅਵਸਥਾ ਦਾ ਨਾਮ ਸਤੋ ਗੁਣ ਹੈ। ਸੌਂ ਕੇ ਸੁਪਨ ਅਵਸਥਾ ਵਿਚ ਜੋ ਸਮਾਂ ਗੁਜ਼ਰਦਾ ਹੈ, ਉਹ ਰਜੋ ਗੁਣ ਦੀ ਅਵਸਥਾ ਹੈ ਅਤੇ ਬਹੁਤ ਗੂੜ੍ਹੀ ਨੀਂਦ ਜੋ ਕਿ ਸੁਪਨੇ ਤੋਂ ਬਿਨਾਂ ਹੁੰਦੀ ਹੈ, ਉਸ ਨੂੰ ਤਮੋ ਗੁਣ ਦੀ ਅਵਸਥਾ ਕਿਹਾ ਜਾਂਦਾ ਹੈ। ਇਹ ਤਿੰਨੇ ਹੀ ਅਵਸਥਾਵਾਂ ਤਿੰਨ ਗੁਣਾਂ ਵਿਚ ਬੀਤਦੀਆਂ ਹਨ। ਇਹ ਸਭ ਮਾਇਆ ਦਾ ਹੀ ਰੂਪ ਹੈ।

ਇਕ ਬੰਦਾ ਭਾਵੇਂ ਬਹੁਤਾ ਧਨ ਕਮਾਉਣ ਦੀ ਤਰਫ਼ ਦੌੜੇ, ਜਾਂ ਕੋਈ ਬਿਲਕੁਲ ਵਿਹਲਾ ਬੈਠਾ ਰਹੇ, ਜਾਂ ਖਾ ਪੀ ਤੇ ਸੌਂ ਕੇ ਸਮਾਂ ਗੁਜ਼ਾਰ ਰਿਹਾ ਹੋਵੇ, ਤਾਂ ਸਮਝੋ ਕਿ ਉਹ ਮਾਇਆ ਦੀ ਰਚਨਾ ਵਿਚ ਹੀ ਫਸਿਆ ਹੋਇਆ ਹੈ ਤੇ ਜੀਵਨ ਦੇ ਸਵਾਸਾਂ ਨੂੰ ਬਿਨਾਂ ਸਿਮਰਨ ਤੋਂ ਜਿਥੇ ਵੀ ਕੋਈ ਬਤੀਤ ਕਰੀ ਜਾ ਰਿਹਾ ਹੈ, ਉਹ ਪਾਣੀ ਹੀ ਰਿੜਕੀ ਜਾ ਰਿਹਾ ਹੈ।

ਸੋ, ਪਾਣੀ ਨਹੀਂ ਰਿੜਕਣਾ। ਗੁਰਬਾਣੀ ਪੜ੍ਹਨੀ ਹੈ, ਵਿਚਾਰਨੀ ਹੈ ਤਾਕਿ ਜੀਵਨ ਆਨੰਦ-ਮਈ ਬਣ ਸਕੇ:

**ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥**
*(ਸੋਰਠਿ ਮ: ੫, ਪੰਨਾ 628)*

ਗੁਰਬਾਣੀ ਪੜ੍ਹਨ ਸੁਣਨ ਨਾਲ ਗੁਰੂ ਦੀ ਮਤ ਆਵੇਗੀ। ਜਦੋਂ ਗੁਰੂ ਦੀ ਮਤ ਆ ਜਾਵੇਗੀ ਤਾਂ ਫਿਰ ਇਹੀ ਮਤ ਚੰਗੇ ਪਾਸੇ ਚੱਲੇਗੀ। ਚੰਗੇ ਪਾਸੇ ਚੱਲਦੀ ਮਤ ਹੀ ਅੰਮ੍ਰਿਤ-ਨਾਮ ਪ੍ਰਾਪਤ ਕਰ ਸਕੇਗੀ। ਇਸੇ ਕਰਕੇ ਗੁਰੂ ਸਾਹਿਬ ਜੀ ਫ਼ੁਰਮਾਂਦੇ ਹਨ:

**ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ ॥**
**ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਣਾ ॥** *(ਮਾਰੂ ਮ: ੧, ਪੰਨਾ 1009)*

Sri Satguru Jagjit Singh Ji eLibrary NamdhariElibrary@gmail.com

ਆਪਣੇ ਜੀਵਨ ਨੂੰ ਅੰਮ੍ਰਿਤ-ਮਈ ਬਣਾਉਣ ਵਾਸਤੇ ਬਹੁਤ ਜ਼ਰੂਰੀ ਹੈ ਕਿ ਸਤਿਸੰਗਤ ਵੀ ਉਹ ਹੋਵੇ ਜਿਥੇ ਸਿਰਫ਼ ਪਰਮਾਤਮਾ ਦੀ ਹੀ ਵਿਚਾਰ ਕੀਤੀ ਜਾਵੇ। ਐਸੀ ਸਤਿਸੰਗਤ ਰਾਹੀਂ ਪਰਮਾਤਮਾ ਦੀ ਪ੍ਰਾਪਤੀ ਸਹਿਜੇ ਹੀ ਹੋ ਸਕਦੀ ਹੈ:

**ਤਿਤੁ ਜਾਇ ਬਹਹੁ ਸਤਸੰਗਤੀ,**
**ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ॥**
**ਸਹਜੇ ਹੀ ਹਰਿ ਨਾਮੁ ਲੇਹੁ ਹਰਿ ਤਤੁ ਨ ਖੋਈਐ॥**

*(ਵਡਹੰਸ ਕੀ ਵਾਰ ਮਹਲਾ ੪, ਪੰਨਾ 587)*

ਸਤਿਸੰਗਤ ਹੀ ਆਨੰਦ ਪ੍ਰਗਟ ਕਰਦੀ ਹੈ। ਸਤਿਸੰਗਤ ਵਿੱਚੋਂ ਹੀ ਆਨੰਦ ਰੂਪੀ ਮੱਖਣ ਹਰੀ ਨਾਮ ਰਾਹੀਂ ਨਿਕਲਦਾ ਹੈ। ਇਹ ਫਿਰ ਕਦੀ ਵੀ ਹਿਰਦੇ ਵਿੱਚੋਂ ਮਿਟਦਾ ਨਹੀਂ। ਹਰ ਵੇਲੇ ਹੀ ਪਰਮਾਤਮਾ ਨਾਲ ਇਕਮਿਕਤਾ ਬਣੀ ਰਹਿੰਦੀ ਹੈ।

ਗੁਰੂ ਕਿਰਪਾ ਕਰੇ ਅਤੇ ਮਨੁੱਖ ਨੂੰ ਸਮਝ ਆ ਜਾਵੇ ਕਿ ਮਨਮੁਖਤਾ ਦਾ ਜੀਵਨ ਬਿਤਾਉਣਾ ਪਾਣੀ ਰਿੜਕਣਾ ਹੈ ਅਤੇ ਗੁਰਮੁਖਤਾਈ ਦਾ ਜੀਵਨ ਬਿਤਾਉਣਾ ਹੀ ਦਹੀਂ ਰਿੜਕਣਾ ਹੈ।

ਸੋ, ਪਾਣੀ ਨਹੀਂ ਰਿੜਕਣਾ, ਹਮੇਸ਼ਾ ਦੁੱਧ ਰਿੜਕਣਾ ਹੈ।

•

Sri Satguru Jagjit Singh Ji eLibrary NamdhariElibrary@gmail.com

# ਰਾਮ-ਰਸ ਤੇ ਅਨ ਰਸ (ਹੋਰ ਰਸ)

**ਕਾਇਆ ਨਗਰ ਮਹਿ ਰਾਮ ਰਸੁ ਊਤਮੁ,**
**ਕਿਉ ਪਾਈਐ ਉਪਦੇਸੁ ਜਨ ਕਰਹੁ ॥** *(ਬਿਲਾਵਲੁ ਮ: ੪, ਪੰਨਾ ੮੦੦)*

ਕਈ ਸ਼ਹਿਰਾਂ ਦੀਆਂ ਕੁਝ ਖਾਣ ਵਾਲੀਆਂ ਚੀਜ਼ਾਂ ਦਾ ਬਹੁਤ ਨਾਮ ਹੁੰਦਾ ਹੈ, ... ਮਸ਼ਹੂਰੀ ਹੁੰਦੀ ਹੈ। ਜਿਵੇਂ ਕਿ ਕਸ਼ਮੀਰ ਦਾ ਸੇਬ ਬੜਾ ਮਸ਼ਹੂਰ ਹੈ। ਸੰਤਰੇ ਦੀ ...ਰੀ ਨਾਗਪੁਰ ਸ਼ਹਿਰ ਨਾਲ ਸੰਬੰਧਿਤ ਹੈ। ਬਿਜੌਰ ਇਲਾਕੇ ਦਾ ਅੰਗੂਰ ਬੜਾ ...ਰ ਹੈ। ਬੀਕਾਨੇਰ ਇਲਾਕੇ ਦਾ ਤਰਬੂਜ਼ ਬੜਾ ਚੰਗਾ ਗਿਣਿਆ ਜਾਂਦਾ ਹੈ। ਕਈ ... ਦੀਆਂ ਮਠਿਆਈਆਂ ਦੀ ਬੜੀ ਮਸ਼ਹੂਰੀ ਹੁੰਦੀ ਹੈ; ਵਧੀਆ ਢੰਗ ਨਾਲ ... ਮਠਿਆਈ ਜਿਸ ਵੀ ਸ਼ਹਿਰ ਵਿਚ ਬਣਦੀ ਹੋਵੇ ਤਾਂ ਉਸ ਦੀ ਬੜੀ ਚਰਚਾ ... ਹੈ। ਜਿਵੇਂ ਢੋਡਾ ਮਠਿਆਈ ਕੋਟ ਕਪੂਰੇ ਦੀ ਅਤੇ ਹਲਵਾ ਕਰਾਚੀ ਦਾ ਬੜਾ ...ਰ ਹੈ।

ਕੁਝ ਸ਼ਹਿਰਾਂ ਵਿਚ ਕਈ ਵੇਖਣ ਯੋਗ ਚੀਜ਼ਾਂ ਦੀ ਬੜੀ ਮਸ਼ਹੂਰੀ ਹੁੰਦੀ ਹੈ। ... ਇਕ ਤੋਂ ਦੂਜੇ ਇਲਾਕੇ ਵਿਚ ਜਾ ਕੇ ਆਮ ਇਹ ਗੱਲ ਪੁੱਛਦੇ ਮਿਲਦੇ ਹਨ ... ਇਥੋਂ ਦੀ ਸਭ ਤੋਂ ਵਧੀਆ ਚੀਜ਼ ਕਿਹੜੀ ਹੈ ? ਇਹੋ ਜਿਹੇ ਬੰਦੇ ਬਹੁਤ ਮਿਲਣਗੇ, ... ਇਹੋ ਜਿਹੇ ਬਹੁਤ ਘੱਟ ਮਿਲਣਗੇ, ਜਿਹੜੇ ਇਸ ਤਲਾਸ਼ ਵਿਚ ਹੋਣ ਕਿ ਇਸ ...ਰ ਰੂਪੀ ਨਗਰ ਵਿਚ ਸਭ ਤੋਂ ਵਧੀਆ ਚੀਜ਼ ਕਿਹੜੀ ਹੈ ? ਇਸ ਸਰੀਰ ਵਿਚ ... ਤੋਂ ਵਧੀਆ ਰਸ ਕਿਹੜਾ ਹੈ ? ਭਾਵੇਂ ਇਸ ਸਰੀਰ ਵਿਚ ਹੋਰ ਕਈ ਰਸ ਮੌਜੂਦ ... ਅਤੇ ਕਈ ਰਸ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਹੈ।

ਕੁਝ ਰਸ ਤਾਂ ਅੰਦਰੋਂ ਹੀ ਪੈਦਾ ਹੁੰਦੇ ਹਨ ਜਿਵੇਂ ਕਿ ਨਿੰਦਿਆ ਦਾ ਰਸ ਹੈ, ...ਦਿਆ ਦਾ ਰਸ ਅੰਦਰੋਂ ਹੀ ਪੈਦਾ ਹੋਇਆ ਹੁੰਦਾ ਹੈ। ਇਹ ਸਿੱਖਣ ਦੀ ਲੋੜ ਨਹੀਂ ..., ਕਿਸੇ ਬੰਦੇ ਨੂੰ ਨਿੰਦਿਆ ਦਾ ਰਸ ਲੈਣ ਲਈ ਕੋਈ ਸਿਖਲਾਈ ਨਹੀਂ ਲੈਣੀ ...। ਜਿਨ੍ਹਾਂ ਬੰਦਿਆਂ ਨੂੰ ਇਹ ਰਸ ਲੈਣ ਦੀ ਆਦਤ ਬਣ ਜਾਂਦੀ ਹੈ, ਉਹ ਜ਼ਰੂਰ ... ਕਦਾਈਂ ਜਾਂ ਹਰ ਰੋਜ਼ ਕਿਸੇ ਨਾ ਕਿਸੇ ਦੀ ਨਿੰਦਿਆ ਕਰ ਕੇ ਰਸ ਮਾਣਦੇ ...ਦੇ ਹਨ। ਕੁਝ ਬੰਦਿਆਂ ਨੂੰ ਝੂਠ ਬੋਲਣ 'ਚ ਬੜਾ ਰਸ ਆਉਂਦਾ ਹੈ। ਇਕ ਤਾਂ ... ਬੰਦੇ ਹਨ ਜਿਹੜੇ ਕਿਸੇ ਮੁਸ਼ਕਲ ਵਿਚ ਫਸੇ ਹੋਏ ਝੂਠ ਬੋਲਦੇ ਹਨ, ਪਰ ਇਕ ... ਹਨ ਕਿ ਜਿਹੜੇ ਸਿਰਫ਼ ਆਪਣਾ ਰਸ ਮਾਣਨ ਲਈ ਹੀ ਝੂਠ ਬੋਲਦੇ ਹਨ, ਉਨ੍ਹਾਂ ... ਮੁਸੀਬਤ ਕੋਈ ਨਹੀਂ ਹੁੰਦੀ।

ਜਿਵੇਂ ਕਿ, ਇਕ ਬੰਦੇ ਨੇ ਆਪਣੇ ਦੋਸਤ ਨੂੰ ਆ ਕੇ ਸੁਨੇਹਾ ਦਿੱਤਾ ਕਿ ਮੈਂ

Sri Satguru Jagjit Singh Ji eLibrary NamdhariElibrary@gmail.com

ਤੁਹਾਡੇ ਨਗਰ ਤੋਂ ਅੱਜ ਹੀ ਆਇਆ ਹਾਂ, ਤੁਹਾਡੀ ਮਾਤਾ ਚੜ੍ਹਾਈ ਕਰ ਗਈ ਹੈ। ਇਹ ਸੁਣਦੇ ਸਾਰ ਹੀ ਦੋਸਤ ਦੇ ਘਰ ਰੋਣਾ ਪਿੱਟਣਾ ਸ਼ੁਰੂ ਹੋ ਗਿਆ। ਜਦ ਕਾਫ਼ੀ ਦੇਰ ਤਕ ਰੋਂਦੇ ਰਹੇ ਤਾਂ ਕਹਿਣ ਲੱਗਾ ਕਿ ਨਹੀਂ ਦੋਸਤ, ਮੈਂ ਤਾਂ ਐਵੇਂ ਮਜ਼ਾਕ ਕੀਤਾ ਸੀ, ਮੈਂ ਤਾਂ ਹਾਸਾ-ਮਖ਼ੌਲ ਕੀਤਾ ਸੀ। ਦੋਸਤ ਅੱਗੋਂ ਕਹਿਣ ਲੱਗਾ ਕਿ ਹੱਦ ਹੋ ਗਈ, ਤੇਰਾ ਹਾਸਾ ਸਾਡਾ ਰੋਣਾ ਬਣ ਗਿਐ; ਇਸ ਹਾਸੇ ਦੀ ਅਗਾਂਹ ਤੋਂ ਹੋਸ਼ ਨਾਲ ਵਰਤੋਂ ਕਰੀਂ। ਪਰ ਦੂਸਰਾ ਆਪਣਾ ਝੂਠ ਬੋਲਣ ਦਾ ਰਸ ਲੈ ਰਿਹਾ ਸੀ।

ਇਕ ਉਹ ਬੰਦੇ ਹਨ ਜਿਹੜੇ ਕਿਸੇ ਨੂੰ ਕੌੜਾ ਬੋਲ ਕੇ ਆਪ ਬੜੇ ਖ਼ੁਸ਼ ਹੁੰਦੇ ਹਨ। ਭਾਵੇਂ ਦੂਜੇ ਨੂੰ ਕਿਸੇ ਕਾਰਣ ਤੋਂ ਕੌੜਾ ਬੋਲਣ ਜਾਂ ਬਿਨਾਂ ਕਾਰਣ ਤੋਂ, ਪਰ ਇਹਨਾਂ ਦਾ ਰਸ ਮਾਣਨ ਦਾ ਆਪਣਾ ਕਾਰਣ ਜ਼ਰੂਰ ਹੁੰਦਾ ਹੈ, ਅਤੇ ਇਹ ਆਮ ਤੌਰ 'ਤੇ ਘਰਾਂ ਵਿਚ ਵਾਪਰਦਾ ਰਹਿੰਦਾ ਹੈ। ਘਰ ਦਾ ਵੱਡਾ ਵਡੇਰਾ ਜਾਂ ਘਰ ਵਿਚ ਕੋਈ ਹੋਰ, ਇਸ ਤਰ੍ਹਾਂ ਕੌੜਾ ਬੋਲਣ ਦਾ ਰਸ ਲੈਣ ਦਾ ਸੁਭਾਅ ਬਣਾ ਬੈਠਾ ਹੋਵੇ ਤਾਂ ਉਹ ਜ਼ਰੂਰ ਦੂਜੇ ਪਰਿਵਾਰ 'ਤੇ ਰੋਹਬ ਪਾ ਕੇ ਜਾਂ ਕੌੜਾ ਬੋਲ ਕੇ ਅੰਦਰੋਂ ਬੜਾ ਖ਼ੁਸ਼ ਹੁੰਦਾ ਹੈ ਜਾਂ ਘਰ ਦੇ ਕਿਸੇ ਨੌਕਰ 'ਤੇ ਕੌੜਾ ਬੋਲ ਕੇ ਆਪਣਾ ਰਸ ਪੂਰਾ ਕਰਦਾ ਰਹਿੰਦਾ ਹੈ।

ਇਕ ਬੰਦੇ ਦੀ ਇਹੀ ਆਦਤ ਸੀ ਕਿ ਐਵੇਂ ਬਿਨਾਂ ਗੱਲ ਤੋਂ ਹੀ ਹਰ ਵੇਲੇ ਨੌਕਰਾਂ ਦੀ ਲਾਹ-ਪਾਹ ਕਰਦੇ ਰਹਿਣਾ। ਉਸ ਨੂੰ ਇਕ ਦਿਨ ਕਿਸੇ ਨੇ ਪੁੱਛਿਆ ਕਿ ਤੂੰ ਐਵੇਂ ਹੀ ਹਰ ਵੇਲੇ ਕਿਉਂ ਆਪਣੇ ਆਪ ਨੂੰ ਤਪਾਂਦਾ ਰਹਿੰਦਾ ਹੈਂ, ਜ਼ਰਾ ਠੰਡਾ ਰਿਹਾ ਕਰ। ਤਾਂ ਉਹ ਅੱਗੋਂ ਕਹਿਣ ਲੱਗਾ ਕਿ ਮੈਂ ਦੂਜਿਆਂ ਦੀ ਬੇਇੱਜ਼ਤੀ ਕਰ ਕੇ ਬੜਾ ਠੰਡਾ ਰਹਿੰਦਾ ਹਾਂ। ਮੈਂ ਜਿੰਨੀ ਦੇਰ ਕਿਸੇ ਦੀ ਲਾਹ-ਪਾਹ ਨਾ ਕਰ ਲਵਾਂ, ਮੈਨੂੰ ਠੰਡ ਨਹੀਂ ਪੈਂਦੀ। ਇਸ ਤਰ੍ਹਾਂ ਮੈਨੂੰ ਬੜਾ ਰਸ ਆਉਂਦਾ ਹੈ। ਹੱਦ ਹੋ ਗਈ, ਦੂਜੇ ਨੂੰ ਸਾੜ ਕੇ ਐਸੇ ਬੰਦਿਆਂ ਨੂੰ ਠੰਡ ਪੈਂਦੀ ਹੈ! ਕਹਿਣਾ ਪਵੇਗਾ ਕਿ ਐਸੇ ਬੰਦੇ ਅਸਲੀ ਰਸ ਤੋਂ ਟੁੱਟੇ ਹੋਏ ਹੋਣ ਕਰਕੇ ਇਹੋ ਜਿਹੇ ਰਸਾਂ ਨੂੰ ਮਾਣ ਰਹੇ ਹਨ। ਇਹ ਕਾਇਆਂ ਨਗਰੀ ਦਾ ਉੱਤਮ ਰਸ ਨਹੀਂ ਹੈ, ਘਟੀਆ ਰਸ ਤਾਂ ਆਖ ਸਕਦੇ ਹਾਂ।

ਇਕ ਉਹ ਬੰਦੇ ਹਨ ਜਿਹੜੇ ਇਸ ਰਸਨਾ ਨਾਲ ਬੜੇ ਹੀ ਕੌੜੇ-ਕੁਸੈਲੇ ਭੋਜਨ ਖਾ ਕੇ ਬੜਾ ਰਸ ਮਾਣਦੇ ਹਨ। ਆਮ ਬੰਦੇ ਤਾਂ ਜ਼ੁਬਾਨ 'ਤੇ ਚੰਗਾ ਸਵ੍ਹਾਦੀ ਪਦਾਰਥ ਰੱਖ ਕੇ ਰਸ ਮਾਣਨਗੇ ਪਰ ਕੁਝ ਬੰਦੇ ਇਸ ਰਸਨਾ ਨਾਲ ਵੀ ਕੁੜੱਤਣ ਵਾਲੇ ਪਦਾਰਥ ਖ਼ੁਸ਼ ਹੋ ਕੇ ਖਾਣਗੇ ਤੇ ਕਹਿਣਗੇ ਕਿ ਬੜਾ ਰਸ ਆਇਆ ਹੈ।

ਇਕ ਬੰਦੇ ਨੂੰ ਬੜੀ ਮਿੱਠੀ ਚੀਜ਼ ਖਾਣ ਨੂੰ ਦਿੱਤੀ ਗਈ। ਮੂੰਹ ਵਿਚ ਪਾ ਕੇ ਉਹ ਕਹਿਣ ਲੱਗਾ ਕਿ ਯਾਰ, ਮੇਰਾ ਤਾਂ ਮੂੰਹ ਹੀ ਖ਼ਰਾਬ ਹੋ ਗਿਆ ਹੈ, ਜਾਹ, ਕੋਈ ਕਰਾਰੀ ਚੀਜ਼ ਲੈ ਕੇ ਆ। ਉਹ ਦੋਸਤ ਇਸ ਦੇ ਸੁਭਾਅ ਤੋਂ ਜਾਣੂ ਸੀ, ਉਸ ਨੇ ਇਕ ਬੋਤਲ ਲੈ ਆਂਦੀ। ਜਦ ਇਸ ਨੇ ਬੋਤਲ ਦੇਖੀ ਤਾਂ ਕਹਿਣ ਲੱਗਾ ਕਿ ਹੁਣ ਸਵਾਦ ਆਵੇਗਾ। ਬੜੀ ਕਾਹਲੀ ਨਾਲ ਬੋਤਲ ਖੋਲ੍ਹ ਕੇ, ਗਲਾਸ ਵਿਚ ਪਾ ਕੇ ਪੀਣ ਲੱਗਾ ਤਾਂ ਦੇਖਿਆ ਕਿ ਇਹ ਸ਼ਰਾਬ ਨਹੀਂ ਸੀ, ਸਗੋਂ ਸ਼ਰਾਬ ਵਰਗੇ ਰੰਗ ਦਾ ਸ਼ਰਬਤ ਹੀ ਬੋਤਲ ਵਿਚ ਪਾਇਆ ਹੋਇਆ ਸੀ। ਜਦੋਂ ਪਤਾ ਲੱਗਾ ਕਿ ਇਹ ਤਾਂ ਫਿਰ ਸ਼ਰਬਤ ਹੀ ਆ ਗਿਆ

Sri Satguru Jagjit Singh Ji eLibrary NamdhariElibrary@gmail.com

ਜੀਭ ਕਹਿਣ ਲੱਗਾ ਕਿ ਅੱਜ-ਤਾਂ ਮੇਰੀ ਜ਼ੁਬਾਨ ਹੀ ਤੂੰ ਖ਼ਰਾਬ ਕਰ ਦਿੱਤੀ ਹੈ। ਬੜੀ ਕਮਾਲ ਦੀ ਗੱਲ ਹੈ ਕਿ ਬੰਦਾ ਅਸਲੀ ਰਸ ਤੋਂ ਭੁੱਲਿਆ ਹੋਇਆ ਹੋਰ ਰਸਾਂ ਵਿਚ ਖੁੰਝਿਆ ਪਿਆ ਹੈ। ਇਹ ਵੀ ਕਾਇਆਂ ਨਗਰੀ ਦਾ ਉੱਤਮ ਰਸ ਨਹੀਂ ਹੈ।

ਇਕ ਉਹ ਵੀ ਹਨ ਕਿ ਜਿਹੜੇ ਸਿਰਫ਼ ਖਾਣ ਵਾਲੀਆਂ ਚੀਜ਼ਾਂ ਵਿੱਚੋਂ ਵੀ ਅਲੱਗ ਵੱਖਰੇ ਰਸ ਲੱਭਦੇ ਹਨ। ਉਹਨਾਂ ਬੰਦਿਆਂ ਨੂੰ ਛੇ ਰਸ ਵੱਖਰੇ ਵੱਖਰੇ ਸਮਿਆਂ ਵਿਚ ਚਾਹੀਦੇ ਹਨ—ਖੱਟਾ, ਮਿੱਠਾ, ਕੌੜਾ, ਸਲੂਣਾ, ਤਿੱਖਾ, ਕੁਸੈਲਾ। ਪਰ ਕੋਈ ਬੰਦਾ ਭਾਵੇਂ ਮਿੱਠਾ ਖਾਂਦਾ ਹੋਵੇ ਜਾਂ ਖੱਟਾ-ਕੌੜਾ ਆਦਿਕ ਪਰ ਇਹ ਵੀ ਰਸਨਾ ਦਾ ਘਟੀਆ ਰਸ ਹੀ ਹੈ। ਗੁਰੂ ਸਾਹਿਬ ਜੀ ਦਾ ਕਥਨ ਹੈ ਕਿ :

**ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥**
**ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥**

*(ਅਨੰਦੁ ਸਾਹਿਬ, ਪੰਨਾ 921)*

ਜਿੰਨੀ ਦੇਰ ਅੰਦਰ ਹਰਿ-ਰਸ ਦੀ ਪ੍ਰਾਪਤੀ ਨਹੀਂ ਹੋਈ, ਉਤਨੀ ਦੇਰ ਹੀ ਬੰਦਾ ਹੋਰ ਚੀਜ਼ਾਂ ਦੇ ਰਸ ਵਿਚ ਮਸਤ ਹੋਇਆ ਫਿਰਦਾ ਹੈ।

**ਆਨ ਰਸਾ ਜੇਤੇ ਤੈ ਚਾਖੇ॥**
**ਨਿਮਖ ਨ ਤ੍ਰਿਸਨਾ ਤੇਰੀ ਲਾਥੇ॥**
**ਹਰਿ ਰਸ ਕਾ ਤੂੰ ਚਾਖਹਿ ਸਾਦੁ॥**
**ਚਾਖਤ ਹੋਇ ਰਹਹਿ ਬਿਸਮਾਦੁ॥...**
**ਆਨ ਨ ਰਸ ਕਸ ਲਵੈ ਨ ਲਾਈ॥**
**ਕਹੁ ਨਾਨਕ ਗੁਰ ਭਏ ਹੈ ਸਹਾਈ॥** *(ਗਉੜੀ ਗੁਆਰੇਰੀ ਮ: ੫, ਪੰਨਾ 180)*

ਘੱਟੋ-ਘੱਟ ਪਹਿਲਾਂ ਬੰਦੇ ਦੇ ਅੰਦਰੋਂ ਸਿਰਫ਼ ਜ਼ਬਾਨ ਦੇ ਰਸਾਂ ਨਾਲੋਂ ਹੀ ਸੰਬੰਧ ਟੁੱਟੇ ਤਾਂ ਫਿਰ ਆਹਿਸਤਾ-ਆਹਿਸਤਾ ਬਾਕੀ ਰਸਾਂ ਤੋਂ ਨਿਖੇੜਾ ਹੋਵੇਗਾ; ਨਾਲ ਹੀ ਪੱਕਾ ਨਿਸਚਾ ਹੋ ਜਾਵੇ ਕਿ ਸਾਰੀ ਉਮਰ ਪਦਾਰਥ ਖਾਂਦੇ ਰਹੀਏ, ਤਦ ਵੀ ਤ੍ਰਿਸ਼ਨਾ ਨਹੀਂ ਮਿਟਦੀ, ਮਨ ਦੀ ਭੁੱਖ ਹੋਰ ਵਧਦੀ ਹੈ। ਕਿੰਨਾ ਚੰਗਾ ਹੋਵੇ ਜੇ ਕਿਤੇ ਮਨੁੱਖ ਦੀ ਰਸਨਾ ਪ੍ਰਭੂ-ਗਿਆਨ ਨਾਲ ਜੁੜ ਜਾਵੇ। ਸਿਮਰਨ ਕਰਦਿਆਂ ਕਰਦਿਆਂ ਮਨ ਟਿਕਾਉ ਵਿਚ ਆ ਕੇ ਸਿਮਰਨ ਦੇ ਆਨੰਦ ਦਾ ਅਨੁਭਵ ਕਰ ਲਵੇ ਤੇ ਬਿਸਮਾਦ ਆਨੰਦ ਬਣ ਕੇ ਜੀਵਨ ਨੂੰ ਸਦੀਵੀ ਉਸ ਨਾਲ ਜੋੜੀ ਰੱਖੇ, ਫਿਰ ਕਦੀ ਵੀ ਉਹ ਮਨੁੱਖ ਇਸ ਰਸਨਾ ਨਾਲ ਹੋਰ ਰਸਾਂ ਦੇ ਨਜ਼ਦੀਕ ਨਹੀਂ ਜਾ ਸਕੇਗਾ। ਜੀਵਨ ਦਾ ਸੰਬੰਧ ਸਿਰਫ਼ ਖਾਣ ਤਕ ਹੀ ਸੀਮਿਤ ਨਹੀਂ ਰਹੇਗਾ, ਸਗੋਂ ਜੀਵਨ ਨੂੰ ਚਲਾਣ ਲਈ ਰੁੱਖਾ ਸੁੱਖਾ ਜੋ ਵੀ ਮਿਲ ਜਾਏ, ਖਾ-ਪੀ ਕੇ ਸੰਤੁਸ਼ਟ ਰਹੇਗਾ, ਅੰਦਰੋਂ ਖਾਣ-ਪੀਣ ਨੂੰ ਤਰਸਦਾ ਨਹੀਂ ਰਹੇਗਾ :

**ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥**
**ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥**

*(ਸਲੋਕ ਸੇਖ ਫ਼ਰੀਦ ਜੀ, ਪੰਨਾ 1379)*

Sri Satguru Jagjit Singh Ji eLibrary NamdhariElibrary@gmail.com

ਇਤਿਹਾਸ ਵਿਚ ਇਕ ਬੜੀ ਸੁੰਦਰ ਕਥਾ ਹੈ:

ਧੰਨ ਸ੍ਰੀ ਗੁਰੂ ਅਮਰਦਾਸ ਪਾਤਿਸ਼ਾਹ ਜੀ ਨੇ ਜਦ ਸੰਗਤ-ਪੰਗਤ ਦੀ ਮਰਿਆਦਾ ਚਲਾਈ ਤਾਂ ਉਸ ਸਮੇਂ ਲੰਗਰ ਦੀ ਸੇਵਾ ਵਿਚ ਸੰਗਤਾਂ ਦਾ ਬਹੁਤ ਹੀ ਉਤਸ਼ਾਹ ਸੀ। ਤਰ੍ਹਾਂ ਤਰ੍ਹਾਂ ਦੇ ਭੋਜਨ ਲੰਗਰ ਵਿਚ ਤਿਆਰ ਕੀਤੇ ਜਾਣ ਲੱਗੇ ਜਿਵੇਂ ਕਿ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਸਮੇਂ ਮਾਤਾ ਖੀਵੀ ਜੀ ਨੇ ਸੇਵਾ ਸੰਭਾਲੀ ਸੀ ਅਤੇ ਲੰਗਰ ਵਿਚ ਘਿਉ ਵਾਲੀ ਖੀਰ ਤਿਆਰ ਕਰ ਕੇ ਸੰਗਤਾਂ ਨੂੰ ਛਕਾਈ ਜਾਂਦੀ ਸੀ।

**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥** *(ਪੰਨਾ 967)*

ਇਸ ਮਰਿਆਦਾ ਨੂੰ ਸੰਗਤਾਂ ਨੇ ਹੋਰ ਵੀ ਉਤਸ਼ਾਹ ਨਾਲ ਚਲਾਉਣਾ ਜਾਰੀ ਰੱਖਿਆ ਤਾਂ ਸਿਮਰਨ-ਰਸ ਮਾਣਨ ਵਾਲੇ ਸ੍ਰੀ ਗੁਰੂ ਅਮਰਦਾਸ ਪਾਤਿਸ਼ਾਹ ਜੀ ਨੇ ਆਪ ਭੋਜਨ ਛਕਣ ਲਈ ਜੌਂ ਦੇ ਦਲੀਏ ਦਾ ਪ੍ਰਬੰਧ ਕਰਵਾਇਆ। ਹਰ ਰੋਜ਼ ਜੌਂ ਦਾ ਦਲੀਆ ਛਕ ਕੇ ਹੀ ਬੜੇ ਤ੍ਰਿਪਤ ਰਹਿੰਦੇ, ਕਿਉਂਕਿ ਤਕਰੀਬਨ ਬਾਕੀ ਅਨਾਜ ਦੀਆਂ ਕਿਸਮਾਂ ਵਿੱਚੋਂ ਜੌਂ ਦਾ ਅਨਾਜ ਬਹੁਤ ਹੀ ਹਲਕਾ ਅਨਾਜ ਹੈ। ਇਸ ਦਾ ਭੋਜਨ ਬਹੁਤ ਹਲਕਾ ਭੋਜਨ ਹੈ। ਸਿਮਰਨ ਕਰਨ ਵਾਲੇ ਅਭਿਆਸੀ ਲਈ ਹਲਕਾ ਭੋਜਨ ਹੋਣਾ ਬਹੁਤ ਜ਼ਰੂਰੀ ਹੈ। ਹਲਕਾ ਭੋਜਨ ਖਾਣ ਨਾਲ ਨੀਂਦ ਵੀ ਬਹੁਤ ਗੂੜ੍ਹੀ ਨਹੀਂ ਹੁੰਦੀ, ਸਗੋਂ ਹਲਕੀ ਰਹਿੰਦੀ ਹੈ:

**ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥**

*(ਸ਼ਬਦ ਹਜ਼ਾਰੇ ਪਾਤਿਸ਼ਾਹੀ ੧੦)*

ਨਾਲ ਨਾਲ ਮਨ ਵਿਚ ਵੀ ਬਹੁਤੇ ਵਿਕਾਰਾਂ ਤੋਂ ਬਚਾਉ ਹੀ ਰਹਿੰਦਾ ਹੈ, ਕਿਉਂਕਿ ਜਿੰਨੇ ਵੀ ਜ਼ਿਆਦਾ ਚਟ-ਪਟੇ ਭੋਜਨ ਕੋਈ ਖਾਣ ਵਾਲਾ ਹੋਵੇਗਾ, ਉਸਦੇ ਮਨ ਅੰਦਰ ਉਤਨੇ ਹੀ ਜ਼ਿਆਦਾ ਵਿਕਾਰਾਂ ਵਾਲੇ ਖ਼ਿਆਲ ਜਨਮ ਲੈਣਗੇ। ਆਮ ਤੌਰ 'ਤੇ ਇਸ ਗੱਲ ਨੂੰ ਸਮਝਣਾ ਕੋਈ ਔਖਾ ਨਹੀਂ ਹੈ। ਜਿਹੜਾ ਵੀ ਬੰਦਾ ਜ਼ਿਆਦਾ ਤੇਜ਼ ਭੋਜਨ, ਮਸਾਲੇਦਾਰ ਤੇ ਹੋਰ ਚਟ-ਪਟੇ ਭੋਜਨ ਖਾਂਦਾ ਹੈ, ਉਸ ਅੰਦਰ ਉਤਨੀ ਹੀ ਜ਼ਿਆਦਾ ਕਾਮ-ਬਿਰਤੀ ਪ੍ਰਧਾਨ ਹੁੰਦੀ ਹੈ।

ਇਕ ਗੱਲ ਹੋਰ ਜ਼ਰੂਰੀ ਸਮਝਣ ਵਾਲੀ ਹੈ ਕਿ ਜੈਸਾ ਵੀ ਭੋਜਨ ਖਾਧਾ ਜਾਂਦਾ ਹੈ, ਵੈਸਾ ਹੀ ਮਨ ਬਣਦਾ ਰਹਿੰਦਾ ਹੈ, ਕਿਉਂਕਿ ਖਾਧਾ ਹੋਇਆ ਭੋਜਨ ਜਦੋਂ ਅੰਦਰ ਜਾਂਦਾ ਹੈ ਤਾਂ ਤਿੰਨ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ—ਇਕ ਹਿੱਸਾ ਤਾਂ ਵਿਸ਼ਟਾ-ਮੂਤਰ ਦਾ ਰੂਪ ਬਣ ਕੇ ਬਾਹਰ ਨਿਕਲ ਜਾਂਦਾ ਹੈ। ਦੂਸਰਾ ਹਿੱਸਾ ਸਰੀਰ ਦਾ ਖ਼ੂਨ-ਮਾਸ ਆਦਿਕ ਬਣ ਜਾਂਦਾ ਹੈ ਅਤੇ ਤੀਸਰੇ ਹਿੱਸੇ ਵਿੱਚੋਂ ਮਨ ਬਣਦਾ ਹੈ। ਜਿਵੇਂ ਕਿ ਭੋਜਨ ਤੋਂ ਖ਼ੂਨ ਬਣਿਆ, ਖ਼ੂਨ ਦਾ ਸੰਬੰਧ ਦਿਲ ਨਾਲ ਹੈ, ਦਿਲ ਦਾ ਸੰਬੰਧ ਸਵਾਸ ਲੈਣ ਨਾਲ ਹੈ, ਸਵਾਸਾਂ ਤੋਂ ਮਨ ਬਣਦਾ ਹੈ। ਸੋ, ਜਿਹੋ ਜਿਹਾ ਭੋਜਨ ਖਾਧਾ ਗਿਆ, ਓਹੋ ਜਿਹਾ ਮਨ ਬਣ ਗਿਆ। ਜਿਹੜਾ ਭੋਜਨ ਸਿਮਰਨ ਕਰਦਿਆਂ ਤਿਆਰ ਕੀਤਾ ਗਿਆ ਹੋਵੇ, ਉਹ ਭੋਜਨ ਛਕਣ ਵਾਲੇ ਦੇ ਮਨ 'ਤੇ ਵੀ ਸਿਮਰਨ ਦਾ ਅਸਰ ਜ਼ਰੂਰ ਹੋ ਜਾਂਦਾ ਹੈ। ਲਗਾਤਾਰ ਇਕ ਭੋਜਨ ਨੂੰ ਕ੍ਰੋਧ ਨਾਲ ਤਿਆਰ ਕੀਤਾ ਜਾਵੇ

Sri Satguru Jagjit Singh Ji eLibrary NamdhariElibrary@gmail.com

ਤਾਂ ਉਹ ਭੋਜਨ ਖਾਣ ਵਾਲੇ ਦਾ ਵੀ ਕ੍ਰੋਧੀ ਸੁਭਾਅ ਬਣ ਜਾਣ ਦਾ ਪੂਰਨ ਖ਼ਦਸ਼ਾ ਹੈ। ਭੋਜਨ ਤਿਆਰ ਕਰਦਿਆਂ, ਭੋਜਨ ਛਕਦਿਆਂ ਅਗਰ ਮਨ ਵਿਚ ਪਰਮਾਤਮਾ ਦਾ ਧਿਆਨ ਹੋਵੇ ਤਾਂ ਇਹ ਭੋਜਨ ਮਨ ਦੀ ਅਵਸਥਾ ਨੂੰ ਪਰਮਾਤਮਾ ਨਾਲ ਜੋੜਨ ਵਿਚ ਬਹੁਤ ਸਹਾਇਕ ਹੁੰਦਾ ਹੈ।

ਇਵੇਂ ਹੀ ਜੇਕਰ ਭੋਜਨ ਬਣਾਂਦਿਆਂ ਤੇ ਭੋਜਨ ਛਕਦਿਆਂ ਸਾਹਮਣੇ ਟੈਲੀਵਿਯਨ ਹੀ ਚੱਲਦਾ ਹੈ ਜਾਂ ਕੰਨਾਂ ਵਿਚ ਗੰਦੇ ਗੀਤਾਂ ਦੀਆਂ ਆਵਾਜ਼ਾਂ ਹੀ ਪੈਂਦੀਆਂ ਹੋਣ ਤਾਂ ਇਸ ਦਾ ਅਸਰ ਤਾਂ ਇਹੀ ਹੈ ਕਿ ਉਹ ਪਰਿਵਾਰ ਫ਼ਿਲਮੀ ਐਕਟਰਾਂ ਦੇ ਹੀ ਅਸਰ ਹੇਠ ਜੀਵਨ ਬਿਤੀਤ ਕਰਨ ਵਾਲਾ ਹੋ ਜਾਵੇਗਾ। ਫਿਰ ਇਹ ਨਹੀਂ ਹੋ ਸਕਦਾ ਕਿ ਘਰ ਵਿਚ ਕੋਈ ਬੱਚਾ ਭਗਤ ਜਨਮੇਗਾ ਜਾਂ ਸੂਰਮਾ ਹੋਵੇਗਾ, ਬਲਕਿ ਵਿਸ਼ੇ-ਵਿਕਾਰਾਂ ਦੇ ਸੰਸਕਾਰ ਜਨਮ ਤੋਂ ਹੀ ਬੱਚੇ ਅੰਦਰ ਹੋਣਗੇ। ਸੋ, ਬੜਾ ਜ਼ਰੂਰੀ ਹੈ ਕਿ ਭੋਜਨ ਤਿਆਰ ਕਰਨ ਵਾਲਾ, ਭੋਜਨ ਤਿਆਰ ਕਰਦੇ ਸਮੇਂ ਵਾਹਿਗੁਰੂ ਜਾਪ ਕਰਦਾ ਭੋਜਨ ਤਿਆਰ ਕਰੇ ਅਤੇ ਘੱਟੋ ਘੱਟ ਛਕਣ ਲੱਗਿਆਂ ਵੀ ਪਰਮਾਤਮਾ ਦਾ ਨਾਮ ਲੈ ਕੇ ਆਰੰਭ ਕਰੇ।

ਗੁਰੂ ਜੀ ਦਾ ਹੁਕਮ ਵੀ ਹੈ ਕਿ ਜਿਹੜੇ ਬਿਨਾਂ ਪਰਮਾਤਮਾ ਦਾ ਨਾਮ ਲਿਆਂ ਭੋਜਨ ਛਕਦੇ ਹਨ, ਤਿਨ੍ਹਾਂ ਦੀ ਕੀ ਦਸ਼ਾ ਹੈ:

**ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥**
**ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥**

*(ਵਾਰ ਆਸਾ, ਮ: ੧, ਪੰਨਾ 473)*

ਜੋ ਭੋਜਨ ਹਲਕਾ ਛਕਦਾ ਹੈ ਅਤੇ ਸਿਮਰਨ ਵਿਚ ਬਿਰਤੀ ਰੱਖ ਕੇ ਭੋਜਨ ਛਕਦਾ ਹੈ, ਉਸ ਦੇ ਛਕੇ ਭੋਜਨ ਨਾਲ ਜੋ ਖ਼ੂਨ ਬਣਦਾ ਹੈ, ਖ਼ੂਨ ਤੋਂ ਸਵਾਸਾਂ ਰਾਹੀਂ ਮਨ ਦੀ ਜੋ ਉਪਜ ਹੁੰਦੀ ਹੈ ਅਤੇ ਮਨ ਤੋਂ ਵਿਚਾਰਾਂ ਦਾ ਜੋ ਜਨਮ ਹੁੰਦਾ ਹੈ, ਉਹ ਬਹੁਤ ਹੀ ਸ੍ਰੇਸ਼ਟ ਅਤੇ ਉੱਤਮ ਰਸ ਪੈਦਾ ਕਰਨ ਵਾਲਾ ਮਾਰਗ ਹੋ ਜਾਂਦਾ ਹੈ। ਜਦੋਂ ਅੰਦਰ ਦੇ ਵਿਚਾਰ ਚੰਗੇ ਹੋਣਗੇ, ਫਿਰ ਮਨ ਦੀ ਬਿਰਤੀ ਵਿਚ ਆਤਮਕ ਰਸ ਭੁੰਚਣ (ਛਕਣ) ਦੀ ਅਵਸਥਾ ਬਣ ਜਾਵੇਗੀ। ਫਿਰ ਬਾਕੀ ਸਭ ਰਸ ਫਿੱਕੇ ਹੀ ਲੱਗਣਗੇ:

**ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ ॥**
**ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ ॥**

*(ਜੈਤਸਰੀ ਵਾਰ ਮ: ੫, ਪੰਨਾ 708)*

ਅੰਦਰ ਇਹ ਪੱਕਾ ਫ਼ੈਸਲਾ ਤਦ ਹੀ ਹੋ ਸਕਦਾ ਹੈ ਜੇਕਰ ਅਸਲੀ ਉੱਤਮ ਰਸ ਦੇ ਆਨੰਦ ਨੂੰ ਮਾਣਿਆ ਹੋਵੇ। ਫਿਰ ਤਾਂ:

**ਰਾਰਾ ਰਸੁ ਨਿਰਸ ਕਰਿ ਜਾਨਿਆ ॥**
**ਹੋਇ ਨਿਰਸ ਸੁ ਰਸੁ ਪਹਿਚਾਨਿਆ ॥**
**ਇਹ ਰਸ ਛਾਡੇ ਉਹ ਰਸੁ ਆਵਾ ॥**
**ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥** *(ਗਉੜੀ ਕਬੀਰ ਜੀਉ, ਪੰਨਾ 342)*

Sri Satguru Jagjit Singh Ji eLibrary NamdhariElibrary@gmail.com

ਪਰ ਜੇਕਰ ਅੰਦਰ ਅਜੇ ਸੰਸਾਰਕ ਰਸ ਮੌਜੂਦ ਹਨ, ਖਾਣ-ਪੀਣ ਆਦਿਕ ਦੇ ਰਸਾਂ ਦੀ ਮਨ ਵਿਚ ਖਿੱਚ ਹੈ ਤਾਂ ਉਸ ਨੂੰ ਆਤਮਕ ਰਸ ਨਹੀਂ ਆ ਸਕਦਾ। ਜਿਵੇਂ ਇਕ ਉਦਾਹਰਣ ਹੈ ਕਿ ਇਕ ਜਗ੍ਹਾ ਕੋਈ ਮਹਾਂਪੁਰਖ ਬੜੀ ਸੁੰਦਰ ਕਥਾ ਕਰਿਆ ਕਰਦੇ ਸਨ। ਸੁਣਨ ਵਾਲੇ ਕਥਾ ਦਾ ਬੜਾ ਰਸ ਮਾਣਿਆ ਕਰਦੇ ਸਨ। ਇਕ ਪ੍ਰੇਮੀ ਕਥਾ ਸੁਣ ਕੇ ਜਦ ਘਰ ਗਿਆ ਤਾਂ ਉਸ ਦਾ ਇਕ ਦੋਸਤ ਮਿਲਿਆ। ਕਥਾ ਵਾਲੇ ਪ੍ਰੇਮੀ ਨੇ ਆਪਣੇ ਦੋਸਤ ਨੂੰ ਕਿਹਾ ਕਿ ਕੱਲ ਤੋਂ ਤੂੰ ਵੀ ਕਥਾ ਸੁਣਨ ਮੇਰੇ ਨਾਲ ਚੱਲਿਆ ਕਰ, ਬਹੁਤ ਹੀ ਅੰਮ੍ਰਿਤ-ਰਸ ਵਾਲੀ ਕਥਾ ਹੁੰਦੀ ਹੈ। ਕਾਫ਼ੀ ਪ੍ਰੇਰਨਾ ਕਰਨ 'ਤੇ ਦੂਜੇ ਦਿਨ ਉਸ ਪ੍ਰੇਮੀ ਦਾ ਦੋਸਤ ਵੀ ਕਥਾ ਸੁਣਨ ਲਈ ਆ ਪਹੁੰਚਿਆ। ਕਿਉਂਕਿ ਅੰਦਰ ਸੰਸਾਰਕ ਬਿਰਤੀਆਂ ਦਾ ਬੜਾ ਪ੍ਰਵਾਹ ਚੱਲ ਰਿਹਾ ਸੀ, ਇਸ ਕਰਕੇ ਕਥਾ ਵਿਚ ਮਨ ਨਾ ਲੱਗਾ। ਉਠ ਕੇ ਜਾ ਵੀ ਨਹੀਂ ਸਕਦਾ ਸੀ। ਕਥਾ ਵਿਚ ਬੈਠਾ ਹੀ ਸੌਂ ਗਿਆ। ਤਕਰੀਬਨ ਅੱਧਾ ਘੰਟਾ ਤਾਂ ਇਹ ਸੁੱਤਾ ਹੀ ਰਿਹਾ। ਜਦੋਂ ਭੋਗ ਪਿਆ ਤਾਂ ਇਸ ਦੀ ਜਾਗ ਖੁੱਲ੍ਹੀ। ਜਦੋਂ ਜਾਗਿਆ ਤਾਂ ਇਸ ਨੇ ਆਪਣੇ ਮੂੰਹ ਵਿਚ ਜ਼ੁਬਾਨ ਹਿਲਾਈ ਤਾਂ ਆਪਣੇ ਦੋਸਤ ਨੂੰ ਕਹਿਣ ਲੱਗਾ ਕਿ ਯਾਰ, ਇਥੋਂ ਤਾਂ ਕੋਈ ਅੰਮ੍ਰਿਤ-ਰਸ ਨਹੀਂ ਆਇਆ, ਜਿਵੇਂ ਘਰ ਸੌਂ ਕੇ ਉਠਣ ਸਮੇਂ ਮੂੰਹ ਵਿੱਚੋਂ ਹੋਰ ਹੀ ਤਰ੍ਹਾਂ ਦਾ ਸਵਾਦ ਆਉਂਦਾ ਹੈ, ਓਹੋ ਜਿਹਾ ਹੀ ਸਵਾਦ ਆਇਆ ਹੈ।

ਸੋ, ਜਿਹੜਾ ਬੰਦਾ ਸਿਮਰਨ-ਰਸ ਪ੍ਰਾਪਤ ਨਹੀਂ ਕਰ ਸਕਿਆ, ਉਹ ਬੰਦਾ ਇਸ ਰਸ ਤੋਂ ਦੂਰ ਹੋਣ ਦੇ ਕਾਰਣ ਇਸ ਰਸ ਨੂੰ ਉੱਤਮ ਰਸ ਨਹੀਂ ਆਖ ਸਕਦਾ।

ਭਾਈ ਗੁਰਦਾਸ ਜੀ ਦਾ ਕਥਨ ਹੈ ਕਿ:

**ਗਿਦੜ ਦਾਖ ਨ ਅਪੜੈ ਆਖੈ ਥੂਹ ਕਉੜੀ॥**
**ਨਚਣੁ ਨਚਿ ਨ ਜਾਣਈ ਆਖੈ ਭੁਇ ਸਉੜੀ॥**
**ਬੋਲੇ ਅਗੈ ਗਾਵੀਐ ਭੈਰਉ ਸੋ ਗਉੜੀ॥**
**ਹੰਸਾਂ ਨਾਲਿ ਟਟੀਹਰੀ ਕਿਉ ਪਹੁਚੈ ਦਉੜੀ॥**
**ਸਾਵਣਿ ਵਣ ਹਰੀਆਵਲੇ ਅਕੁ ਜੰਮੈ ਅਉੜੀ॥**
**ਬੇਮੁਖ ਸੁਖੁ ਨ ਦੇਖਈ ਜਿਉ ਛੁਟੜਿ ਛਉੜੀ॥੬॥੩੪॥**

ਗਿੱਦੜ ਅੰਗੂਰਾਂ ਨੂੰ ਤੱਕਦਾ ਤਾਂ ਜ਼ਰੂਰ ਹੈ ਪਰ ਅੰਗੂਰਾਂ ਤਕ ਪਹੁੰਚ ਨਾ ਹੋ ਸਕਣ ਦੇ ਕਾਰਣ ਆਖਦਾ ਹੈ ਕਿ ਇਹ ਤਾਂ ਕੌੜੇ ਹਨ ਤੇ ਬਿਨਾਂ ਖਾਧਿਆਂ ਹੀ ਥੂ-ਥੂ ਕਰ ਕੇ ਤੁਰ ਜਾਂਦਾ ਹੈ। ਜਿਵੇਂ ਕਿਸੇ ਨੂੰ ਆਖ ਦਈਏ ਕਿ ਜ਼ਰਾ ਨੱਚ ਕੇ ਤਾਂ ਵਿਖਾ। ਤਾਂ ਅੱਗੋਂ ਕਹੇ ਕਿ ਜਗ੍ਹਾ ਹੀ ਥੋੜੀ ਹੈ। ਨੱਚਣੇ ਦੀ ਜਾਚ ਹੀ ਨਹੀਂ ਆਉਂਦੀ ਪਰ ਬਹਾਨਾ ਜਗ੍ਹਾ ਥੋੜੀ ਦਾ ਲਗਾ ਰਿਹਾ ਹੈ। ਜਿਸ ਬੰਦੇ ਨੂੰ ਕੰਨਾਂ ਨਾਲ ਸੁਣਦਾ ਹੀ ਕੁਝ ਨਾ ਹੋਵੇ, ਉਸ ਬੰਦੇ ਕੋਲ ਭਾਵੇਂ ਗਉੜੀ ਰਾਗ ਗਾਵਿਆ ਜਾਵੇ ਭਾਵੇਂ ਭੈਰਉ, ਇਸ ਬੋਲ਼ੇ ਬੰਦੇ ਨੂੰ ਕੀ ਪਤਾ ਕਿ ਕਿਹੜਾ ਰਾਗ ਗਾਇਆ ਜਾ ਰਿਹਾ ਹੈ। ਜਿਹੜੀ ਟਟੀਹਰੀ ਬਹੁਤ ਲੰਬੀ ਤੇ ਉੱਚੀ ਉਡਾਰੀ ਨਹੀਂ ਮਾਰ ਸਕਦੀ, ਉਹ ਹੰਸਾਂ ਨਾਲ ਰਲ ਕੇ ਕਿਵੇਂ ਉੱਡ ਸਕਦੀ ਹੈ। ਸਾਵਣ ਦੇ ਮਹੀਨੇ ਵਿਚ ਮੀਂਹ ਨਾਲ ਸਾਰਾ ਵਣ ਤਾਂ ਹਰਿਆ-ਭਰਿਆ ਹੋ ਜਾਂਦਾ ਹੈ ਪਰ ਅੱਕ ਦੇ ਬੂਟੇ 'ਤੇ ਕੋਈ ਅਸਰ ਨਹੀਂ ਹੁੰਦਾ, ਕਿਉਂਕਿ

Sri Satguru Jagjit Singh Ji eLibrary NamdhariElibrary@gmail.com

ਅੱਕ ਦਾ ਬੂਟਾ ਜਦੋਂ ਉੱਗਦਾ ਹੈ ਤਾਂ ਉਸ ਸਮੇਂ ਵੀ ਇਸ ਨੂੰ ਪਾਣੀ ਦੀ ਜ਼ਰੂਰਤ ਨਹੀਂ ਹੁੰਦੀ, ਇਹ ਤਾਂ ਉੱਗਦਾ ਹੀ ਖ਼ੁਸ਼ਕ ਜਗ੍ਹਾ 'ਤੇ ਹੈ। ਮੀਂਹ ਪੈਣ ਨਾਲ ਵੀ ਇਸ 'ਤੇ ਕੋਈ ਟਹਿਕ-ਮਹਿਕ ਨਹੀਂ ਆਉਂਦੀ। ਜਿਵੇਂ ਜਿਸ ਔਰਤ ਨੂੰ ਪਤੀ ਨੇ ਛੱਡ ਦਿੱਤਾ ਹੋਵੇ, ਉਹ ਇਸਤਰੀ ਪਤੀ-ਸੁਖ ਪ੍ਰਾਪਤ ਨਹੀਂ ਕਰ ਸਕਦੀ ਅਤੇ ਬਾਹਰ ਜਗਤ ਵਿਚ ਵੀ ਦੁਹਾਗਣੀ ਕਰਕੇ ਜਾਣੀ ਜਾਂਦੀ ਹੈ, ਤਿਵੇਂ ਹੀ ਜਿਹੜਾ ਗੁਰੂ ਤੋਂ ਬੇਮੁਖ ਹੈ, ਉਹ ਵੀ ਆਤਮਕ ਸੁਖ ਪ੍ਰਾਪਤ ਨਹੀਂ ਕਰ ਸਕਦਾ।

ਜਿਵੇਂ ਕਿ ਜੰਗਲ ਵਿਚ ਇਕ ਬੂਟੀ ਹੁੰਦੀ ਹੈ, ਇਸ ਬੂਟੀ ਦਾ ਨਾਮ ਗੁੜ-ਮਾਰ ਬੂਟੀ ਹੈ। ਇਹ ਬੂਟੀ ਪੰਸਾਰੀ ਦੀ ਦੁਕਾਨ ਤੋਂ ਆਮ ਮਿਲ ਜਾਂਦੀ ਹੈ। ਇਸ ਬੂਟੀ ਦੀ ਖ਼ਾਸੀਅਤ ਹੈ ਕਿ ਥੋੜੀ ਜਿਹੀ ਮੂੰਹ ਵਿਚ ਪਾ ਕੇ ਚਬਾਈ ਜਾਵੇ ਤਾਂ ਬਾਅਦ ਵਿਚ ਖੰਡ ਖਾਣ ਦੇ ਬਾਵਜੂਦ ਵੀ ਜ਼ੁਬਾਨ ਨੂੰ ਖੰਡ ਦਾ ਸਵਾਦ ਨਹੀਂ ਆਉਂਦਾ। ਥੋੜੀ ਦੇਰ ਲਈ ਤਾਂ ਮੂੰਹ ਵਿਚ ਕਿਸੇ ਵੀ ਮਿੱਠੀ ਚੀਜ਼ ਦੇ ਮਿਠਾਸ ਚੱਖਣ ਦੀ ਸ਼ਕਤੀ ਖ਼ਤਮ ਹੋ ਜਾਂਦੀ ਹੈ। ਭਾਵੇਂ ਕੁਝ ਸਮੇਂ ਬਾਅਦ ਜ਼ੁਬਾਨ ਵਿਚ ਦੁਬਾਰਾ ਫਿਰ ਮਿਠਾਸ ਅਨੁਭਵ ਕਰਨ ਦੀ ਸ਼ਕਤੀ ਆ ਜਾਂਦੀ ਹੈ, ਪਰ ਜਿੰਨੀ ਦੇਰ ਗੁੜ-ਮਾਰ ਬੂਟੀ ਦਾ ਅਸਰ ਜ਼ੁਬਾਨ 'ਤੇ ਹੋਵੇਗਾ, ਉਤਨੀ ਦੇਰ ਮਿੱਠੀ ਚੀਜ਼ ਖਾ ਕੇ ਵੀ ਮਿਠਾਸ ਨਹੀਂ ਆਵੇਗੀ।

ਹੂ-ਬ-ਹੂ ਜਿੰਨੀ ਦੇਰ ਤਕ ਸਾਡੇ ਅੰਦਰ ਸੰਸਾਰਕ ਰਸਾਂ ਦਾ ਅਸਰ ਹੈ, ਉਤਨੀ ਦੇਰ ਹਰਿ-ਰਸ ਨਹੀਂ ਆਉਂਦਾ। ਪਰ ਜਦੋਂ ਸੰਸਾਰਕ ਰਸ ਫਿੱਕੇ ਲੱਗਦੇ ਹਨ, ਫਿਰ ਹੀ ਸਿਮਰਨ-ਰਸ ਆਉਂਦਾ ਹੈ। ਇਸ ਹਰਿ-ਰਸ ਨੂੰ ਅਨੁਭਵ ਕਰ ਕੇ ਅਲੌਕਿਕ ਜਿਹੀ ਮਸਤੀ ਆ ਜਾਂਦੀ ਹੈ ਜੋ ਕਿ ਸਦਾ ਹੀ ਰਹਿੰਦੀ ਹੈ:

**ਹਰਿ ਰਸੁ ਪੀਵੈ ਅਲਮਸਤੁ ਮਤਵਾਰਾ॥**
**ਆਨ ਰਸਾ ਸਭਿ ਹੋਛੇ ਰੇ॥ਰਹਾਉ॥**
**ਹਰਿ ਰਸ ਕੀ ਕੀਮਤਿ ਕਹੀ ਨ ਜਾਇ॥**
**ਹਰਿ ਰਸੁ ਸਾਧੂ ਹਾਟਿ ਸਮਾਇ॥**
**ਲਾਖ ਕਰੋਰੀ ਮਿਲੈ ਨ ਕੇਹ॥**
**ਜਿਸਹਿ ਪਰਾਪਤਿ ਤਿਸ ਹੀ ਦੇਹਿ॥**
**ਨਾਨਕ ਚਾਖਿ ਭਏ ਬਿਸਮਾਦੁ॥**
**ਨਾਨਕ ਗੁਰ ਤੇ ਆਇਆ ਸਾਦੁ॥**
**ਈਤ ਊਤ ਕਤ ਛੋਡਿ ਨ ਜਾਇ॥**
**ਨਾਨਕ ਗੀਧਾ ਹਰਿ ਰਸ ਮਾਹਿ॥** *(ਆਸਾ ਮਹਲਾ ੫, ਪੰਨਾ 377)*

ਇਹ ਹਰਿ-ਰਸ ਬਹੁਤ ਹੀ ਕੀਮਤੀ ਹੈ। ਇਸ ਦਾ ਮੁੱਲ ਆਖਿਆ ਹੀ ਨਹੀਂ ਜਾ ਸਕਦਾ। ਇਹ ਆਮ ਦੁਕਾਨ ਤੋਂ ਨਹੀਂ ਮਿਲਦਾ। ਇਸ ਰਸ ਦਾ ਕੋਈ ਗਾਹਕ ਬਣ ਕੇ ਆਵੇ ਤਾਂ ਗੁਰੂ ਸਾਹਿਬ ਜੀ ਪਾਸੋਂ ਹੀ ਪ੍ਰਾਪਤ ਕਰ ਸਕਦਾ ਹੈ। ਗੁਰੂ-ਹੱਟੀ ਨੇ ਹੀ ਇਸ ਰਸ ਨੂੰ ਸੰਭਾਲਿਆ ਹੋਇਆ ਹੈ। ਗੁਰਬਾਣੀ ਵਿੱਚੋਂ ਹੀ ਇਹ ਰਸ ਮਿਲਦਾ ਹੈ। ਅਗਰ ਕੋਈ ਲੱਖਾਂ ਕਰੋੜਾਂ ਰੁਪਏ ਖ਼ਰਚ ਕਰ ਕੇ ਇਸ ਰਸ ਨੂੰ ਪ੍ਰਾਪਤ ਕਰਨਾ

Sri Satguru Jagjit Singh Ji eLibrary NamdhariElibrary@gmail.com

ਚਾਹੇ ਤਾਂ ਵੀ ਇਹ ਰਸ ਨਹੀਂ ਮਿਲ ਸਕਦਾ। ਸਿਰਫ਼ ਉਸ ਨੂੰ ਹੀ ਇਹ ਰਸ ਮਿਲਦਾ ਹੈ ਜਿਹੜਾ ਪ੍ਰੇਮ-ਰਸ ਵਿਚ ਪ੍ਰਭੂ-ਮਾਰਗ 'ਤੇ ਚੱਲੇ ਤੇ ਪ੍ਰਭੂ ਦੀ ਕਿਰਪਾ ਹੋ ਜਾਵੇ। ਫਿਰ ਗੁਰੂ-ਸ਼ਬਦ ਨਾਲ ਜੁੜ ਕੇ ਇਸ ਰਸ ਨੂੰ ਸਦੀਵੀ ਛਕਦਾ ਹੈ। ਕਦੀ ਵੀ ਦੁਬਾਰਾ ਇਸ ਆਤਮਕ ਰਸ ਤੋਂ ਵਿਛੋੜਾ ਨਹੀਂ ਹੁੰਦਾ:

**ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥**
**ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ॥**

*(ਰਾਮਕਲੀ ਮ: ੩, ਅਨੰਦੁ, ਪੰਨਾ 921)*

ਪਰ ਜਿੰਨੀ ਦੇਰ ਤਕ ਸੰਸਾਰਕ ਰਸਾਂ ਵਿਚ ਫਸਿਆ ਹੋਇਆ ਬੰਦਾ ਝੂਠੇ ਰਸਾਂ ਨੂੰ ਖਾ ਕੇ ਜੀਵਨ ਬਤੀਤ ਕਰ ਰਿਹਾ ਹੈ, ਉਤਨੀ ਦੇਰ ਸੱਚੇ ਰਸ ਤਕ ਨਹੀਂ ਪਹੁੰਚਿਆ ਜਾਂਦਾ। ਇਕ ਦਿਨ ਐਸਾ ਬੰਦਾ ਮੌਤ ਤਕ ਭਾਵੇਂ ਜਾ ਪਹੁੰਚਦਾ ਹੈ, ਪਰ ਝੂਠੇ ਰਸ ਛੱਡਣ ਨੂੰ ਤਿਆਰ ਨਹੀਂ। ਲੇਕਿਨ ਜੇਕਰ ਅੰਦਰ ਮੌਤ ਦਾ ਡਰ ਹੋਵੇਗਾ ਤਾਂ ਉਹ ਬੰਦਾ ਜ਼ਰੂਰ ਅੰਮ੍ਰਿਤ-ਰਸ ਪ੍ਰਾਪਤ ਕਰਨ ਦਾ ਜਤਨ ਕਰ ਸਕੇਗਾ।

ਇਕ ਉਦਾਹਰਣ ਹੈ—ਇਕ ਵਾਰੀ ਇਕ ਹਲਵਾਈ ਦੀ ਦੁਕਾਨ 'ਤੇ ਰਹਿਣ ਵਾਲਾ ਚੂਹਾ ਬਾਹਰ ਜੰਗਲ ਵਿਚ ਚਲਾ ਗਿਆ। ਅੱਗੋਂ ਜੰਗਲ ਦੇ ਇਕ ਚੂਹੇ ਨਾਲ ਉਸਦੀ ਮੁਲਾਕਾਤ ਹੋ ਗਈ। ਹਲਵਾਈ ਦੀ ਦੁਕਾਨ ਵਾਲਾ ਚੂਹਾ ਜੰਗਲ ਦੇ ਚੂਹੇ ਨੂੰ ਪੁੱਛਦਾ ਹੈ ਕਿ ਇਥੇ ਰਹਿ ਕੇ ਖਾਂਦਾ ਕੀ ਹੈਂ, ਮੈਨੂੰ ਭੁੱਖ ਲੱਗੀ ਹੈ, ਮੈਨੂੰ ਵੀ ਕੁਝ ਖਾਣ ਨੂੰ ਦੱਸ। ਜੰਗਲ ਦਾ ਚੂਹਾ ਦੱਸਣ ਲੱਗਾ ਕਿ ਇਹ ਘਾਹ ਦਾ ਬੂਟਾ ਹੈ, ਇਸ ਨੂੰ ਦੰਦਾਂ ਨਾਲ ਕੱਟ ਦੇ। ਘਾਹ ਨੂੰ ਕੁਤਰਨ 'ਤੇ ਜਿਹੜਾ ਪਾਣੀ ਨਿਕਲਦਾ ਹੈ, ਬੜਾ ਵਧੀਆ ਭੋਜਨ ਹੈ, ਹਰ ਵੇਲੇ ਹੀ ਇਹ ਭੋਜਨ ਇਥੇ ਮਿਲ ਜਾਂਦਾ ਹੈ। ਜੰਗਲ ਦੇ ਚੂਹੇ ਨੇ ਫਿਰ ਇਹ ਸਭ ਕੁਝ ਕਰ ਕੇ ਵਿਖਾਇਆ। ਜਦ ਹਲਵਾਈ ਵਾਲੇ ਚੂਹੇ ਨੇ ਵੀ ਘਾਹ ਕੱਟ ਕੇ ਘਾਹ ਦਾ ਪਾਣੀ ਮੂੰਹ ਵਿਚ ਪਾਇਆ ਤਾਂ ਬੜਾ ਹੀ ਫਿੱਕਾ ਜਿਹਾ ਸਵਾਦ ਆਇਆ ਤੇ ਕਹਿਣ ਲੱਗਾ ਕਿ ਇਹ ਤਾਂ ਬਹੁਤ ਹੀ ਬੇਸਵਾਦਾ ਹੈ। ਚੱਲ ਮੇਰੇ ਨਾਲ, ਮੈਂ ਤੈਨੂੰ ਆਪਣਾ ਭੋਜਨ ਖਵਾਂਦਾ ਹਾਂ। ਜ਼ਿੰਦਗੀ ਵਿਚ ਦੁਬਾਰਾ ਕਦੀ ਇਹ ਫਿੱਕਾ ਪਾਣੀ ਜਿਹਾ ਨਹੀਂ ਪੀਵੇਂਗਾ। ਇਹ ਪ੍ਰੇਰਨਾ ਦੇ ਕੇ ਉਹ ਜੰਗਲ ਦੇ ਚੂਹੇ ਨੂੰ ਆਪਣੇ ਨਾਲ ਲੈ ਆਇਆ। ਦੋਵੇਂ ਚੂਹੇ ਹਲਵਾਈ ਦੀ ਦੁਕਾਨ 'ਤੇ ਆ ਪਹੁੰਚੇ। ਮਠਿਆਈ ਦੇ ਡਿੱਗੇ ਟੁੱਕੜੇ ਦੋਹਾਂ ਨੇ ਖਾਧੇ, ਦੋਵਾਂ ਨੂੰ ਬੜਾ ਹੀ ਸਵਾਦ ਆਇਆ।

ਪਰ ਇਹ ਗੱਲ ਜ਼ਰੂਰ ਧਿਆਨ ਵਿਚ ਰੱਖ ਲੈਣੀ ਕਿ ਆਮ ਤੌਰ 'ਤੇ ਜਿਥੇ ਚੂਹੇ ਹੁੰਦੇ ਹਨ, ਉਥੇ ਤਕਰੀਬਨ ਬਿੱਲੀਆਂ ਵੀ ਜ਼ਰੂਰ ਹੁੰਦੀਆਂ ਹਨ। ਸੋ, ਹਲਵਾਈ ਦੀ ਦੁਕਾਨ ਵਿਚ ਬਿੱਲੀਆਂ ਦਾ ਹੋਣਾ ਤਾਂ ਸੁਭਾਵਕ ਹੀ ਹੈ। ਚਾਣਚੱਕ ਇਕ ਕੋਨੇ ਵਿਚ ਬੈਠੀ ਬਿੱਲੀ ਸਹਿਜ ਸੁਭਾਅ ਹੀ ਬੋਲੀ—"ਮਿਆਊਂ-ਮਿਆਊਂ।" ਜਦੋਂ ਬਿੱਲੀ ਨੇ ਮਿਆਊਂ ਕੀਤੀ ਤਾਂ ਜੰਗਲ ਦਾ ਚੂਹਾ ਤਾਂ ਜਿਉਂ ਦੌੜਿਆ ਕਿ ਖੁੱਡ ਵਿਚ ਜਾ ਵੜਿਆ। ਆਪਣੀ ਮੌਤ ਸਾਹਮਣੇ ਨਜ਼ਰ ਆ ਰਹੀ ਸੀ, ਉਸਦੇ ਦਿਲ ਦੀ ਧੜਕਣ ਬੜੀ ਤੇਜ਼ ਹੋ ਗਈ ਸੀ ਤੇ ਕਈ ਕੁਝ ਸੋਚ ਰਿਹਾ ਸੀ।

Sri Satguru Jagjit Singh Ji eLibrary NamdhariElibrary@gmail.com

ਇਸਦੇ ਉਲਟ ਹਲਵਾਈ ਦੀ ਦੁਕਾਨ ਵਾਲਾ ਚੂਹਾ ਤਾਂ ਹਰ ਰੋਜ਼ ਦੀ ਮਿਆਊਂ-ਮਿਆਊਂ ਸੁਣ ਕੇ ਢੀਠ ਹੋ ਚੁੱਕਾ ਸੀ। ਉਸ ਅੰਦਰ ਕੋਈ ਡਰ ਨਹੀਂ ਸੀ। ਮਿਆਊਂ ਸੁਣ ਕੇ ਇਕ ਵਾਰੀ ਦੌੜਿਆ ਤਾਂ ਜ਼ਰੂਰ, ਪਰ ਝਟਪਟ ਫਿਰ ਬਾਹਰ ਆ ਨਿਕਲਿਆ ਤੇ ਮਠਿਆਈ ਖਾਣ ਲੱਗ ਪਿਆ। ਬੜੇ ਮਿੱਠੇ ਰਸ ਵਿਚ ਮਸਤ ਸੀ। ਜਦ ਕਾਫ਼ੀ ਦੇਰ ਤਕ ਦੂਜਾ ਸਾਥੀ ਖੁੱਡ ਵਿੱਚੋਂ ਬਾਹਰ ਨਾ ਨਿਕਲਿਆ ਤਾਂ ਹਲਵਾਈ ਵਾਲੇ ਚੂਹੇ ਨੇ ਫਿਰ ਪ੍ਰੇਰਨਾ ਦਿੱਤੀ ਕਿ ਕੋਈ ਡਰਨ ਵਾਲੀ ਗੱਲ ਨਹੀਂ ਹੈ, ਇਹ ਤਾਂ ਹਰ ਵੇਲੇ ਇਥੇ ਹੀ ਰਹਿੰਦੀ ਹੈ। ਤੂੰ ਬਾਹਰ ਨਿਕਲ ਕੇ ਮਿੱਠੀਆਂ ਚੀਜ਼ਾਂ ਦਾ ਰਸ ਮਾਣ। ਬੜੀ ਮੁਸ਼ਕਲ ਨਾਲ, ਡਰਦਾ ਡਰਦਾ ਉਹ ਫਿਰ ਬਾਹਰ ਨਿਕਲਿਆ। ਅਜੇ ਜ਼ਰਾ ਕੁ ਹੀ ਮਠਿਆਈ ਦਾ ਭੋਰਾ ਮੂੰਹ ਵਿਚ ਪਾਇਆ ਸੀ ਕਿ ਬਿੱਲੀ ਫਿਰ ਬੋਲ ਉਠੀ—ਮਿਆਊਂ। ਇਸ ਵਾਰੀ ਤਾਂ ਉਸ ਦੀ ਹਾਲਤ ਬਹੁਤ ਹੀ ਮਾੜੀ ਹੋ ਗਈ। ਉਸ ਨੇ ਪੱਕਾ ਫ਼ੈਸਲਾ ਕਰ ਲਿਆ ਕਿ ਇਥੇ ਨਹੀਂ ਰਹਿਣਾ। ਸਾਥੀ ਨੂੰ ਕਹਿਣ ਲੱਗਾ ਕਿ ਮੈਂ ਚੱਲਿਆ ਹਾਂ। ਇਥੋਂ ਦੀ ਮਠਿਆਈ ਦੇ ਰਸ ਨਾਲੋਂ ਘਾਹ ਦੇ ਪਾਣੀ ਦਾ ਰਸ ਬਹੁਤ ਵਧੀਆ ਹੈ। ਇਥੇ ਮਠਿਆਈ ਦੇ ਰਸ ਨਾਲ ਬਿੱਲੀ ਦੀ ਮਿਆਊਂ ਦਾ ਕੁ-ਰਸ ਬਹੁਤ ਭੈੜਾ ਹੈ। ਤੂੰ ਧੰਨ ਹੈਂ, ਤੂੰ ਜਿਹੜਾ ਬਿੱਲੀ ਦੀ 'ਮਿਆਊਂ' ਵਿਚ ਹੀ ਮਠਿਆਈ ਖਾ ਰਿਹਾ ਹੈਂ।

ਇਸੇ ਹੀ ਤਰ੍ਹਾਂ ਆਮ ਬੰਦਾ ਜਗਤ ਦੇ ਰਸ ਵਿਚ ਮਸਤ ਹੈ, ਇਹ ਨਹੀਂ ਪਤਾ ਕਿ ਭੋਗਾਂ ਦੇ ਰਸ ਵਿਚ ਮਸਤ ਹੋ ਕੇ ਮੇਰਾ ਬਚਣਾ ਕੁਝ ਨਹੀਂ। ਸਿਰ 'ਤੇ ਹਰ ਵੇਲੇ ਮੌਤ ਖੜੀ ਹੈ, ਪਰ ਬੰਦਾ ਖਾਣ-ਪੀਣ ਵਿਚ ਹੀ ਮਸਤ ਹੈ। ਮੁਖਵਾਕ ਹੈ:

**ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ ਭੁੰਚਤ ਭੁਗਤਿ ਭੂਖ ਭੁਖਨਾ ॥**

*(ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫, ਪੰਨਾ 1387)*

ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:

**ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥**
**ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ ॥**

*(ਬਿਲਾਵਲੁ ਮ: ੫, ਪੰਨਾ 802)*

ਜਦੋਂ ਮਨੁੱਖ ਸੰਸਾਰਕ ਰਸਾਂ ਵੱਲੋਂ ਉਪਰਾਮ ਹੋ ਕੇ ਪ੍ਰਭੂ-ਰਸ ਵਿਚ ਜੁੜੇ, ਬਾਰ ਬਾਰ ਸਿਮਰਨ ਕਰ ਕੇ ਇਹ ਰਸ ਹਿਰਦੇ ਵਿੱਚੋਂ ਹੀ ਪ੍ਰਗਟ ਕਰੇ, ਤਾਂ ਹੀ ਇਸ ਉੱਤਮ ਰਸ ਦੁਆਰਾ ਪਰਮ ਆਨੰਦ ਦੀ ਪ੍ਰਾਪਤੀ ਕਰ ਸਕਦਾ ਹੈ। ਗੁਰੂ ਸਾਹਿਬ ਜੀ ਐਸੇ ਆਤਮਕ ਰਸੀਏ ਦੀ ਅਵਸਥਾ ਦਾ ਜ਼ਿਕਰ ਕਰਦੇ ਹਨ:

**ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥**
**ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥**

*(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ 252)*

ਐਸੇ ਆਤਮ ਰਸ ਨੂੰ ਮਾਣਨ ਵਾਲਾ ਪੂਰਨ ਤੌਰ 'ਤੇ ਜਾਣ ਲੈਂਦਾ ਹੈ ਕਿ ਬਾਕੀ ਸਰੀਰ ਦੇ ਸਭ ਰਸ ਘਟੀਆ ਰਸ ਹਨ। ਸਭ ਤੋਂ ਉੱਤਮ ਰਸ ਹੈ—ਪਰਮਾਤਮਾ ਨਾਲ

Sri Satguru Jagjit Singh Ji eLibrary NamdhariElibrary@gmail.com

ਇਕ-ਮਿਕਤਾ ਦਾ ਰਸ; ਉੱਤਮ ਰਸ ਹੈ—ਸਦੀਵੀ ਹਿਰਦੇ ਵਿਚ ਪਰਮਾਤਮਾ ਦਾ ਅਨੁਭਵ; ਉੱਤਮ ਰਸ ਹੈ—ਰਾਮ-ਰਸ :

**ਰਾਮੁ ਰਮੈ ਸੋਈ ਰਾਮਾਣਾ॥ ਜਲਿ ਥਲਿ ਮਹੀਅਲਿ ਏਕੁ ਸਮਾਣਾ॥**

*(ਗਉੜੀ ਮ: ੫, ਪੰਨਾ 194)*

ਇਸ ਰਸ ਤਕ ਪਹੁੰਚਿਆ ਹੋਇਆ ਤਾਂ ਰਸ ਮਾਣਦਾ ਹੈ ਪਰ ਇਸ ਰਸ ਨੂੰ ਪ੍ਰਾਪਤ ਕਰਨ ਦੀ ਇੱਛਾ ਵਾਲਾ ਪੁੱਛਦਾ ਹੈ, ਕਿ ਇਹ ਰਸ ਕਿਵੇਂ ਮਿਲਦਾ ਹੈ :

**ਕਾਇਆ ਨਗਰ ਮਹਿ ਰਾਮ ਰਸੁ ਊਤਮੁ,**
**ਕਿਉ ਪਾਈਐ ਉਪਦੇਸੁ ਜਨ ਕਰਹੁ॥** *(ਬਿਲਾਵਲੁ ਮ: ੪, ਪੰਨਾ 800)*

ਤਾਂ ਜਵਾਬ ਮਿਲਦਾ ਹੈ :

**ਸਤਿਗੁਰੁ ਸੇਵਿ ਸਫਲ ਹਰਿ ਦਰਸਨੁ,**
**ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ॥** *(ਬਿਲਾਵਲੁ ਮ: ੪, ਪੰਨਾ 800)*

ਸਤਿਗੁਰੂ ਨਾਲ ਸੰਬੰਧ ਬਣਾ ਕੇ ਸੇਵਾ ਕਰਦਿਆਂ, ਪ੍ਰਭੂ-ਅਨੁਭਵ ਰਾਹੀਂ ਹੀ ਅੰਮ੍ਰਿਤ ਹਰਿ-ਰਸ ਪੀਣਾ ਚਾਹੀਦਾ ਹੈ।

ਅਖ਼ੀਰ ਇਸ ਮਾਰਗ 'ਤੇ ਚੱਲਦਾ ਚੱਲਦਾ ਇਕ ਦਿਨ ਉੱਤਮ ਰਸ ਤਕ ਜਾ ਪੁੱਜਦਾ ਹੈ।

ਫਿਰ ਜਾਣ ਲੈਂਦਾ ਹੈ ਕਿ ਰਾਮ-ਰਸ ਕੀ ਹੈ ?

ਅਨ ਰਸ ਕੀ ਹੈ ?

ਪ੍ਰਭੂ-ਮਿਲਾਪ ਦਾ ਆਨੰਦ ਹੀ ਰਾਮ-ਰਸ ਹੈ, ਅਤੇ ਪਰਮਾਤਮਾ ਨਾਲੋਂ ਵਿਛੜ ਕੇ ਜੋ ਵੀ ਰਸ ਪ੍ਰਾਪਤ ਕੀਤਾ ਜਾਂਦਾ ਹੈ, ਉਹ ਅਨ ਰਸ ਹੈ।

Sri Satguru Jagjit Singh Ji eLibrary NamdhariElibrary@gmail.com

# ਕੱਚ ਤੇ ਕੰਚਨ

ਕੱਚ ਦੀ ਕੋਈ ਚੀਜ਼ ਬਣੀ ਹੋਵੇ, ਬਹੁਤੀ ਦੇਰ ਤਕ ਨਹੀਂ ਚੱਲਦੀ। ਕੱਚ ਸ਼ਬਦ ਆਪਣਾ ਅਰਥ ਆਪ ਹੀ ਹੈ। ਜਿਵੇਂ ਆਖ ਦਿੱਤਾ ਜਾਂਦਾ ਹੈ ਕਿ ਇਹ ਪਦਾਰਥ ਬੜਾ ਕੱਚਾ ਹੈ। ਤਿਵੇਂ ਹੀ ਕੱਚ ਦੇ ਅਰਥ ਹਨ—ਕੱਚਾ, ਝਟਪਟ ਟੁੱਟ ਜਾਣ ਵਾਲਾ। ਜੋ ਵੀ ਝਟਪਟ ਟੁੱਟ ਜਾਏ, ਉਹ ਕੱਚ ਹੀ ਹੈ। ਕੱਚ ਦਾ ਅਰਥ ਸਿਰਫ਼ ਇਤਨਾ ਹੀ ਨਹੀਂ ਕਿ ਕੱਚ ਦੇ ਗਲਾਸ, ਕੱਚ ਦੇ ਸ਼ੀਸ਼ੇ ਆਦਿਕ ਜਾਂ ਕੋਈ ਹੋਰ ਚੀਜ਼ ਜੋ ਕੱਚ ਤੋਂ ਬਣੀ ਹੋਵੇ, ਬਲਕਿ ਕੱਚ ਦਾ ਅਰਥ ਹੈ ਜੋ ਚੀਜ਼ ਬਹੁਤੀ ਦੇਰ ਤਕ ਨਹੀਂ ਚੱਲ ਸਕਦੀ, ਉਹ ਕੱਚ ਹੀ ਹੈ। ਕਈ ਕਿਸਮ ਦੇ ਕੱਚ ਹਨ। ਪਰ ਕੱਚ, ਕੱਚ ਵਿਚ ਫ਼ਰਕ ਜ਼ਰੂਰ ਹੈ, ਕੋਈ ਕੱਚ ਜਲਦੀ ਟੁੱਟਦਾ ਹੈ, ਕੋਈ ਕੱਚ ਕੁਝ ਸਮਾਂ ਪਾ ਕੇ ਟੁੱਟ ਜਾਂਦਾ ਹੈ। ਜਦੋਂ ਕਿਤੇ ਗੁਰਬਾਣੀ ਦੀ ਰੌਸ਼ਨੀ ਵਿਚ ਦੇਖਿਆ ਜਾਵੇ ਤਾਂ ਦੁਨੀਆ ਦੀ ਹਰ ਚੀਜ਼ ਹੀ ਕੱਚ ਹੈ। ਜਿਵੇਂ ਕਿ ਜਿਹੜਾ ਰੰਗ ਬਹੁਤੀ ਦੇਰ ਤਕ ਨਹੀਂ ਰਹਿੰਦਾ, ਉਸ ਰੰਗ ਨੂੰ ਕੱਚਾ ਰੰਗ ਆਖਿਆ ਜਾਂਦਾ ਹੈ। ਕਈ ਰੰਗ ਤਾਂ ਕੱਚੇ ਰੰਗ ਹੁੰਦੇ ਹਨ ਤੇ ਕਈ ਪੱਕੇ ਰੰਗ ਹੁੰਦੇ ਹਨ। ਪਰ ਪੱਕਾ ਰੰਗ ਵੀ ਇਕ ਦਿਨ ਆਪਣੀ ਹੋਂਦ ਮਿਟਾ ਬੈਠਦਾ ਹੈ, ਅਤੇ ਜੋ ਸਦੀਵ ਨਹੀਂ ਰਹਿੰਦਾ, ਉਹ ਰੰਗ ਕੱਚਾ ਹੀ ਹੈ। ਜਿਵੇਂ ਕਿ ਕਸੁੰਭ ਫੁੱਲ ਦਾ ਰੰਗ ਭਾਵੇਂ ਦੇਖਣ ਨੂੰ ਸੋਹਣਾ ਲੱਗਦਾ ਹੈ ਪਰ ਕੱਚਾ ਹੁੰਦਾ ਹੈ। ਗੁਰੂ ਜੀ ਨੇ ਸਾਰੇ ਸੰਸਾਰ ਨੂੰ ਹੀ ਕਸੁੰਭ ਦਾ ਰੰਗ ਕਿਹਾ ਹੈ:

**ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ॥**

*(ਸੂਹੀ ਮ: ੧, ਪੰਨਾ 751)*

ਪੁਰਾਣੇ ਸਮਿਆਂ ਵਿਚ ਜਿਹੜੇ ਘਰ ਬਣਾਏ ਜਾਂਦੇ ਸਨ, ਉਹਨਾਂ ਨੂੰ ਕੋਈ ਵੀ 'ਕੱਚੇ ਮਕਾਨ' ਦੇ ਸ਼ਬਦ ਨਾਲ ਜਾਣ ਸਕਦਾ ਹੈ। ਕਿਉਂਕਿ ਕੱਚੇ ਮਕਾਨ ਜ਼ਿਆਦਾ ਬਾਰਿਸ਼ ਹੋਣ ਨਾਲ ਕਦੀ ਵੀ ਡਿੱਗ ਸਕਦੇ ਹਨ। ਪਰ ਇਹ ਜੋ ਅੱਜ ਕੱਲ ਪੱਕੇ ਮਕਾਨ ਕਰਕੇ ਜਾਣੇ ਜਾਂਦੇ ਹਨ, ਇਹ ਵੀ ਤਾਂ ਕੱਚੇ ਹੀ ਹਨ। ਅਕਸਰ ਤਾਂ ਪੁਰਾਣੇ ਹੋ ਕੇ ਇਹ ਵੀ ਢਹਿ ਜਾਂਦੇ ਹਨ। ਇਤਨਾ ਫ਼ਰਕ ਜ਼ਰੂਰ ਹੈ ਕਿ ਕੱਚੇ ਮਕਾਨਾਂ ਨਾਲੋਂ ਪੱਕੇ ਮਕਾਨਾਂ ਦੀ ਮਿਆਦ ਜ਼ਿਆਦਾ ਹੁੰਦੀ ਹੈ।

ਤਿਵੇਂ ਹੀ ਕੋਈ ਕੱਚਾ ਸੂਤ, ਕੋਈ ਪੱਕਾ ਸੂਤ। ਕੱਚਾ ਸੂਤ ਝਟਪਟ ਟੁੱਟ ਜਾਂਦਾ ਹੈ, ਪੱਕਾ ਕੁਝ ਸਮਾਂ ਪਾ ਕੇ ਟੁੱਟਦਾ ਹੈ। ਕੱਚੇ ਸੂਤ ਦਾ ਕੱਪੜਾ ਜਲਦੀ ਪਾਟ ਜਾਂਦਾ ਹੈ, ਪੱਕੇ ਸੂਤ ਦਾ ਕੱਪੜਾ ਕੁਝ ਜ਼ਿਆਦਾ ਸਮਾਂ ਕੱਢ ਕੇ ਫ਼ਟਦਾ ਹੈ। ਫਟ ਸਭ ਹੀ ਜਾਂਦੇ ਹਨ।

Sri Satguru Jagjit Singh Ji eLibrary NamdhariElibrary@gmail.com

ਜਿਵੇਂ ਕੱਚ ਤੋਂ ਗਲਾਸ ਆਦਿਕ ਕੁਝ ਵੀ ਬਣਿਆ ਹੋਵੇ ਤਾਂ ਬਹੁਤਾ ਕੀਮਤੀ ਨਹੀਂ ਹੁੰਦਾ। ਫਿਰ ਵੀ ਕੁਝ ਕੁ ਕੀਮਤ ਤਾਂ ਜ਼ਰੂਰ ਹੁੰਦੀ ਹੈ, ਪਰ ਉਹ ਕੀਮਤ ਉਤਨੀ ਦੇਰ ਤਕ ਹੀ ਹੁੰਦੀ ਹੈ ਜਿਤਨੀ ਦੇਰ ਤਕ ਕੱਚ ਦੀ ਕੋਈ ਬਣਤਰ ਹੈ, ਲੇਕਿਨ ਜਦੋਂ ਕੱਚ ਦੀ ਬਣੀ ਚੀਜ਼ ਟੁੱਟ ਜਾਵੇ ਤਾਂ ਉਸ ਦੀ ਕੋਈ ਕੀਮਤ ਨਹੀਂ ਰਹਿ ਜਾਂਦੀ ਅਤੇ ਉਸ ਦੀ ਕਦਰ ਵੀ ਨਹੀਂ ਰਹਿ ਜਾਂਦੀ। ਜਿਸ ਸ਼ੀਸ਼ੇ ਨੂੰ ਸੰਭਾਲ ਸੰਭਾਲ ਕੇ ਰੱਖਿਆ ਜਾਂਦਾ ਹੈ, ਜਦੋਂ ਟੁੱਟ ਕੇ ਚਕਨਾਚੂਰ ਹੋ ਜਾਵੇ ਤਾਂ ਘਰੋਂ ਉਠਾ ਕੇ ਬਾਹਰ ਸੁੱਟ ਦਿੱਤਾ ਜਾਂਦਾ ਹੈ, ਫਿਰ ਨਾ ਉਸ ਦੀ ਕੀਮਤ ਹੈ, ਨਾ ਹੀ ਕਦਰ ਹੈ।

ਹੂ-ਬ-ਹੂ ਇਸ ਸਰੀਰ ਤੋਂ ਲੈ ਕੇ ਤਮਾਮ ਜਗਤ ਦੀਆਂ ਚੀਜ਼ਾਂ ਕੱਚ ਹੀ ਹਨ। ਪਤਾ ਨਹੀਂ ਕਦੋਂ ਇਨ੍ਹਾਂ ਨੇ ਟੁੱਟ ਜਾਣਾ ਹੈ। ਇਵੇਂ ਹੀ ਮਨੁੱਖੀ ਤਨ ਹੈ, ਇਸ ਦਾ ਇਕ ਇਕ ਅੰਗ ਬਹੁਤ ਕੀਮਤੀ ਹੈ, ਪਰ ਜਦ ਸਵਾਸ ਨਿਕਲ ਗਏ, ਇਹ ਤਨ ਦਾ ਭਾਂਡਾ ਟੁੱਟ ਗਿਆ ਤਾਂ ਇਸ ਦੀ ਕੋਈ ਕੀਮਤ ਨਹੀਂ, ਫਿਰ ਇਸ ਦੀ ਕੋਈ ਕਦਰ ਨਹੀਂ ਰਹਿ ਜਾਂਦੀ। ਭਾਵੇਂ ਇਹ ਪਤਾ ਹੈ ਕਿ ਇਸ ਸਰੀਰ ਰੂਪੀ ਭਾਂਡੇ ਦਾ ਕੋਈ ਵਿਸ਼ਵਾਸ ਨਹੀਂ ਹੈ:

**ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ॥**

*(ਸਾਰੰਗ ਕਬੀਰ ਜੀ, ਪੰਨਾ 1253)*

ਪਰ ਫਿਰ ਵੀ ਬੰਦਾ ਸਾਰੀ ਉਮਰ ਕੱਚ ਨਾਲ ਹੀ ਜੁੜਿਆ ਰਹਿੰਦਾ ਹੈ। ਕੱਚ ਦਾ ਹੀ ਵਪਾਰੀ ਬਣਿਆ ਹੋਇਆ ਹੈ। ਕੱਚ ਨਾਲ ਪਿਆਰ ਹੈ, ਸੱਚ ਨਾਲ ਕੋਈ ਪਿਆਰ ਨਹੀਂ ਹੈ। ਫਿਰ ਵੀ ਇਕ ਗੱਲ ਜ਼ਰੂਰ ਹੈ ਕਿ ਜਦੋਂ ਕੱਚ ਦਾ ਗਿਆਨ ਹੋ ਜਾਵੇ, ਪਤਾ ਲੱਗ ਜਾਵੇ ਕਿ ਇਹ ਚੀਜ਼ ਕੱਚੀ ਹੈ, ਫਿਰ ਉਸ ਨਾਲ ਬਹੁਤੀ ਪ੍ਰੀਤ ਨਹੀਂ ਰਹਿੰਦੀ। ਇਵੇਂ ਹੀ ਜਦੋਂ ਇਤਨਾ ਬੋਧ ਹੋ ਜਾਵੇ ਕਿ ਇਹ ਸਰੀਰ ਵੀ ਕੱਚ ਦੀ ਤਰ੍ਹਾਂ ਹੀ ਹੈ ਤਾਂ ਇਸ ਸਰੀਰ ਨਾਲ ਵੀ ਮੋਹ ਨਹੀਂ ਰਹਿ ਜਾਂਦਾ। ਫਿਰ ਤਾਂ ਇਸ ਦੇਹ ਨਾਲ ਹੋਰ ਝੂਠੇ ਧੰਧਿਆਂ ਵਿਚ ਵੀ ਨਹੀਂ ਫਸਦਾ।

ਗੁਰੂ ਸਾਹਿਬ ਜੀ ਦਾ ਉਪਦੇਸ਼ ਹੈ:

**ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ॥**
**ਨਾਮੁ ਧਿਆਵਹਿ ਸੇ ਜਿਣਿ ਚਲੇ ਗੁਰ ਪੂਰੇ ਸਨਬੰਧੁ ਜੀਉ॥**

*(ਸੂਹੀ ਮ: ੫, ਪੰਨਾ 760)*

ਇਕ ਨਾਮ-ਰਸੀਏ ਮਹਾਂਪੁਰਖਾਂ ਦੇ ਪਾਸ ਇਕ ਬੰਦਾ ਆਇਆ। ਕਹਿਣ ਲੱਗਾ ਕਿ ਮਹਾਰਾਜ ਕੋਈ ਸੇਵਾ ਦੱਸੋ। ਮਹਾਂਪੁਰਖਾਂ ਨੂੰ ਬੜੀ ਪਿਆਸ ਲੱਗੀ ਹੋਈ ਸੀ, ਕਹਿਣ ਲੱਗੇ ਕਿ ਅੰਦਰੋਂ ਘੜੇ ਵਿੱਚੋਂ ਪਾਣੀ ਲਿਆ ਕੇ ਪਿਲਾ ਦੇ। ਬੰਦਾ ਬੜੀ ਜਲਦੀ-ਜਲਦੀ ਅੰਦਰ ਜਾ ਕੇ ਗਲਾਸ ਵਿਚ ਪਾਣੀ ਭਰ ਲਿਆਇਆ। ਜਦੋਂ ਮਹਾਂਪੁਰਖਾਂ ਨੂੰ ਗਲਾਸ ਫੜਾਉਣ ਲੱਗਾ ਤਾਂ ਗਲਾਸ ਹੱਥੋਂ ਛੁਟ ਗਿਆ ਤੇ ਥੱਲੇ ਡਿੱਗਦੇ ਸਾਰ ਹੀ ਟੁੱਟ ਗਿਆ। ਗਲਾਸ ਟੁੱਟਣ ਕਰਕੇ ਬੰਦਾ ਸੋਚੀਂ ਪੈ ਗਿਆ। ਮਹਾਂਪੁਰਖਾਂ ਨੇ ਕਿਹਾ—ਜ਼ਰਾ ਸੁਚੇਤ ਰਹੋ। ਇਹ ਕੱਚ ਦਾ ਗਲਾਸ ਟੁੱਟਣ ਕਰਕੇ ਬਹੁਤਾ ਸੋਚਣ ਦੀ ਲੋੜ ਨਹੀਂ, ਗਲਾਸ

Sri Satguru Jagjit Singh Ji eLibrary NamdhariElibrary@gmail.com

ਾ ਹੋਰ ਬਹੁਤ ਹਨ, ਪਰ ਇਸ ਸਰੀਰ ਰੂਪੀ ਕੱਚੇ ਗਲਾਸ ਦਾ ਟੁੱਟਣ ਤੋਂ ਪਹਿਲਾਂ ਕੁਝ ਸੋਚ-ਵਿਚਾਰ ਜ਼ਰੂਰ ਕਰ ਲੈ। ਕੱਚ ਦੇ ਗਲਾਸ ਟੁੱਟਣ ਦੀ ਸੋਚ ਨਾਲ ਕੁਝ ਨਹੀਂ ..ਾ, ਤੇ ਜਦੋਂ ਸਰੀਰ ਰੂਪੀ ਭਾਂਡਾ ਟੁੱਟ ਗਿਆ, ਉਦੋਂ ਵੀ ਸੋਚਣ ਨਾਲ, ਸਿਵਾਏ ਪਸ਼ਚਾਤਾਪ ਦੇ, ਕੁਝ ਹੱਥ ਨਹੀਂ ਆਉਣਾ। ਹੁਣ ਤਾਂ ਸਮਾਂ ਹੈ ਕਿ ਸਿਮਰਨ ਕਰ ਕੇ ਪਰਮਾਤਮਾ ਨਾਲ ਜੁੜ ਸਕੀਏ :

**ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ॥**
**ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ॥**

*(ਸਲੋਕ ਕਬੀਰ ਜੀ, ਪੰਨਾ 1366)*

ਜਦੋਂ ਮਨੁੱਖ ਦੇ ਅੰਦਰ ਵੈਰਾਗ ਪੈਦਾ ਹੁੰਦਾ ਹੈ ਕਿ ਪਤਾ ਨਹੀਂ ਕਦੋਂ ਮੌਤ ਆ ਜਾਣੀ ਹੈ, ਹਰ ਸਮੇਂ ਸਾਹਮਣੇ ਮੌਤ ਦਾ ਭੈ ਬਣਿਆ ਰਹੇ ਤਾਂ ਬੰਦਾ ਕਦੀ ਵੀ ਗ਼ਲਤ ਰਸਤੇ 'ਤੇ ਨਹੀਂ ਚੱਲਦਾ। ਫਿਰ ਤਾਂ ਹੋਰ ਕਿਸੇ ਵੀ ਪਦਾਰਥ ਨਾਲ ਜਾਂ ਰਿਸ਼ਤੇਦਾਰੀਆਂ ਵਿਚ ਮੋਹ-ਮਮਤਾ ਨਹੀਂ ਰਹਿ ਜਾਂਦੀ। ਜਿਥੇ ਸਰੀਰ ਹੀ ਨਹੀਂ ਰਹਿਣਾ, ਉਥੇ ਹੋਰ ਕਿਸ ਨਾਲ ਮੋਹ ਕਰਕੇ ਫਸਣਾ ਹੋਇਆ :

**ਮੋਹੁ ਕੁਟੰਬੁ ਮੋਹੁ ਸਭ ਕਾਰ॥ ਮੋਹੁ ਤੁਮ ਤਜਹੁ ਸਗਲ ਵੇਕਾਰ॥**
**ਮੋਹੁ ਅਰੁ ਭਰਮੁ ਤਜਹੁ ਤੁਮ੍ਹ ਬੀਰ॥ ਸਾਚੁ ਨਾਮੁ ਰਿਦੇ ਰਵੈ ਸਰੀਰ॥**

*(ਆਸਾ ਮ: ੧, ਪੰਨਾ 356)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਆਲਕੋਟ ਵਿਖੇ ਮਰਦਾਨੇ ਨੂੰ ਦੋ ਪੈਸੇ ਦਿੱਤੇ ਤੇ ਕਿਹਾ ਕਿ ਜਾਹ ਸ਼ਹਿਰੋਂ ਜਾ ਕੇ ਦੋ ਪੈਸੇ ਦੇ ਦੋ ਸੌਦੇ ਖ਼ਰੀਦ ਕੇ ਲਿਆ। ਮਰਦਾਨੇ ਨੇ ਪੁੱਛਿਆ ਕਿ ਮਹਾਰਾਜ, ਦੱਸੋ ਕਿਹੜੇ ਕਿਹੜੇ ਸੌਦੇ ਲਿਆਉਣੇ ਹਨ ? ਗੁਰੂ ਸਾਹਿਬ ਜੀ ਨੇ ਕਿਹਾ ਕਿ ਇਕ ਪੈਸੇ ਦਾ ਸੱਚ ਤੇ ਇਕ ਪੈਸੇ ਦਾ ਝੂਠ ਖ਼ਰੀਦ ਕੇ ਲੈ ਆ। ਮਰਦਾਨਾ ਬੜਾ ਹੈਰਾਨ ਸੀ ਕਿ ਸੱਚ ਤੇ ਝੂਠ ਬਾਜ਼ਾਰੋਂ ਮਿਲ ਜਾਂਦੇ ਹਨ! ਫਿਰ ਵੀ ਗੁਰੂ ਜੀ ਦਾ ਹੁਕਮ ਮੰਨ ਕੇ ਤੁਰ ਪਿਆ। ਦੁਕਾਨ ਦੁਕਾਨ ਜਾ ਕੇ ਸੱਚ ਝੂਠ ਮੰਗਦਾ ਫਿਰੇ, ਪਰ ਇਹ ਸੌਦਾ ਕੌਣ ਦੇਵੇ। ਅਖ਼ੀਰ ਇਕ ਦੁਕਾਨ 'ਤੇ ਆ ਕੇ ਜਦ ਮਰਦਾਨੇ ਨੇ ਦੁਕਾਨ ਵਾਲੇ ਤੋਂ ਸੱਚ ਝੂਠ ਮੰਗੇ ਤਾਂ ਅੱਗੋਂ ਦੁਕਾਨ ਵਾਲਾ ਮੂਲਾ ਕਹਿਣ ਲੱਗਾ ਕਿ ਇਹ ਸੌਦਾ ਤੂੰ ਖ਼ੁਦ ਹੀ ਖ਼ਰੀਦਣ ਆਇਆ ਹੈਂ ਜਾਂ ਤੈਨੂੰ ਕਿਸੇ ਭੇਜਿਆ ਹੈ ? ਮਰਦਾਨੇ ਨੇ ਕਿਹਾ ਕਿ ਮੇਰਾ ਗੁਰੂ ਸ਼ਹਿਰ ਤੋਂ ਬਾਹਰ ਬੈਠਾ ਹੋਇਆ ਹੈ, ਉਸ ਨੇ ਮੈਨੂੰ ਇਹ ਸੌਦਾ ਖ਼ਰੀਦਣ ਲਈ ਭੇਜਿਆ ਹੈ। ਮੂਲੇ ਨੇ ਦੋ ਪੈਸੇ ਮਰਦਾਨੇ ਤੋਂ ਲੈ ਲਏ ਤੇ ਕਾਗ਼ਜ਼ 'ਤੇ ਲਿਖ ਦਿੱਤਾ ਕਿ 'ਸੱਚ' ਹੈ ਮਰਨਾ ਤੇ 'ਝੂਠ' ਹੈ ਜੀਣਾ। ਮਰਦਾਨਾ ਗੁਰੂ ਜੀ ਪਾਸ ਉਹ ਕਾਗ਼ਜ਼ ਲੈ ਆਇਆ। ਗੁਰੂ ਸਾਹਿਬ ਜੀ ਇਹ ਕਾਗ਼ਜ਼ ਪੜ੍ਹ ਕੇ ਹੱਸ ਪਏ। ਇਤਨੇ ਚਿਰ ਨੂੰ ਮੂਲਾ ਵੀ ਦਰਸ਼ਨ ਕਰਨ ਨੂੰ ਆ ਪੁੱਜਾ। ਗੁਰੂ ਸਾਹਿਬ ਜੀ ਨੇ ਪੁੱਛ ਲਿਆ ਕਿ ਮੂਲਿਆ, ਜੋ ਤੂੰ ਕਾਗ਼ਜ਼ 'ਤੇ ਲਿਖਿਆ ਹੈ, ਇਹ ਦਿਲ 'ਤੇ ਵੀ ਲਿਖਿਆ ਹੈ ਜਾਂ ਸਿਰਫ਼ ਕਾਗ਼ਜ਼ 'ਤੇ ਹੀ ਲਿਖਣਾ ਜਾਣਦਾ ਹੈਂ ? ਮੂਲੇ ਨੇ ਆਖ ਦਿੱਤਾ ਸੀ ਕਿ ਮਹਾਰਾਜ, ਅਜੇ ਦਿਲ 'ਤੇ ਨਹੀਂ ਲਿਖ ਸਕਿਆ। ਸੋ ਕਈ ਵਾਰੀ

ਬੰਦਾ ਬਾਹਰੋਂ ਆਖ ਛੱਡਦਾ ਹੈ ਕਿ ਮਰਨਾ ਸੱਚ ਹੈ, ਪਰ ਅੰਦਰ ਜੀਵਣਾ ਸੱਚ ਜਾਪਦਾ ਰਹਿੰਦਾ ਹੈ। ਗੁਰੂ ਸਾਹਿਬ ਜੀ ਦੇ ਬਚਨ ਸੁਣ ਕੇ ਮੂਲਾ ਅੰਦਰੋਂ ਵੈਰਾਗ ਵਿਚ ਆ ਗਿਆ। ਦੁਕਾਨ ਛੱਡ ਦਿੱਤੀ। ਗੁਰੂ ਸਾਹਿਬ ਜੀ ਨਾਲ ਹੀ ਕੁਝ ਸਮਾਂ ਲੰਘਾ ਦਿੱਤਾ। ਹੁਣ ਗੁਰੂ ਸਾਹਿਬ ਜੀ ਨੇ ਇਸ ਨੂੰ ਸਮਝਾ ਕੇ ਵਾਪਸ ਘਰ ਭੇਜ ਦਿੱਤਾ ਤੇ ਕਿਹਾ—ਹੱਟੀ ਕਰ, ਪਰਿਵਾਰ ਵਿਚ ਰਹਿ, ਪਰ ਇਸ ਵਿਰਾਗ ਬਿਰਤੀ ਦਾ ਅਭਿਆਸ ਜ਼ਰੂਰ ਕਰਦਾ ਰਹੀਂ, ਅੰਦਰੋਂ ਮੋਹ ਵਿਚ ਨਾ ਫਸ ਜਾਵੀਂ। ਪਰ ਮੂਲੇ ਨੇ ਪਰਿਵਾਰ ਤੇ ਦੁਕਾਨ ਵਿਚ ਇਤਨਾ ਮੋਹ ਪਾ ਲਿਆ ਕਿ ਮਰਨਾ ਝੂਠ ਸਮਝ ਬੈਠਾ।

ਗੁਰੂ ਸਾਹਿਬ ਜੀ ਜਦੋਂ ਦੁਬਾਰਾ ਸਿਆਲਕੋਟ ਆਏ, ਮਰਦਾਨੇ ਨੂੰ ਭੇਜਿਆ ਕਿ ਜਾਹ ਮੂਲੇ ਨੂੰ ਸੱਦ ਲਿਆ। ਅੱਗੋਂ ਘਰ ਵਾਲੀ ਨੇ ਮੂਲੇ ਨੂੰ ਅੰਦਰ ਛੁਪਾ ਦਿੱਤਾ ਤੇ ਮਰਦਾਨੇ ਨੂੰ ਕਿਹਾ ਕਿ ਮੂਲਾ ਘਰ ਨਹੀਂ ਹੈ। ਕਿਉਂਕਿ ਘਰ ਵਾਲੀ ਨੇ ਸੋਚਿਆ ਕਿ ਸ਼ਾਇਦ ਫਿਰ ਮੂਲੇ ਨੂੰ ਨਾਲ ਲੈ ਜਾਣ ਲਈ ਇਹ ਫ਼ਕੀਰ ਆਏ ਹਨ। ਮਰਦਾਨਾ ਵਾਪਸ ਆ ਗਿਆ, ਸਤਿਗੁਰਾਂ ਨੂੰ ਆ ਦੱਸਿਆ। ਇਸ ਦਰਮਿਆਨ ਓਧਰ ਮੂਲੇ ਨੂੰ ਸੱਪ ਲੜ ਗਿਆ ਤੇ ਉਹ ਮਰ ਗਿਆ। ਗੁਰੂ ਸਾਹਿਬ ਜੀ ਨੇ ਉਸ ਸਮੇਂ ਸਲੋਕ ਉਚਾਰਿਆ:

**ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥**
**ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥**

*(ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ 1412)*

ਸੋ ਇਸ ਮੌਤ ਦਾ ਕੀ ਭਰੋਸਾ ਹੈ ਕਿ ਕਿਹੜੀ ਜਗ੍ਹਾ ਆ ਜਾਣੀ ਹੈ, ਕਦੋਂ ਆ ਜਾਣੀ ਹੈ ਤੇ ਕਿਸ ਚੀਜ਼ ਨਾਲ ਮਰ ਜਾਣਾ ਹੈ। ਭਾਵੇਂ ਮਰਨ ਲਈ ਤਿੰਨ ਚੀਜ਼ਾਂ ਇਕੱਠੀਆਂ ਹੋਣੀਆਂ ਜ਼ਰੂਰੀ ਹੁੰਦੀਆਂ ਹਨ—ਦੇਸ, ਕਾਲ ਤੇ ਵਸਤੂ। ਪਰ ਇਹਨਾਂ ਚੀਜ਼ਾਂ ਨੂੰ ਇਕੱਠਿਆਂ ਹੁੰਦਿਆਂ ਦੇਰ ਨਹੀਂ ਲੱਗਦੀ। ਜਦੋਂ ਕਿਸੇ ਦੀ ਮੌਤ ਆਉਂਦੀ ਹੈ, ਤਾਂ ਫਿਰ ਉਸ ਜਗ੍ਹਾ 'ਤੇ ਸਮਾਂ ਤੇ ਕੋਈ ਬਹਾਨਾ ਆ ਹੀ ਬਣਦਾ ਹੈ। ਮਰ ਤਾਂ ਇਕ ਦਿਨ ਜਾਣਾ ਹੀ ਹੈ, ਪਰ ਮਰਨ ਤੋਂ ਪਹਿਲਾਂ ਕਿਉਂ ਨਾ ਜੀਵਣ ਦੀ ਜਾਚ ਸਿੱਖ ਲਈ ਜਾਵੇ। ਭਾਈ ਗੁਰਦਾਸ ਜੀ ਦਾ ਕਥਨ ਹੈ:

**ਘਰੀ ਘਰੀ ਟੇਰਿ ਘਰੀਆਰ ਸੁਨਾਇ ਸੰਦੇਸੋ,**
**ਪਹਿਰ ਪਹਿਰ ਪੁਨਿ ਪੁਨਿ ਸਮਝਾਇ ਹੈ॥**
**ਜੈਸੇ ਜੈਸੇ ਜਲ ਭਰਿ ਭਰਿ ਬੇਲੀ ਬੂਡਤ ਹੈ,**
**ਪੂਰਨ ਹੁਇ ਪਾਪਨ ਕੀ ਨਾਵਹਿ ਹਰਾਇ ਹੈ॥**
**ਚਹੂੰ ਓਰ ਸੋਰ ਕੈ ਪਾਹਰੂਆ ਪੁਕਾਰ ਹਾਰੇ,**
**ਚਾਰੋ ਜਾਮ ਸੋਵਤੇ ਅਚੇਤ ਨ ਲਜਾਇ ਹੈ॥**
**ਤਮਚੁਰ ਸਬਦ ਸੁਨਤ ਹੀ ਉਘਾਰ ਆਂਖੈਂ,**
**ਬਿਨ ਪ੍ਰਿਯ ਪ੍ਰੇਮ ਰਸ ਪਾਛੇ ਪਛਤਾਇ ਹੈ॥੬੫੭॥**

ਪੁਰਾਣੇ ਸਮੇਂ ਟਾਈਮ ਜਾਣਨ ਦਾ ਇਕ ਢੰਗ ਸੀ—ਮਿੱਟੀ ਦੀ ਇਕ ਮਟਕੀ ਦੇ ਥੱਲੇ ਛੇਕ ਕਰ ਕੇ ਪਾਣੀ ਵਿਚ ਰੱਖ ਦੇਣੀ ਤੇ ਜਦੋਂ ਇਸ ਮਟਕੀ ਨੇ ਭਰ ਜਾਣਾ ਤਾਂ ਜਾਣਿਆ ਜਾਂਦਾ ਸੀ ਕਿ ਇਕ ਘੜੀ ਸਮਾਂ ਗੁਜ਼ਰ ਗਿਆ ਹੈ। ਇਹ ਸਮਾਂ ਘੜਿਆਲ

Sri Satguru Jagjit Singh Ji eLibrary NamdhariElibrary@gmail.com

'ਤੇ ਚੋਟ ਮਾਰ ਕੇ ਦੂਰ ਦੂਰ ਤਕ ਦੱਸ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਹੀ ਜਦੋਂ ਤਿੰਨ ਘੰਟੇ ਦਾ ਸਮਾਂ ਬੀਤਦਾ ਤਾਂ ਘੜਿਆਲ 'ਤੇ ਤਿੰਨ ਚੋਟਾਂ ਮਾਰ ਕੇ ਪਹਿਰ ਦੇ ਸਮੇਂ ਦੀ ਸੂਚਨਾ ਦਿੱਤੀ ਜਾਂਦੀ ਸੀ। ਭਾਈ ਸਾਹਿਬ ਜੀ ਕਹਿੰਦੇ ਹਨ ਕਿ ਘੜਿਆਲ ਤਾਂ ਤੈਨੂੰ ਹਰ ਬੀਤਦੀ ਇਕ ਇਕ ਘੜੀ ਬਾਅਦ ਸੂਚਨਾ ਦੇ ਰਿਹਾ ਹੈ ਕਿ ਤੇਰੀ ਉਮਰ ਇਕ ਘੜੀ ਘਟ ਗਈ ਹੈ; ਫਿਰ ਦੁਬਾਰਾ ਪਹਿਰ ਦੀ ਸੂਚਨਾ ਦੇ ਕੇ ਤੈਨੂੰ ਸਮਝਾ ਰਿਹਾ ਹੈ। ਪਰ ਜਿਵੇਂ ਪਾਣੀ ਵਿਚ ਰੱਖੀ ਮਟਕੀ (ਛੋਟਾ ਘੜਾ) ਭਰ ਜਾਵੇ ਤਾਂ ਉਹ ਪਾਣੀ ਵਿਚ ਡੁੱਬ ਜਾਂਦੀ ਹੈ, ਤਿਵੇਂ ਹੀ ਤੂੰ ਵੀ ਪਾਪਾਂ ਨਾਲ ਆਪਣੇ ਹਿਰਦੇ ਦੀ ਨਾਵ ਨੂੰ ਭਰ ਕੇ ਡੋਬੀ ਜਾ ਰਿਹਾ ਹੈਂ। ਚਾਰ ਚੁਫੇਰੇ ਪਹਿਰੇਦਾਰ ਆਵਾਜ਼ ਦੇ ਦੇ ਕੇ ਥੱਕ ਗਿਆ ਹੈ, ਪਰ ਤੂੰ ਫਿਰ ਵੀ ਬੇਫ਼ਿਕਰ ਹੋ ਕੇ ਸੁੱਤਾ ਪਿਆ ਹੈਂ, ਤੈਨੂੰ ਜ਼ਰਾ ਵੀ ਲਾਜ ਨਹੀਂ ਆਉਂਦੀ। ਹੁਣ ਤਾਂ ਕੁੱਕੜ ਨੇ ਵੀ ਬਾਂਗ ਦੇ ਦਿੱਤੀ ਹੈ, ਇਸ ਵੇਲੇ ਤਾਂ ਜਾਗ। ਅੱਖਾਂ ਖੋਲ੍ਹ ਕੇ ਹੁਸ਼ਿਆਰ ਹੋ। ਬਿਨਾਂ ਪ੍ਰਭੂ-ਪਤੀ ਦਾ ਪ੍ਰੇਮ ਪੈਦਾ ਕੀਤਿਆਂ, ਬਾਅਦ ਵਿਚ ਤਾਂ ਪਛਤਾਵਾ ਹੀ ਕਰਨਾ ਪਵੇਗਾ।

ਗੁਰੂ-ਸ਼ਬਦ ਰਾਹੀਂ ਉਪਦੇਸ਼ ਸੁਣ ਕੇ ਤਾਂ ਬੰਦੇ ਨੂੰ ਜ਼ਰੂਰ ਸੁਚੇਤ ਹੋਣਾ ਚਾਹੀਦਾ ਹੈ। ਜੇਕਰ ਗੁਰ-ਉਪਦੇਸ਼ ਅੰਦਰ ਵਸ ਜਾਵੇ ਤਾਂ ਇਹ ਬੰਦਾ ਇਸ ਕੱਚ ਵਿੱਚੋਂ ਕੰਚਨ ਪੈਦਾ ਕਰ ਸਕਦਾ ਹੈ। ਸਿਮਰਨ ਕਰਦਿਆਂ ਕਰਦਿਆਂ ਨਾਸ਼ਵੰਤ ਦੇਹ ਰਾਹੀਂ ਹੀ, ਅਬਿਨਾਸ਼ੀ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ। ਇਹ ਕੱਚ ਤੋਂ ਸੱਚ ਤਕ ਪਹੁੰਚ ਸਕਦਾ ਹੈ:

**ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥**
**ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥**
**ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥**
**ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥**

*(ਸਵਈਏ ਮਹਲੇ ਚਉਥੇ ਕੇ, ਪੰਨਾ 1399)*

ਭਾਵੇਂ ਇਹ ਸਰੀਰ ਕੱਚਾ ਭਾਂਡਾ ਸੀ ਪਰ ਪ੍ਰਭੂ-ਚਿੰਤਨ ਕਰਦਿਆਂ ਕਰਦਿਆਂ ਅਟੱਲ ਪਦਵੀ ਪ੍ਰਾਪਤ ਹੋ ਗਈ। ਕਦੀ ਨਾ ਬਿਨਸਣ ਵਾਲੀ ਅਵਸਥਾ ਮਿਲ ਜਾਣੀ ਹੀ ਤਾਂ ਕੰਚਨ ਬਣਨਾ ਹੈ।

**ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥**

*(ਸੋਰਠਿ ਮ: ੯, ਪੰਨਾ 632)*

ਸਰੀਰ ਨਾਲ ਜੁੜਿਆਂ ਬਾਰ-ਬਾਰ ਦਾ ਜਨਮ ਤੇ ਮਰਨ ਰੂਪੀ ਭਾਂਡਾ ਬਣਦਾ ਤੇ ਟੁੱਟਦਾ ਰਿਹਾ, ਪਰ ਪਰਮਾਤਮਾ ਨਾਲ ਇਕਮਿਕਤਾ ਸਦਾ ਲਈ ਸਥਿਰ ਅਵਸਥਾ ਦੀ ਪ੍ਰਾਪਤੀ ਹੈ।

**ਕਬੀਰ ਕਾਇਆ ਕਾਚੀ ਕਾਰਵੀ ਕੇਵਲ ਕਾਚੀ ਧਾਤੁ ॥**
**ਸਾਬਤੁ ਰਖਹਿ ਤ ਰਾਮ ਭਜੁ ਨਾਹਿ ਤ ਬਿਨਠੀ ਬਾਤ ॥**

*(ਸਲੋਕ ਕਬੀਰ ਜੀ, ਪੰਨਾ 1376)*

ਕਬੀਰ ਜੀ ਕਹਿੰਦੇ ਹਨ ਕਿ ਇਹ ਸਰੀਰ ਤਾਂ ਕੱਚਾ ਭਾਂਡਾ ਹੈ ਤੇ ਜਿਸ ਮਿੱਟੀ ਤੋਂ ਇਹ ਤਨ ਬਣਿਆ ਹੋਇਆ ਨਜ਼ਰ ਆ ਰਿਹਾ ਹੈ, ਉਹ ਪੰਜ ਤੱਤਾਂ ਦੀ ਧਾਤ

Sri Satguru Jagjit Singh Ji eLibrary NamdhariElibrary@gmail.com

ਵੀ ਕੱਚੀ ਹੈ। ਪੰਜ ਤੱਤਾਂ 'ਚੋਂ ਮਿਲਣ ਵਾਲੀ ਖ਼ੁਰਾਕ ਜੋ ਕਿ ਪ੍ਰਾਣ ਰੂਪ ਹੈ, ਉਹ ਵੀ ਕੱਚੀ ਹੈ, ਪਤਾ ਨਹੀਂ ਕਦੋਂ ਸਵਾਸਾਂ ਦੀ ਲੜੀ ਟੁੱਟ ਜਾਣੀ ਹੈ। ਪਰ ਜੇਕਰ ਤੂੰ ਆਪਣੇ ਆਪ ਨੂੰ ਨਾਸ਼ ਰਹਿਤ ਕਰਨਾ ਚਾਹੁੰਦਾ ਹੈਂ ਤਾਂ ਪਰਮਾਤਮਾ ਦਾ ਭਜਨ ਕਰ, ਨਹੀਂ ਤਾਂ ਇਹ ਸਰੀਰ ਦੀ ਗੱਲ ਕੋਈ ਨਹੀਂ ਰਹਿਣੀ।

ਇਹ ਗੱਲ ਜ਼ਰੂਰ ਧਿਆਨ ਵਿਚ ਰੱਖ ਲੈਣੀ ਕਿ ਧਰਤੀ ਵਿੱਚੋਂ ਪੈਦਾ ਹੋਣ ਵਾਲਾ ਅੰਨ ਬਾਕੀ ਚਾਰ ਤੱਤਾਂ ਦੀ ਸਹਾਇਤਾ ਨਾਲ ਹੀ ਬਣਦਾ ਹੈ। ਹਰ ਬ੍ਰਿਛ ਨੂੰ ਆਕਾਸ਼ ਚਾਹੀਦਾ ਹੈ, ਪਾਣੀ ਚਾਹੀਦਾ ਹੈ ਅਤੇ ਅਗਨ ਰੂਪੀ ਸੂਰਜ ਦੀ ਤੇਜ਼ ਸ਼ਕਤੀ ਚਾਹੀਦੀ ਹੈ। ਬ੍ਰਿਛ ਧਰਤੀ ਵਿੱਚੋਂ ਹੀ ਪੈਦਾ ਹੁੰਦਾ ਹੈ ਤੇ ਹਵਾ ਨਾਲ ਹੀ ਪ੍ਰਫੁੱਲਤ ਰਹਿੰਦਾ ਹੈ। ਖਾਣ ਵਾਲਾ ਅੰਨ ਭੋਜਨ ਵੀ ਪੰਜ ਤੱਤਾਂ ਦੀ ਧਾਤ ਤੋਂ ਹੀ ਪੈਦਾ ਹੋਇਆ ਹੈ।

ਇਸ ਅੰਨ ਰੂਪ ਕਣਕ ਦੀ ਮਿਸਾਲ ਹੀ ਲੈ ਲਵੋ। ਕਣਕ ਦੀ ਮਿਆਦ ਇਕ ਸਾਲ ਹੈ, ਤਕਰੀਬਨ ਇਕ ਸਾਲ ਭਰ ਕਣਕ ਖ਼ਰਾਬ ਨਹੀਂ ਹੁੰਦੀ, ਪਰ ਜੇਕਰ ਇਸ ਕਣਕ ਦਾ ਆਟਾ ਬਣ ਜਾਵੇ ਤਾਂ ਸੁਭਾਵਕ ਹੀ ਇਸ ਦੀ ਮਿਆਦ ਇਕ ਮਹੀਨਾ ਰਹਿ ਜਾਂਦੀ ਹੈ। ਜਦੋਂ ਆਟੇ ਦੀ ਰੋਟੀ ਬਣ ਜਾਵੇ ਤਾਂ ਰੋਟੀ ਦੀ ਮਿਆਦ ਇਕ ਦਿਨ ਦੀ ਹੈ। ਰੋਟੀ ਪੇਟ ਵਿਚ ਚਲੀ ਜਾਵੇ ਤਾਂ ਤਕਰੀਬਨ 4-5 ਘੰਟੇ ਤਕ ਅਸਰ ਤ੍ਰਿਪਤੀ ਰੂਪ ਵਿਚ ਰੱਖਦੀ ਹੈ। ਪਰ ਇਸ ਖਾਧੇ ਭੋਜਨ ਤੋਂ ਜੋ ਪ੍ਰਾਣ ਬਣਦੇ ਨੇ, ਉਹਨਾਂ ਸਵਾਸਾਂ ਦੀ ਕੋਈ ਮਿਆਦ ਨਹੀਂ ਹੈ:

**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ,**
**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥** *(ਬਿਹਾਗੜਾ ਮ: ੪, ਪੰਨਾ 540)*

ਅਜੇ ਬਾਜ਼ਾਰ ਵਿੱਚੋਂ ਕੱਚ ਦੇ ਭਾਂਡੇ ਤੇ ਮਿੱਟੀ ਦੇ ਘੜੇ ਦੀ ਤਾਂ ਕੁਝ ਨਾ ਕੁਝ ਮਿਆਦ ਹੋ ਸਕਦੀ ਹੈ, ਪਰ ਇਸ ਤਨ ਦੀ ਕੋਈ ਮਿਆਦ ਨਹੀਂ ਹੈ। ਜਿਸ ਤਨ ਦਾ ਕੋਈ ਭਰੋਸਾ ਨਹੀਂ ਹੈ, ਕੋਈ ਬੁਨਿਆਦ ਨਹੀਂ ਹੈ, ਉਸ ਤਨ ਨਾਲ ਹੀ ਇਤਨੇ ਪਸਾਰੇ ਕੀਤੇ ਹੋਏ ਹਨ ਕਿ ਬੜੀਆਂ ਡੂੰਘੀਆਂ ਆਸਾਂ ਲਾਈ ਬੈਠਾ ਹੈ। ਸਰੀਰ ਰੂਪੀ ਮਕਾਨ ਦੀ ਨੀਂਹ ਬਿਲਕੁਲ ਨਹੀਂ ਹੈ ਪਰ ਬਾਹਰ ਮਕਾਨਾਂ ਦੀ ਨੀਂਹ ਬੜੀ ਡੂੰਘੀ ਹੈ ਤੇ ਤੇਰੀ ਮਮਤਾ ਦੀ ਨੀਂਹ ਵੀ ਉਤਨੀ ਹੀ ਡੂੰਘੀ ਹੈ:

**ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ ॥**
*(ਧਨਾਸਰੀ ਬਾਣੀ ਭਗਤ ਨਾਮਦੇਵ ਜੀ ਕੀ, ਪੰਨਾ 692)*

ਕਿਤੇ ਅੰਦਰ ਵੈਰਾਗ ਪੈਦਾ ਹੋ ਜਾਏ:

**ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥**
**ਜੈਸੇ ਤਰਵਰ ਪੰਖਿ ਬਸੇਰਾ ॥ਰਹਾਉ॥**
**ਰਾਖਹੁ ਕੰਧ ਉਸਾਰਹੁ ਨੀਵਾਂ ॥**
**ਸਾਢੇ ਤੀਨਿ ਹਾਥ ਤੇਰੀ ਸੀਵਾਂ ॥**
**ਬੰਕੇ ਬਾਲ ਪਾਗ ਸਿਰਿ ਡੇਰੀ ॥**
**ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥**
*(ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ, ਪੰਨਾ 659)*

Sri Satguru Jagjit Singh Ji eLibrary NamdhariElibrary@gmail.com

ਜਿਸ ਸਰੀਰ ਨੇ ਇਕ ਦਿਨ ਸੁਆਹ ਹੋ ਜਾਣਾ ਹੈ, ਉਸ ਨਾਸ਼ ਹੋ ਜਾਣ ਵਾਲੇ ਸਰੀਰ ਨਾਲ ਕੀ ਪਿਆਰ ਕਰਨਾ! ਪਿਆਰ ਤਾਂ ਨਿਰੰਕਾਰ ਨਾਲ ਹੋਣਾ ਚਾਹੀਦਾ ਹੈ। ਫਿਰ ਤਾਂ ਜਿੰਨਾ ਸਮਾਂ ਇਹ ਸਰੀਰ ਹੈ, ਉਤਨਾ ਸਮਾਂ ਸਿਮਰਨ ਵਿਚ ਲਾ ਕੇ ਕੱਚ ਨਾਲ ਕੰਚਨ ਵਿਹਾਜਣਾ ਚਾਹੀਦਾ ਹੈ।

ਉਹ ਮਨੁੱਖ ਕਿਤਨਾ ਬੇਸਮਝ ਹੋਵੇਗਾ ਜਿਹੜਾ ਕੱਚ ਇਕੱਠਾ ਕਰਦਾ ਰਹੇ, ਪਰ ਸੋਨਾ ਬਾਹਰ ਸੁੱਟ ਦੇਵੇ। ਆਪਣੇ ਮਿੱਤਰਾਂ ਨੂੰ ਛੱਡ ਦੇਵੇ ਅਤੇ ਦੁਸ਼ਮਣਾਂ ਨਾਲ ਮਿਲ ਬੈਠੇ। ਇਹੋ ਜੇਹਾ ਮਨੁੱਖ ਤਾਂ ਅਗਿਆਨਤਾ ਦੇ ਬਹੁਤ ਜ਼ਿਆਦਾ ਅੰਧੇਰੇ ਵਿਚ ਜ਼ਿੰਦਗੀ ਬਿਤਾ ਰਿਹਾ ਹੈ। ਜਿਵੇਂ ਖੂਹ ਦੇ ਥੱਲੇ ਸਦੀਵੀ ਅੰਧੇਰਾ ਹੁੰਦਾ ਹੈ, ਕਿਸੇ ਪਾਸਿਓਂ ਰੌਸ਼ਨੀ ਨਹੀਂ ਆਉਂਦੀ, ਤਿਵੇਂ ਅਵਿੱਦਿਆ ਦੇ ਅੰਧੇਰੇ ਵਿਚ, ਅਗਿਆਨ ਦੇ ਅੰਧੇਰੇ ਵਿਚ ਰਹਿਣ ਵਾਲੇ ਨੂੰ ਝੂਠਾ ਸੰਸਾਰ ਹੀ ਸੱਚਾ ਲੱਗਦਾ ਹੈ:

**ਕਾਚ ਬਿਹਾਝਨ ਕੰਚਨ ਛਾਡਨ,**
**ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ॥**
**ਹੋਵਨੁ ਕਉਰਾ ਅਨਹੋਵਨੁ ਮੀਠਾ,**
**ਬਿਖਿਆ ਮਹਿ ਲਪਟਾਇ ਜਰੇ॥**
**ਅੰਧ ਕੂਪ ਮਹਿ ਪਰਿਓ ਪਰਾਨੀ,**
**ਭਰਮ ਗੁਬਾਰ ਮੋਹ ਬੰਧਿ ਪਰੇ॥**
**ਕਹੁ ਨਾਨਕ ਪ੍ਰਭ ਹੋਤ ਦਇਆਰਾ,**
**ਗੁਰੁ ਭੇਟੈ ਕਾਢੈ ਬਾਹ ਫਰੇ॥** *(ਬਿਲਾਵਲੁ ਮਹਲਾ ੫, ਪੰਨਾ 823)*

ਇਹ ਤਾਂ ਗੁਰੂ ਕਿਰਪਾ ਕਰ ਕੇ, ਬਾਂਹ ਫੜ ਕੇ ਭਰਮ-ਭੁਲੇਖੇ ਵਿੱਚੋਂ ਬਾਹਰ ਕੱਢ ਲਵੇ ਤਾਂ ਹੀ ਸਹੀ ਸੋਚ ਹੋ ਸਕਦੀ ਹੈ, ਨਹੀਂ ਤਾਂ ਭੁਲੇਖਾ ਦੂਰ ਨਹੀਂ ਹੋ ਸਕਦਾ। ਅਗਿਆਨਤਾ ਦੇ ਚਾਰ ਪ੍ਰਮੁੱਖ ਕੰਮ ਹਨ:

1. ਅਪਵਿੱਤ੍ਰ ਨੂੰ ਪਵਿੱਤ੍ਰ ਜਾਣਨਾ;
2. ਦੁਖ ਨੂੰ ਸੁਖ ਜਾਣਨਾ;
3. ਅਸੱਤ ਨੂੰ ਸੱਤ ਜਾਣਨਾ;
4. ਅਨਾਤਮਾ ਵਿਚ ਆਤਮਾ ਬੁੱਧੀ ਨੂੰ (ਜੋ ਆਪਣਾ ਆਪ ਨਹੀਂ ਉਸ ਨੂੰ) ਆਪਣਾ ਜਾਣਨਾ।

ਗੁਰੂ ਦੇ ਗਿਆਨ ਰਾਹੀਂ ਭਰਮ ਦੂਰ ਹੋ ਜਾਂਦਾ ਹੈ। ਸੱਚ ਨੂੰ ਸੱਚ ਜਾਣਨ ਦੀ ਬੁੱਧੀ ਪੈਦਾ ਹੋ ਜਾਂਦੀ ਹੈ। ਫਿਰ ਝੂਠ, ਝੂਠ ਨਜ਼ਰ ਆਉਂਦਾ ਹੈ। ਜਾਣ ਲਿਆ ਜਾਂਦਾ ਹੈ ਕਿ ਇਸ ਸਰੀਰ ਤੋਂ ਲੈ ਕੇ ਮਮਤਾ ਦੇ ਹੋਰ ਸਭ ਨਾਤੇ ਝੂਠੇ ਹਨ, ਇਹ ਸਭ ਕੱਚ ਦੀ ਤਰ੍ਹਾਂ ਹਨ। ਬਸ ਪਰਮਾਤਮਾ ਦਾ ਨਾਮ ਹੀ ਸੱਚ ਹੈ, ਸਦੀਵੀ ਰਹਿਣ ਵਾਲਾ ਹੈ। ਉਹੀ ਪਰਮ ਕੰਚਨ ਹੈ। ਫਿਰ ਪ੍ਰੀਤ ਕੱਚ ਨਾਲ ਨਹੀਂ, ਕੰਚਨ ਨਾਲ ਹੋ ਜਾਂਦੀ ਹੈ। ਗੁਰੂ ਸਾਹਿਬ ਜੀ ਦੇ ਫ਼ੁਰਮਾਨ ਅਨੁਸਾਰ:

Sri Satguru Jagjit Singh Ji eLibrary NamdhariElibrary@gmail.com

**ਕੰਚਨ ਕਾਇਆ ਨਿਰਮਲੀ ਜੋ ਸਚਿ ਨਾਮਿ ਸਚਿ ਲਾਗੀ ॥**
**ਨਿਰਮਲ ਜੋਤਿ ਨਿਰੰਜਨੁ ਪਾਇਆ ਗੁਰਮੁਖਿ ਭ੍ਰਮੁ ਭਉ ਭਾਗੀ ॥**

*(ਮ: ੩, ਪੰਨਾ 590)*

ਸਿਮਰਨ ਵਾਲਾ ਜੀਵਨ ਸੋਨੇ ਦੀ ਤਰ੍ਹਾਂ ਸ਼ੁੱਧ ਹੁੰਦਾ ਹੈ। ਮਨ ਦਾ ਹਰ ਫੁਰਨਾ ਸੱਚ ਨਾਲ ਜੁੜਿਆ ਹੁੰਦਾ ਹੈ। ਮੈਲ ਤੋਂ ਰਹਿਤ ਪਰਮਾਤਮਾ ਨਾਲ ਇਕਮਿਕਤਾ ਜੀਵਨ ਨੂੰ ਨਿਰਮਲ ਕਰ ਦਿੰਦੀ ਹੈ। ਇਹੋ ਜਿਹੇ ਜੀਵਨ ਦੀ ਹਾਲਤ ਨੂੰ ਨਾਮਦੇਵ ਜੀ ਨੇ ਇਉਂ ਬਿਆਨ ਕੀਤਾ ਹੈ:

**ਸੁਇਨੇ ਕੀ ਸੂਈ ਰੁਪੇ ਕਾ ਧਾਗਾ ॥**
**ਨਾਮੇ ਕਾ ਚਿਤੁ ਹਰਿ ਸਉ ਲਾਗਾ ॥**

*(ਆਸਾ ਨਾਮਦੇਉ ਜੀ, ਪੰਨਾ 485)*

ਮਨ ਰੂਪੀ ਸ਼ੁੱਧ ਵਿਚਾਰਾਂ ਦਾ ਹੋਣਾ ਹੀ ਸੁਇਨੇ ਕੀ ਸੂਈ ਹੈ ਤੇ ਸਿਮਰਨ ਭਰੇ ਸੁਆਸਾਂ ਦਾ ਚੱਲਣਾ ਹੀ ਚਾਂਦੀ ਦਾ ਧਾਗਾ ਹੈ। ਜਿਵੇਂ ਸੋਨੇ ਦੀ ਸੂਈ ਵਿਚ ਚਾਂਦੀ ਦਾ ਧਾਗਾ ਪਰੋਇਆ ਜਾਵੇ, ਤਿਵੇਂ ਹੀ ਸ਼ੁੱਧ ਮਨ ਵਿਚ ਪਰਮਾਤਮਾ ਦਾ ਨਾਮ ਸਿਮਰਿਆ ਜਾਵੇ ਤਾਂ ਜੀਵਨ ਮਹਾਨ ਹੈ। ਫਿਰ ਕੱਚ ਤੋਂ ਉਠ ਕੇ ਕੰਚਨ ਤਕ ਪਹੁੰਚ ਹੋ ਜਾਂਦੀ ਹੈ। ਝੂਠੇ ਜਗਤ ਤੋਂ ਮਮਤਾ ਟੁੱਟ ਕੇ ਪਰਮਾਤਮਾ ਨਾਲ ਪ੍ਰੀਤ ਹੋ ਜਾਂਦੀ ਹੈ। ਸਵਾਸ ਸਵਾਸ ਪਰਮਾਤਮਾ ਦੀ ਯਾਦ ਵਿਚ ਜੀਵਿਆ ਜਾਂਦਾ ਹੈ। ਫਿਰ ਕੱਚ ਨੂੰ ਕੱਚ ਜਾਣਿਆ ਜਾਂਦਾ ਹੈ, ਕੰਚਨ ਨੂੰ ਕੰਚਨ ਜਾਣਿਆ ਜਾਂਦਾ ਹੈ।

ਕੱਚ—ਨਾਸ ਹੋ ਜਾਣ ਵਾਲਾ ਜਗਤ ਹੈ। ਕੰਚਨ—ਸਦੀਵੀ ਰਹਿਣ ਵਾਲਾ ਪਰਮਾਤਮਾ ਹੈ।

•

Sri Satguru Jagjit Singh Ji eLibrary NamdhariElibrary@gmail.com

# ਅੰਧੇਰਾ ਤੇ ਪ੍ਰਕਾਸ਼

ਜਦੋਂ ਬਾਹਰ ਕਿਸੇ ਕਿਸਮ ਦੀ ਰੌਸ਼ਨੀ ਨਾ ਹੋਵੇ ਤਾਂ ਇਹ ਬਾਹਰ ਦਾ ਅੰਧੇਰਾ ਹੁੰਦਾ ਹੈ, ਜਦੋਂ ਅੰਦਰ ਗਿਆਨ ਦੀ ਰੌਸ਼ਨੀ ਨਾ ਹੋਵੇ ਤਾਂ ਇਹ ਹਿਰਦੇ ਦਾ ਅੰਧੇਰਾ ਹੁੰਦਾ ਹੈ। ਬਾਹਰ ਦੇ ਅੰਧੇਰੇ ਦੇ ਕਾਰਣ ਅੱਖਾਂ ਕੰਮ ਨਹੀਂ ਕਰਦੀਆਂ, ਅੰਦਰ ਦੇ ਅੰਧੇਰੇ ਕਾਰਣ ਬੰਦੇ ਦੀ ਸੁਰਤ ਕੰਮ ਨਹੀਂ ਕਰਦੀ। ਜਗਤ ਵਿਚ ਕੁਝ ਐਸੇ ਬੰਦੇ ਹਨ ਜਿਨ੍ਹਾਂ ਦੀਆਂ ਅੱਖਾਂ ਵਿਚ ਅੰਧੇਰਾ ਹੁੰਦਾ ਹੈ, ਅੱਖਾਂ ਵਿਚ ਦੇਖਣ ਦੀ ਸ਼ਕਤੀ ਨਹੀਂ ਹੁੰਦੀ, ਅਸੀਂ ਐਸੇ ਮਨੁੱਖਾਂ ਨੂੰ ਨੇਤ੍ਰ-ਹੀਣ ਕਹਿੰਦੇ ਹਾਂ। ਜਿਹਨਾਂ ਬੰਦਿਆਂ ਦੀਆਂ ਅੱਖਾਂ ਵਿਚ ਰੌਸ਼ਨੀ ਨਹੀਂ ਹੁੰਦੀ, ਉਹ ਬੰਦੇ ਬਾਹਰ ਦੀ ਰੌਸ਼ਨੀ ਤੋਂ ਕੰਮ ਨਹੀਂ ਲੈ ਸਕਦੇ ਤੇ ਜੇਕਰ ਬਾਹਰ ਰੌਸ਼ਨੀ ਨਾ ਹੋਵੇ ਤਾਂ ਫਿਰ ਅੱਖਾਂ ਤੋਂ ਕੰਮ ਨਹੀਂ ਲਿਆ ਜਾ ਸਕਦਾ। ਰੌਸ਼ਨੀ ਤੋਂ ਕੰਮ ਲੈਣ ਲਈ ਅੱਖ ਚਾਹੀਦੀ ਹੈ, ਅਤੇ ਅੱਖ ਤੋਂ ਕੰਮ ਲੈਣ ਲਈ ਰੌਸ਼ਨੀ ਚਾਹੀਦੀ ਹੈ।

ਅੱਖ ਨੂੰ ਪ੍ਰਕਾਸ਼ ਤਾਂ ਜ਼ਰੂਰ ਚਾਹੀਦਾ ਹੈ ਪਰ ਸਿਰਫ਼ ਪ੍ਰਕਾਸ਼ ਨੂੰ ਹੀ ਨਹੀਂ ਦੇਖੀਦਾ। ਸਗੋਂ ਪ੍ਰਕਾਸ਼ ਦੀ ਵਰਤੋਂ ਇਸ ਕਰਕੇ ਕਰਦੇ ਹਾਂ ਕਿ ਪ੍ਰਕਾਸ਼ ਨਾਲ ਕੁਝ ਕੰਮ ਕਰ ਸਕੀਏ, ਪ੍ਰਕਾਸ਼ ਨਾਲ ਬਾਕੀ ਚੀਜ਼ਾਂ ਦੇਖ ਸਕੀਏ। ਪ੍ਰਕਾਸ਼ ਨਾਲ ਪ੍ਰਕਾਸ਼-ਮਾਨ ਵਸਤੂ ਤਕ ਪੁੱਜਣ ਲਈ ਹੀ ਪ੍ਰਕਾਸ਼ ਦੀ ਜ਼ਰੂਰਤ ਹੈ। ਇਸ ਗੱਲ ਨੂੰ ਫਿਰ ਚੰਗੀ ਤਰ੍ਹਾਂ ਸਮਝ ਲਈਏ ਕਿ ਇਕ ਤਾਂ ਪ੍ਰਕਾਸ਼ ਦੀ ਲੋੜ ਹੈ, ਦੂਸਰਾ ਅੱਖ ਦਾ ਹੋਣਾ ਵੀ ਜ਼ਰੂਰੀ ਹੈ, ਤੀਸਰਾ ਇਹ ਕਿ ਅੱਖ ਤੇ ਪ੍ਰਕਾਸ਼ ਨਾਲ ਕੁਝ ਕੰਮ ਲੈਣਾ ਵੀ ਜ਼ਰੂਰੀ ਹੈ। ਰਾਤ ਸਮੇਂ ਜਦੋਂ ਸੌਣਾ ਹੁੰਦਾ ਹੈ ਤਦ ਅੱਖ ਵੀ ਬੰਦ ਕਰ ਲਈ ਜਾਂਦੀ ਹੈ, ਪ੍ਰਕਾਸ਼ ਵੀ ਬੰਦ ਕਰ ਦਿੱਤਾ ਜਾਂਦਾ ਹੈ, ਕਿਉਂਕਿ ਹੁਣ ਕੁਝ ਕੰਮ ਨਹੀਂ ਕਰਨਾ। ਸੌਣ ਲਈ ਪ੍ਰਕਾਸ਼ ਦੀ ਲੋੜ ਨਹੀਂ ਹੈ। ਸਿਰਫ਼ ਜਾਗਣ ਲਈ ਤੇ ਕੁਝ ਕਰਨ ਲਈ ਹੀ ਪ੍ਰਕਾਸ਼ ਦੀ ਲੋੜ ਪੈਂਦੀ ਹੈ।

ਅੰਧੇਰੇ ਦੀ ਜਾਣਕਾਰੀ ਵੀ ਅੱਖ ਨਾਲ ਹੀ ਹੁੰਦੀ ਹੈ। ਜਿਨ੍ਹਾਂ ਦੀਆਂ ਅੱਖਾਂ ਨਹੀਂ, ਉਨ੍ਹਾਂ ਨੂੰ ਅੰਧੇਰੇ ਤੇ ਪ੍ਰਕਾਸ਼ ਦਾ ਕੋਈ ਭੇਦ ਨਹੀਂ ਹੈ। ਇਹ ਵਿਚਾਰਾਂ ਤਾਂ ਬਾਹਰ ਦੇ ਅੰਧੇਰੇ ਅਤੇ ਪ੍ਰਕਾਸ਼ ਦੀਆਂ ਹਨ।

ਜਿਸ ਮਨੁੱਖ ਦੇ ਅੰਦਰ ਅਗਿਆਨਤਾ ਦਾ ਅੰਧਾ-ਪਨ ਹੈ, ਅੰਦਰ ਜੋ ਸੰਸਾਰਕ ਪਦਾਰਥਾਂ ਦਾ ਮੋਹ ਤੇ ਮਮਤਾ ਹੈ, ਉਸ ਦੇ ਕਾਰਣ ਉਸਨੂੰ ਗੁਰੂ ਦੇ ਦਿੱਤੇ ਗਿਆਨ ਰੂਪੀ ਪ੍ਰਕਾਸ਼ ਦਾ ਪਤਾ ਨਹੀਂ ਲੱਗਦਾ। ਸਿਰਫ਼ ਨੇਤ੍ਰ-ਹੀਣ ਬੰਦੇ ਹੀ ਅੰਧੇ ਨਹੀਂ ਹਨ, ਸਗੋਂ ਪਰਮਾਤਮਾ ਨੂੰ ਭੁੱਲੇ ਹੋਏ ਬੰਦੇ ਵੀ ਅੰਧੇ ਹਨ।

Sri Satguru Jagjit Singh Ji eLibrary NamdhariElibrary@gmail.com

ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:

**ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥**
**ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥**

*(ਸਲੋਕ ਮ: ੨, ਪੰਨਾ 954)*

ਜਿਸ ਬੰਦੇ ਨੇ ਜੀਵਨ ਦੀ ਵਿਚਾਰ ਹੀ ਨਹੀਂ ਕੀਤੀ, ਉਹ ਅੰਧਾ ਹੈ:

**ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ॥**

*(ਧਨਾਸਰੀ ਮ: ੧, ਪੰਨਾ 660)*

ਜਿਸ ਮਨੁੱਖ ਦੇ ਅੰਦਰ ਗੁਰੂ ਦੇ ਗਿਆਨ ਸਮਝਣ ਵਾਸਤੇ ਲਗਨ ਹੀ ਨਹੀਂ ਹੈ, ਅੰਦਰ ਇੱਛਾ ਹੀ ਨਹੀਂ ਹੈ, ਉਹ ਬੰਦਾ ਗੁਰੂ ਦੇ ਗਿਆਨ ਰੂਪੀ ਪ੍ਰਕਾਸ਼ ਤੋਂ ਜਾਣੂੰ ਹੀ ਨਹੀਂ ਹੋ ਸਕਦਾ। ਜਿਸ ਮਨੁੱਖ ਪਾਸ ਆਪਣੀ ਸੁਰਤ ਨਹੀਂ, ਗੁਰੂ ਦਾ ਗਿਆਨ ਨਹੀਂ, ਉਹ ਮਨੁੱਖ ਪਰਮਾਤਮਾ ਦਾ ਅਨੁਭਵ ਵੀ ਨਹੀਂ ਕਰ ਸਕਦਾ।

ਜਿਵੇਂ ਆਪਣੀ ਅੱਖ ਤੇ ਪ੍ਰਕਾਸ਼ ਦੋਵੇਂ ਮਿਲ ਕੇ ਹੀ ਕਿਸੇ ਨੂੰ ਦੇਖ ਸਕਦੇ ਹਾਂ, ਤਿਵੇਂ ਹੀ ਬੁੱਧੀ ਤੇ ਗੁਰੂ ਦੇ ਗਿਆਨ ਦੁਆਰਾ ਹੀ ਪਰਮਾਤਮਾ ਨੂੰ ਦੇਖਿਆ ਜਾ ਸਕਦਾ ਹੈ। ਜਿਵੇਂ ਕੋਈ ਵੀ ਚੀਜ਼ ਸਾਹਮਣੇ ਹੋਣ ਦੇ ਬਾਵਜੂਦ ਵੀ ਅੱਖਾਂ ਦੀ ਦ੍ਰਿਸ਼ਟੀ ਬਿਨਾਂ ਨਹੀਂ ਦੇਖੀ ਜਾ ਸਕਦੀ, ਤਿਵੇਂ ਹੀ ਪਰਮਾਤਮਾ ਨਜ਼ਦੀਕ ਹੋਣ ਦੇ ਬਾਵਜੂਦ ਵੀ ਗੁਰੂ ਦੇ ਗਿਆਨ ਤੋਂ ਬਿਨਾਂ ਨਜ਼ਰ ਨਹੀਂ ਆਉਂਦਾ।

ਜਿਵੇਂ ਅੰਧਾ ਮਨੁੱਖ ਠੋਕਰਾਂ ਖਾਂਦਾ ਰਹਿੰਦਾ ਹੈ, ਤਿਵੇਂ ਹੀ ਗਿਆਨ ਤੋਂ ਹੀਣ ਬੰਦਾ ਵੀ ਦੁੱਖ ਉਠਾਂਦਾ ਰਹਿੰਦਾ ਹੈ। ਜਗਤ ਵਿਚ ਤਾਂ ਅੱਖਾਂ ਤੋਂ ਹੀਣ ਬੰਦਿਆਂ ਦੀ ਗਿਣਤੀ ਤਾਂ ਬਹੁਤ ਜ਼ਿਆਦਾ ਨਹੀਂ ਹੈ, ਪਰ ਗਿਆਨ ਰੂਪੀ ਨੇਤਰ ਤੋਂ ਬਗ਼ੈਰ ਬੰਦਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਧਾਰਮਕ ਪੱਖ ਤੋਂ ਦੇਖਿਆ ਜਾਏ ਤਾਂ ਅੱਖਾਂ ਵਾਲੇ ਬੰਦੇ ਬਹੁਤ ਘੱਟ ਹਨ। ਜਿਹੜਾ ਬੰਦਾ ਨੇਤਰਹੀਣ ਹੈ, ਉਸ ਦੀ ਦੇਖਣੀ ਤਾਂ ਇਸ ਤਰ੍ਹਾਂ ਹੈ ਜਿਵੇਂ ਕਿ:

ਤਿੰਨ ਨੇਤਰ-ਹੀਣ ਬੰਦੇ ਖਲੋਤੇ ਹੋਏ ਸਨ ਤੇ ਇਕ ਬੰਦਾ ਹਾਥੀ 'ਤੇ ਸਵਾਰ ਹੋ ਕੇ ਆ ਰਿਹਾ ਸੀ। ਹਾਥੀ 'ਤੇ ਸਵਾਰ ਬੰਦੇ ਨੇ ਆਵਾਜ਼ ਦਿੱਤੀ ਕਿ ਰਸਤੇ ਵਿੱਚੋਂ ਪਾਸੇ ਹੋ ਜਾਵੋ, ਹਾਥੀ ਆ ਰਿਹਾ ਹੈ। ਨੇਤਰ-ਹੀਣ ਬੰਦੇ ਕਹਿਣ ਲੱਗੇ ਕਿ ਅਸਾਂ ਕਦੇ ਹਾਥੀ ਨਹੀਂ ਦੇਖਿਆ, ਸਾਨੂੰ ਹਾਥੀ ਟੋਹ ਕੇ ਦੇਖ ਲੈਣ ਦੇ। ਹਾਥੀ ਵਾਲੇ ਨੇ ਹਾਥੀ ਰੋਕ ਲਿਆ; ਤਿੰਨੋਂ ਅੰਧੇ ਹਾਥੀ ਨੂੰ ਹੱਥ ਨਾਲ ਟੋਹ ਕੇ ਦੇਖ ਰਹੇ ਹਨ।

ਆਮ ਤੌਰ 'ਤੇ ਨੇਤਰ-ਹੀਣ ਬੰਦਿਆਂ ਦਾ ਸੁਭਾਅ ਹੁੰਦਾ ਹੈ ਕਿ ਹਰ ਚੀਜ਼ ਨੂੰ ਹੱਥ ਨਾਲ ਟੋਹ ਕੇ ਦੇਖਣਾ, ਤੇ ਇਨ੍ਹਾਂ ਤਿੰਨਾਂ ਨੇ ਹੋਰ ਵੀ ਕਈ ਕੁਝ ਟੋਹ ਕੇ ਹੀ ਦੇਖਿਆ ਹੋਇਆ ਸੀ। ਇਹਨਾਂ ਵਿੱਚੋਂ ਇਕ ਹਾਥੀ ਦੇ ਕੰਨ ਨੂੰ ਟੋਹ ਕੇ ਬੋਲਿਆ ਕਿ ਯਾਰ, ਇਹ ਤਾਂ ਛੱਜ ਵਰਗਾ ਹੈ। ਦੂਸਰਾ ਹਾਥੀ ਦੀ ਲੱਤ ਨੂੰ ਹੱਥ ਲਾ ਕੇ ਬੋਲਿਆ ਕਿ ਨਹੀਂ ਯਾਰ, ਇਹ ਤਾਂ ਥੰਮ੍ਹ ਵਰਗਾ ਹੈ। ਤੀਸਰਾ ਪੂਛ ਨੂੰ ਫੜ ਕੇ ਕਹਿਣ ਲੱਗਾ ਕਿ ਹਾਥੀ ਰੱਸੇ ਵਰਗਾ ਹੈ।

ਹੁਣ ਜਦ ਨੇਤਰ-ਹੀਣ ਹਾਥੀ ਨੂੰ ਟੋਹ ਕੇ ਦੇਖੇਗਾ ਤਾਂ ਇਹੋ ਕੁਝ ਹੀ ਬੋਲੇਗਾ।

Sri Satguru Jagjit Singh Ji eLibrary NamdhariElibrary@gmail.com

ਅਗਿਆਨਤਾ ਦੇ ਅੰਧੇਰੇ ਵਿਚ ਜੀਵਨ ਬਿਤੀਤ ਕਰਨ ਵਾਲਾ ਵੀ ਪ੍ਰਭੂ ਦਰਸ਼ਨ ਨਹੀਂ ਕਰ ਸਕਦਾ।

ਇਸ ਜਗਤ ਦੀ ਕਾਲਖ ਵਾਲੀ ਕੋਠੜੀ ਵਿਚ ਅੰਧੇ ਹੀ ਫਸਦੇ ਹਨ:

**ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ॥**
**ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ॥**

*(ਸਲੋਕ ਕਬੀਰ ਜੀ, ਪੰਨਾ 1365)*

ਸੰਸਾਰ ਵਿਚ ਰਹਿ ਕੇ ਅੰਦਰ ਗਿਆਨ ਹੋਵੇ ਤਾਂ ਜੀਵਨ ਵਿਚ ਕੋਈ ਠੋਕਰ ਨਹੀਂ ਹੈ, ਕੋਈ ਦੁੱਖ ਨਹੀਂ ਹੈ। ਜੇ ਜੀਵਨ ਵਿਚ ਗਿਆਨ ਨਹੀਂ ਹੈ ਤਾਂ ਦੁੱਖ ਹੀ ਦੁੱਖ ਹਨ। ਜਿਵੇਂ ਇਕ ਗਾਥਾ ਹੈ:

ਇਕ ਅੰਧਾ ਮਨੁੱਖ ਆਪਣੇ ਦੋਸਤ ਦੇ ਘਰ ਗਿਆ ਤੇ ਜਦੋਂ ਵਾਪਸ ਆਪਣੇ ਘਰ ਆਉਣ ਲੱਗਾ ਤਾਂ ਰਾਤ ਹੋ ਚੁੱਕੀ ਸੀ। ਉਸ ਦਾ ਦੋਸਤ ਕਹਿਣ ਲੱਗਾ ਕਿ ਮਿੱਤਰ, ਰਾਤ ਪੈ ਗਈ ਹੈ ਤੇ ਕਾਫ਼ੀ ਅੰਧੇਰਾ ਵੀ ਹੈ, ਇਸ ਕਰਕੇ ਮੈਂ ਦੀਵਾ ਜਗਾ ਦਿੱਤਾ ਹੈ, ਇਹ ਤੂੰ ਨਾਲ ਲੈ ਜਾ, ਰਸਤੇ ਵਿਚ ਠੋਕਰਾਂ ਤੋਂ ਬਚ ਜਾਵੇਂਗਾ। ਤਾਂ ਅੰਧਾ ਮਨੁੱਖ ਆਪਣੇ ਦੋਸਤ ਨੂੰ ਕਹਿਣ ਲੱਗਾ ਕਿ ਦੇਖ ਯਾਰ, ਇਕ ਤਾਂ ਮੈਨੂੰ ਰੱਬ ਨੇ ਅੱਖਾਂ ਨਹੀਂ ਦਿੱਤੀਆਂ, ਮੈਂ ਦੁਖੀ ਹਾਂ। ਦੂਸਰਾ, ਉਪਰੋਂ ਤੂੰ ਮਖ਼ੌਲ ਕਰ ਕੇ ਮੈਨੂੰ ਦੁਖੀ ਕਰ ਰਿਹਾ ਹੈਂ। ਮੇਰੀਆਂ ਅੱਖਾਂ ਹੀ ਨਹੀਂ ਹਨ, ਮੈਂ ਦੀਵੇ ਨੂੰ ਕੀ ਕਰਨਾ ਹੈ। ਤਾਂ ਅੰਧੇ ਦਾ ਦੋਸਤ ਕਹਿਣ ਲੱਗਾ ਕਿ ਮੈਂ ਮਖ਼ੌਲ ਨਹੀਂ ਕਰ ਰਿਹਾ, ਮੈਂ ਤੈਨੂੰ ਦੀਵਾ ਇਸ ਕਰਕੇ ਦੇ ਰਿਹਾ ਹਾਂ ਕਿ ਕੋਈ ਹੋਰ ਬੰਦਾ ਰਾਤ ਦੇ ਹਨੇਰੇ ਕਾਰਣ ਤੇਰੇ ਵਿਚ ਟੱਕਰ ਨਾ ਮਾਰ ਦੇਵੇ। ਇਸ ਕਰਕੇ ਅਗਰ ਤੇਰੇ ਹੱਥ ਵਿਚ ਦੀਵਾ ਹੋਵੇਗਾ ਤਾਂ ਹੋਰ ਲੰਘਣ ਵਾਲੇ ਬੰਦੇ ਤੇਰੇ ਹੱਥ ਵਿਚ ਰੌਸ਼ਨੀ ਦੇਖ ਕੇ ਖ਼ੁਦ ਪਾਸੇ ਹੋ ਜਾਣਗੇ। ਇਸ ਕਰਕੇ ਇਹ ਦੀਵਾ ਨਾਲ ਲੈ ਜਾ।

ਦੋਸਤ ਦੀ ਇਹ ਗੱਲ ਸੁਣ ਕੇ ਨੇਤਰ-ਹੀਣ ਬੰਦੇ ਨੇ ਦੀਵਾ ਹੱਥ ਵਿਚ ਫੜ ਲਿਆ ਅਤੇ ਚੱਲ ਪਿਆ। ਅਜੇ ਥੋੜੀ ਦੂਰ ਹੀ ਗਿਆ ਸੀ ਕਿ ਅੱਗੋਂ ਕਿਸੇ ਨੇ ਟੱਕਰ ਆ ਮਾਰੀ। ਨੇਤਰ-ਹੀਣ ਨੂੰ ਬੜਾ ਗ਼ੁੱਸਾ ਆਇਆ, ਤੇ ਉਹ ਕਹਿਣ ਲੱਗਾ ਕਿ ਤੈਨੂੰ ਦਿੱਸਦਾ ਨਹੀਂ ? ਟੱਕਰ ਮਾਰਨ ਵਾਲੇ ਨੇ ਮੁਆਫ਼ੀ ਮੰਗੀ ਤੇ ਕਿਹਾ ਕਿ ਰਾਤ ਦੇ ਅੰਧੇਰੇ ਦੇ ਕਾਰਣ ਮੈਨੂੰ ਪਤਾ ਨਹੀਂ ਲੱਗਾ। ਤਾਂ ਅੱਗੋਂ ਨੇਤਰ-ਹੀਣ ਨੇ ਕਿਹਾ ਕਿ ਮੇਰੇ ਹੱਥ ਵਿਚ ਦੀਵਾ ਫੜਿਆ ਹੋਇਆ ਹੈ, ਤੈਨੂੰ ਇਹ ਦੀਵਾ ਵੀ ਨਹੀਂ ਦਿਸਿਆ। ਤਾਂ ਟੱਕਰ ਮਾਰਨ ਵਾਲੇ ਨੇ ਕਿਹਾ ਕਿ ਸੱਜਣਾ, ਦੀਵਾ ਤਾਂ ਹੱਥ ਵਿਚ ਤੂੰ ਜ਼ਰੂਰ ਪਕੜਿਆ ਹੋਇਆ ਹੈ, ਪਰ ਹਵਾ ਦੇ ਨਾਲ ਸ਼ਾਇਦ ਦੀਵਾ ਬੁਝ ਗਿਆ ਹੈ ਅਤੇ ਤੂੰ ਬੁਝਿਆ ਦੀਪਕ ਲੈ ਕੇ ਹੀ ਸਫ਼ਰ ਕਰੀ ਜਾ ਰਿਹਾ ਹੈਂ।

ਹੂ-ਬ-ਹੂ ਸਾਡਾ ਬੁੱਧੀ ਰੂਪ ਦੀਵਾ ਤਾਂ ਸਾਡੇ ਪਾਸ ਜ਼ਰੂਰ ਹੈ ਪਰ ਗਿਆਨ ਦੇ ਪ੍ਰਕਾਸ਼ ਤੋਂ ਬਿਨਾਂ ਬੁੱਧੀ ਦਾ ਹੋਣਾ, ਮਨ ਦਾ ਹੋਣਾ, ਬੁਝਿਆ ਦੀਵਾ ਹੀ ਹੈ। ਗੁਰੂ-ਸ਼ਰਣ ਵਿਚ ਆਉਣ ਨਾਲ ਗਿਆਨ ਪ੍ਰਾਪਤ ਹੋਣਾ ਹੈ ਤੇ ਗਿਆਨ ਨੇ ਹੀ ਮਨ ਵਿਚ ਪ੍ਰਕਾਸ਼ ਕਰਨਾ ਹੈ:

Sri Satguru Jagjit Singh Ji eLibrary NamdhariElibrary@gmail.com

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥**
**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥**
*(ਗਉੜੀ ਸੁਖਮਨੀ ਮ: ੫, ਪੰਨਾ 293)*

ਜਦੋਂ ਗਿਆਨ ਦਾ ਸੁਰਮਾ ਮਨ ਦੀ ਅੱਖ ਵਿਚ ਪਾਇਆ ਤਾਂ ਜੋ ਬੇਸਮਝੀ ਦਾ ਅੰਧੇਰਾ ਸੀ ਉਹ ਦੂਰ ਹੋ ਗਿਆ। ਅੰਦਰ ਦੀ ਸੁਰਤ ਜਾਗ ਪਈ, ਮਨ ਵਿਚ ਹੋਸ਼ ਆ ਗਈ। ਅੰਦਰ ਇਕ ਗਿਆਨ ਦਾ ਪ੍ਰਕਾਸ਼ ਹੋ ਗਿਆ, ਮਨ ਨੂੰ ਪਤਾ ਚੱਲ ਗਿਆ :

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥** *(ਆਸਾ ਮ: ੩, ਪੰਨਾ 441)*

ਆਪਣੀ ਪਛਾਣ ਆ ਜਾਣੀ ਹੀ ਅੰਦਰ ਪ੍ਰਕਾਸ਼ ਦਾ ਹੋਣਾ ਹੈ ਅਤੇ ਆਪ ਨੂੰ ਭੁੱਲੇ ਰਹਿਣਾ ਹੀ ਅੰਧੇਰਾ ਹੈ। ਇਸ ਤਨ, ਮਨ ਤੇ ਆਤਮਾ ਦੇ ਸੰਜੋਗ ਨਾਲ ਚੱਲਣ ਵਾਲੀ ਇਸ ਦੇਹ ਨੂੰ 'ਮੈਂ' ਕਹਿੰਦੇ ਰਹਿਣਾ ਹੀ ਅੰਧੇਰੇ ਦਾ ਜੀਵਨ ਹੈ। ਇਸ ਤਨ ਤੇ ਮਨ ਨੂੰ ਚਲਾਉਣ ਵਾਲੇ ਨੂੰ ਜਾਣਨਾ ਹੀ ਪ੍ਰਕਾਸ਼ ਦਾ ਜੀਵਨ ਹੈ।

ਭਾਵੇਂ ਮਨ ਨਾਲ ਹੋਰ ਜਗਤ ਨੂੰ ਜਾਣਨਾ ਵੀ ਇਕ ਪ੍ਰਕਾਸ਼ ਹੈ, ਪਰ ਉਹ ਝੂਠਾ ਪ੍ਰਕਾਸ਼ ਹੈ। ਇਸ ਸਰੀਰ ਦਾ ਹੋਣਾ ਤੇ ਬਾਕੀ ਜਗਤ ਦਾ ਹੋਣਾ ਤਾਂ ਇਵੇਂ ਹੈ :

**ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ ॥** *(ਪੰਨਾ 319)*

ਆਕਾਸ਼ ਵਿਚ ਬੱਦਲਾਂ ਤੋਂ ਪੈਦਾ ਹੋਈ ਰੌਸ਼ਨੀ ਬੜੀ ਤੇਜ਼ ਹੁੰਦੀ ਹੈ, ਪਰ ਬੜੇ ਥੋੜੇ ਸਮੇਂ ਲਈ ਹੁੰਦੀ ਹੈ। ਉਸ ਪ੍ਰਕਾਸ਼ ਨਾਲ ਕੋਈ ਕੰਮ ਨਹੀਂ ਸੰਵਾਰਿਆ ਜਾ ਸਕਦਾ। ਆਕਾਸ਼ੀ ਬਿਜਲੀ ਦੀ ਰੌਸ਼ਨੀ ਭਾਵੇਂ ਕਿੰਨੀ ਵੀ ਜ਼ਿਆਦਾ ਹੋਵੇ ਪਰ ਕਿਸੇ ਕੰਮ ਨਹੀਂ। ਘਰ ਵਿਚ ਛੋਟੇ ਜਿਹੇ ਦੀਵੇ ਦੀ ਰੌਸ਼ਨੀ ਭਾਵੇਂ ਥੋੜੀ ਵੀ ਹੋਵੇ, ਬਹੁਤ ਕੰਮ ਸੰਵਾਰ ਦਿੰਦੀ ਹੈ। ਘਰ ਦੇ ਦੀਵੇ ਨੂੰ ਲੋੜ ਅਨੁਸਾਰ ਜਗਦਾ ਰੱਖਿਆ ਜਾ ਸਕਦਾ ਹੈ, ਪਰ ਆਕਾਸ਼ੀ ਬਿਜਲੀ ਨੂੰ ਜਗਦਾ ਨਹੀਂ ਰੱਖ ਸਕਦੇ।

ਇਵੇਂ ਹੀ ਹਿਰਦੇ ਵਿਚ ਪਰਮਾਤਮਾ ਦਾ ਗਿਆਨ, ਅੰਦਰ ਦਾ ਦੀਵਾ ਹੈ, ਅਤੇ ਮਨ ਵਿਚ ਸਾਰੀ ਸੰਸਾਰਕ ਜਾਣਕਾਰੀ ਆਕਾਸ਼ੀ ਬਿਜਲੀ ਹੈ, ਕਿਉਂਕਿ 'ਮੈਂ' ਤੋਂ ਲੈ ਕੇ ਸਾਰੇ ਸੰਸਾਰ ਦੀ ਦਸ਼ਾ ਖਿਣ-ਭੰਗਰ ਹੈ। ਝਟਪਟ ਨਾਸ਼ ਹੋ ਜਾਣ ਵਾਲਾ ਸੰਸਾਰ ਹੈ। ਸੰਸਾਰਕ ਗਿਆਨ ਦੀ ਕੋਈ ਮਹੱਤਤਾ ਨਹੀਂ, ਨਾ ਹੀ ਇਸ ਸਰੀਰ ਨੂੰ ਸਦੀਵੀ ਰੱਖਿਆ ਜਾ ਸਕਦਾ ਹੈ ਅਤੇ ਨਾ ਹੀ ਹੋਰ ਕਿਸੇ ਚੀਜ਼ ਨੂੰ। ਪਰ ਅੰਦਰੋਂ ਪਰਮ ਜੋਤ ਨੂੰ ਪ੍ਰਗਟ ਕੀਤਾ ਹੋਵੇ ਤਾਂ ਇਸ ਅੰਤਰ-ਜੋਤ ਰਾਹੀਂ ਬਾਹਰ ਸਭ ਵਿਚ ਪਰਮਾਤਮਾ ਹੀ ਜੋਤ-ਰੂਪ ਹੋ ਕੇ ਨਜ਼ਰ ਆਵੇਗਾ, ਭਾਵ ਜੋਤ ਅੰਦਰ ਹੈ ਪਰ ਜਿੰਨੀ ਦੇਰ ਉਸ ਪ੍ਰਕਾਸ਼ ਨੂੰ ਪ੍ਰਗਟ ਨਹੀਂ ਕੀਤਾ ਜਾਂਦਾ, ਉਤਨੀ ਦੇਰ ਜੀਵਨ ਅੰਧੇਰੇ ਵਾਲਾ ਹੀ ਹੈ ਅਤੇ ਆਨੰਦ ਵੀ ਪ੍ਰਗਟ ਨਹੀਂ ਹੋ ਸਕਦਾ :

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**
**ਗੁਰ ਸਾਖੀ ਜੋਤਿ ਪਰਗਟੁ ਹੋਇ ॥** *(ਰਾਗੁ ਧਨਾਸਰੀ ਮ: ੧, ਪੰਨਾ 13)*

Sri Satguru Jagjit Singh Ji eLibrary NamdhariElibrary@gmail.com

ਜਿਵੇਂ ਹਰ ਲੱਕੜ ਵਿਚ ਅਗਨ ਹੈ, ਪਰ ਲੱਕੜ ਵਿੱਚੋਂ ਅਗਨ ਪੈਦਾ ਕੀਤੀ ਜਾਵੇ, ਤਦ ਹੀ ਅੱਗ ਵਾਲਾ ਕੰਮ ਲੱਕੜ ਤੋਂ ਲਿਆ ਜਾ ਸਕਦਾ ਹੈ। ਜਿਵੇਂ ਕਿ ਅੱਗ ਦੇ ਤਿੰਨ ਲੱਛਣ ਹਨ। ਅੱਗ ਉਸ ਨੂੰ ਹੀ ਕਿਹਾ ਜਾ ਸਕਦਾ ਹੈ ਜਿਸ ਵਿਚ ਇਹ ਤਿੰਨ ਗੁਣ ਮਿਲਦੇ ਹੋਣ:

1. ਪ੍ਰਕਾਸ਼ ਦਾ ਹੋਣਾ;
2. ਸੇਕ ਆਉਣਾ;
3. ਸਾੜਨ ਦੀ ਸ਼ਕਤੀ ਦਾ ਹੋਣਾ।

ਜਿਵੇਂ ਕਿ ਟਟਹਿਣੇ (ਜੁਗਨੂੰ) ਵਿਚ ਪ੍ਰਕਾਸ਼ ਤਾਂ ਹੁੰਦਾ ਹੈ, ਪਰ ਸੇਕ ਤੇ ਸਾੜਨ ਵਾਲਾ ਗੁਣ ਨਹੀਂ ਹੁੰਦਾ। ਇਸ ਕਰਕੇ ਟਟਹਿਣਾ ਅਗਨ ਦਾ ਰੂਪ ਨਹੀਂ ਹੋ ਸਕਦਾ। ਬਹੁਤ ਗਰਮ ਕੀਤਾ ਲੋਹਾ ਸਾੜਨ ਦੀ ਸਮਰੱਥਾ ਤਾਂ ਰੱਖਦਾ ਹੈ ਪਰ ਪ੍ਰਕਾਸ਼ ਨਹੀਂ ਕਰ ਸਕਦਾ। ਜਿਸ ਵਿਚ ਸਾੜਨ ਦੀ ਸਮਰੱਥਾ ਹੈ, ਪ੍ਰਕਾਸ਼ ਵੀ ਕਰ ਸਕਦੀ ਹੈ ਤੇ ਨਜ਼ਦੀਕ ਬੈਠਿਆਂ ਸੇਕ ਵੀ ਆਉਂਦਾ ਹੈ, ਉਹੀ ਅਗਨ ਹੋ ਸਕਦੀ ਹੈ। ਜਦ ਕਿ ਲੱਕੜ ਵਿਚ ਅਗਨ ਮੌਜੂਦ ਹੈ ਪਰ ਲੱਕੜ ਵਿੱਚੋਂ ਸੇਕ ਵੀ ਨਹੀਂ ਆਉਂਦਾ, ਲੱਕੜ ਰੌਸ਼ਨੀ ਵੀ ਨਹੀਂ ਕਰਦੀ, ਲੱਕੜ ਸਾੜਦੀ ਵੀ ਨਹੀਂ। ਕਿਉਂਕਿ ਅਗਨ ਸਮਾਨ ਰੂਪ ਵਿਚ ਹੈ ਤੇ ਜਦੋਂ ਵਿਸ਼ੇਸ਼ ਰੂਪ ਵਿਚ ਪ੍ਰਗਟ ਹੋਵੇ ਤਾਂ ਹੀ ਕੰਮ ਸੰਵਾਰਦੀ ਹੈ।

ਇਕ ਪਿਤਾ ਆਪਣੇ ਪੁੱਤਰ ਨੂੰ ਸਮਝਾ ਰਿਹਾ ਸੀ ਕਿ ਕਾਕਾ ਅੱਗ ਲੱਕੜ ਵਿੱਚੋਂ ਨਿਕਲਦੀ ਹੈ ਅਤੇ ਅੱਗ ਦੇ ਤਿੰਨ ਲੱਛਣ ਹੁੰਦੇ ਹਨ। ਸੇਕ, ਸਾੜਨਾ ਤੇ ਪ੍ਰਕਾਸ਼ ਕਰਨਾ। ਕੁਝ ਸਮੇਂ ਬਾਦ ਹੀ ਉਸਨੇ ਆਪਣੇ ਪੁੱਤਰ ਨੂੰ ਬਾਜ਼ਾਰ ਵਿੱਚੋਂ ਲੱਕੜਾਂ ਖ਼ਰੀਦਣ ਲਈ ਭੇਜ ਦਿੱਤਾ। ਕਾਕਾ ਲੱਕੜਾਂ ਵਾਲੀ ਦੁਕਾਨ 'ਤੇ ਜਾ ਕੇ ਜਦ ਲੱਕੜਾਂ ਖ਼ਰੀਦਣ ਲੱਗਾ ਤਾਂ ਦੁਕਾਨਦਾਰ ਨੂੰ ਕਿਹਾ ਕਿ ਮੈਨੂੰ ਅੱਗ ਵਾਲੀਆਂ ਲੱਕੜਾਂ ਚਾਹੀਦੀਆਂ ਹਨ। ਦੁਕਾਨ ਵਾਲਾ ਬੜਾ ਹੈਰਾਨ ਹੋਇਆ ਕਿ ਇਹ ਕਿਹੋ ਜਿਹਾ ਗਾਹਕ ਆਇਆ ਹੈ। ਛੋਟਾ ਬੱਚਾ ਸਮਝ ਕੇ ਕਹਿਣ ਲੱਗਾ ਕਿ ਕਾਕਾ ਇਹ ਸਾਰੀਆਂ ਲੱਕੜਾਂ ਅੱਗ ਵਾਲੀਆਂ ਹੀ ਹਨ। ਇਹਨਾਂ ਸਾਰੀਆਂ ਵਿਚ ਅੱਗ ਹੈ। ਤਾਂ ਕਾਕਾ ਕਹਿਣ ਲੱਗਾ ਕਿ ਇਹਨਾਂ ਲੱਕੜਾਂ ਵਿੱਚੋਂ ਅੱਗ ਵਾਲਾ ਕੋਈ ਗੁਣ ਨਜ਼ਰ ਨਹੀਂ ਆਉਂਦਾ। ਨਾ ਇਹਨਾਂ ਲੱਕੜਾਂ ਵਿਚ ਸੇਕ ਹੈ, ਨਾ ਪ੍ਰਕਾਸ਼ ਹੈ ਅਤੇ ਨਾ ਹੀ ਇਹ ਦਾਹ ਕਰਨ ਦੀ ਸਮਰੱਥਾ ਰੱਖਦੀਆਂ ਹਨ। ਦੁਕਾਨ ਵਾਲੇ ਨੇ ਸਮਝਾਇਆ ਕਿ ਕਾਕਾ, ਜਦੋਂ ਇਹਨਾਂ ਲੱਕੜਾਂ ਨੂੰ ਜਲਾਇਆ ਜਾਵੇਗਾ ਤਦ ਹੀ ਅੱਗ ਪ੍ਰਗਟ ਹੋ ਕੇ ਇਹ ਤਿੰਨੇ ਲੱਛਣ ਪ੍ਰਗਟ ਕਰ ਸਕੇਗੀ। ਅੱਗ ਤਾਂ ਭਾਵੇਂ ਲੱਕੜ ਅੰਦਰ ਮੌਜੂਦ ਹੈ ਪਰ ਪ੍ਰਗਟ ਕਰਨ ਨਾਲ ਹੀ ਅੱਗ ਵਾਲਾ ਕੰਮ ਹੋ ਸਕਦਾ ਹੈ। ਇਵੇਂ ਹੀ ਪਰਮਾਤਮਾ ਦੇ ਪ੍ਰਗਟ ਹੋਣ ਨਾਲ ਹੀ ਆਨੰਦ ਆ ਸਕਦਾ ਹੈ। ਪਰਮਾਤਮਾ ਪਰਮ ਪ੍ਰਕਾਸ਼-ਰੂਪ ਸਭ ਦੇ ਅੰਦਰ ਮੌਜੂਦ ਹੈ ਪਰ ਜਦ ਗੁਰੂ ਰਾਹੀਂ ਪਰਮਾਤਮਾ ਨੂੰ ਜਾਣਿਆ ਜਾਂਦਾ ਹੈ, ਜਦ ਬਿਰਤੀ ਨੂੰ ਅੰਤਰ-ਮੁਖ ਕੀਤਾ ਜਾਂਦਾ ਹੈ, ਜੋ ਪਰਮਾਤਮਾ ਅੰਦਰ ਬੈਠਾ ਸਰੀਰ ਦੇ ਇਕ ਇਕ ਹਿੱਸੇ ਨੂੰ ਜਾਣਨ ਵਾਲਾ ਹੈ, ਤਾਂ ਉਹੀ ਪਰਮਾਤਮਾ ਪਰਮ ਪ੍ਰਕਾਸ਼-ਰੂਪ, ਸਦੀਵੀ

ਜਾਗਦੀ ਜੋਤ ਹੈ। ਭਾਵੇਂ ਸਰੀਰ ਦੇ ਬਾਕੀ ਅੰਗਾਂ ਨੂੰ ਜਾਣਨ ਵਾਲੇ ਮਨ ਤੇ ਬੁੱਧੀ ਹਨ, ਪਰ ਜਿਸ ਪਰਮ ਪ੍ਰਕਾਸ਼ ਨੇ ਮਨ ਤੇ ਬੁੱਧੀ ਨੂੰ ਵੀ ਜਾਣਿਆ ਹੈ, ਉਹੀ ਪਰਮਾਤਮਾ ਹੈ। ਜਿਵੇਂ ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:

**ਕਾਹੇ ਰੇ ਬਨ ਖੋਜਨ ਜਾਈ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ਰਹਾਉ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥**

*(ਧਨਾਸਰੀ ਮ: ੯, ਪੰਨਾ 684)*

ਇਸ ਗੁਰ-ਉਪਦੇਸ਼ ਰਾਹੀਂ ਮਨ ਨੂੰ ਅੰਦਰ ਟਿਕਾ ਕੇ, ਉਸ ਪਰਮ ਜੋਤ ਨਾਲ ਜੁੜ ਕੇ ਹੀ ਪਰਮ ਆਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ।

ਭਾਵੇਂ ਬਾਹਰ ਦੇ ਪ੍ਰਕਾਸ਼ ਕਰਨ ਵਾਲੇ ਚੰਦਰਮਾ ਤੇ ਸੂਰਜ ਵਿਚ ਵੀ ਇਕ ਪ੍ਰਕਾਸ਼ ਹੈ ਪਰ ਸੂਰਜ ਤੇ ਚੰਦਰਮਾ ਦਾ ਪ੍ਰਕਾਸ਼ ਵੀ ਪਰਮਾਤਮਾ ਤੋਂ ਹੀ ਮਿਲਿਆ ਹੋਇਆ ਪ੍ਰਕਾਸ਼ ਹੈ:

**ਚੰਦੁ ਸੂਰਜੁ ਦੁਇ ਜੋਤਿ ਸਰੂਪੁ॥**
**ਜੋਤੀ ਅੰਤਰਿ ਬ੍ਰਹਮੁ ਅਨੂਪੁ॥**
**ਕਰੁ ਰੇ ਗਿਆਨੀ ਬ੍ਰਹਮ ਬੀਚਾਰੁ॥**
**ਜੋਤੀ ਅੰਤਰਿ ਧਰਿਆ ਪਸਾਰੁ॥**

*(ਰਾਮਕਲੀ ਬਾਣੀ ਕਬੀਰ ਜੀ, ਪੰਨਾ 972)*

ਉਸ ਪਰਮਾਤਮਾ ਨੂੰ ਜਾਣਨ ਲਈ ਹੀ ਗੁਰਬਾਣੀ ਪ੍ਰਕਾਸ਼ ਦੀ ਤਰ੍ਹਾਂ ਕੰਮ ਕਰਦੀ ਹੈ:

**ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥**

*(ਸਿਰੀਰਾਗੁ ਮ: ੩, ਪੰਨਾ 67)*

ਗੁਰਬਾਣੀ ਤੋਂ ਸੋਝੀ ਪ੍ਰਾਪਤ ਕਰਨੀ ਹੈ ਕਿ ਆਪਣਾ ਹਰ ਰੋਜ਼ ਦਾ ਸਮਾਂ ਕਿਵੇਂ ਗੁਜ਼ਾਰਨਾ ਚਾਹੀਦਾ ਹੈ। ਮਨ ਨੂੰ ਕਿਵੇਂ ਵਿਕਾਰਾਂ ਵੱਲੋਂ ਮੋੜ ਕੇ ਸਿਮਰਨ ਰਾਹੀਂ ਚਿੰਤਨ ਵਿਚ ਟਿਕਾਉਣਾ ਹੈ। ਇਸ ਤਰ੍ਹਾਂ ਗੁਰਬਾਣੀ ਦੇ ਉਪਦੇਸ਼ ਨੂੰ ਸਦੀਵੀ ਹਿਰਦੇ ਵਿਚ ਟਿਕਾਇਆ ਹੋਵੇਗਾ ਤਾਂ ਇਸ ਗੁਰਬਾਣੀ ਦੇ ਪ੍ਰਕਾਸ਼ ਨਾਲ ਮਨ ਵਿਚ ਪਰਮਾਤਮਾ ਦੇ ਦਰਸ਼ਨ ਹੋ ਸਕਣਗੇ। ਪਰ ਜੇਕਰ ਗੁਰਬਾਣੀ ਪੜ੍ਹਨ-ਸੁਣਨ ਤਕ ਹੀ ਸੀਮਿਤ ਰੱਖੀ ਅਤੇ ਅਮਲ ਨਾ ਕੀਤਾ ਤਾਂ ਜੀਵਨ ਵਿਚ ਅੰਧੇਰਾ ਹੀ ਮੌਜੂਦ ਰਹੇਗਾ, ਅਗਿਆਨਤਾ ਹੀ ਭਰੀ ਰਹੇਗੀ।

ਇਕ ਸੱਜਣ ਨੇ ਰਾਤ ਦੇ ਸਮੇਂ ਦੂਸਰੇ ਪਿੰਡ ਕਿਸੇ ਜ਼ਰੂਰੀ ਕੰਮ ਲਈ ਜਾਣਾ ਸੀ। ਰਾਤ ਦਾ ਅੰਧੇਰਾ ਵੇਖ ਕੇ ਸੋਚੀਂ ਪੈ ਗਿਆ ਕਿ ਬਾਹਰ ਤਾਂ ਅੰਧੇਰਾ ਬਹੁਤ ਹੈ। ਘਰ ਵਾਲੀ ਕਹਿਣ ਲੱਗੀ ਕਿ ਇਹ ਲੈਂਪ ਨਾਲ ਲੈ ਜਾਵੋ। ਤਾਂ ਇਸ ਸੱਜਣ ਨੇ ਲੈਂਪ ਦਹਿਲੀਜ਼ 'ਤੇ ਰੱਖ ਕੇ ਪ੍ਰਕਾਸ਼ ਨੂੰ ਮਾਪਣਾ ਸ਼ੁਰੂ ਕਰ ਦਿੱਤਾ ਤੇ ਜਦੋਂ ਪ੍ਰਕਾਸ਼

Sri Satguru Jagjit Singh Ji eLibrary NamdhariElibrary@gmail.com

ਦੀ ਦੂਰੀ ਮਾਪ ਕੇ ਦੇਖੀ ਤਾਂ ਕੋਈ 10 ਫ਼ੁਟ ਤਕ ਲੈਂਪ ਦਾ ਪ੍ਰਕਾਸ਼ ਜਾ ਰਿਹਾ ਸੀ। ਫਿਰ ਸੋਚੀਂ ਪੈ ਗਿਆ। ਘਰ ਵਾਲੀ ਪੁੱਛਣ ਲੱਗੀ ਕਿ ਹੁਣ ਕੀ ਸੋਚਦੇ ਹੋ ? ਅੱਗੋਂ ਕਹਿਣ ਲੱਗਾ ਕਿ ਇਹ ਲੈਂਪ ਮੇਰੇ ਕੰਮ ਦੀ ਨਹੀਂ, ਕਿਉਂਕਿ ਮੈਂ 2 ਮੀਲ ਦੂਰ ਜਾਣਾ ਹੈ ਤੇ ਲੈਂਪ ਦਾ ਪ੍ਰਕਾਸ਼ ਤਾਂ 10 ਫ਼ੁਟ ਤਕ ਹੀ ਜਾਂਦਾ ਹੈ। ਘਰ ਵਾਲੀ ਬੜੀ ਸਿਆਣੀ ਸੀ, ਕਹਿਣ ਲੱਗੀ ਕਿ ਇਸ ਲੈਂਪ ਨੂੰ ਦਰਵਾਜ਼ੇ ਵਿਚ ਹੀ ਰੱਖੋਗੇ ਤਾਂ ਪ੍ਰਕਾਸ਼ 10 ਫ਼ੁਟ ਤੋਂ ਵੱਧ ਨਹੀਂ ਜਾ ਸਕਦਾ, ਪਰ ਜੇਕਰ ਨਾਲ ਲੈ ਜਾਉਗੇ ਤਾਂ ਬੇਸ਼ਕ ਸਫ਼ਰ 10 ਮੀਲ ਕਰ ਲਵੋ। ਲੈਂਪ ਨੂੰ ਦਹਿਲੀਜ਼ ਵਿਚ ਰੱਖ ਕੇ ਸਫ਼ਰ 'ਤੇ ਨਹੀਂ ਜਾਣਾ, ਲੈਂਪ ਨੂੰ ਨਾਲ ਲੈ ਕੇ ਸਫ਼ਰ 'ਤੇ ਜਾਣਾ ਹੈ।

ਗੁਰਬਾਣੀ ਨੂੰ ਵੀ ਸਿਰਫ਼ ਗੁਰੂ-ਘਰ ਵਿਚ ਬੈਠ ਕੇ ਸੁਣਨ ਤਕ ਹੀ ਸੀਮਿਤ ਨਹੀਂ ਰੱਖਣਾ, ਸਗੋਂ ਗੁਰਬਾਣੀ ਦੇ ਉਪਦੇਸ਼ ਨੂੰ ਹਿਰਦੇ ਵਿਚ ਬਿਠਾ ਕੇ ਜੀਵਨ ਦਾ ਸਫ਼ਰ ਕਰਨਾ ਹੈ। ਜਿਸ ਜੀਵਨ ਵਿਚ ਗੁਰਬਾਣੀ ਦੇ ਉਪਦੇਸ਼ ਰਾਹੀਂ ਸਵਾਸ ਸਵਾਸ ਸਿਮਰਨ ਹੋਵੇਗਾ, ਉਸ ਜੀਵਨ ਵਿਚ ਉਜਾਲਾ ਹੀ ਉਜਾਲਾ ਹੋਵੇਗਾ।

ਗੁਰਬਾਣੀ ਹਿਰਦੇ ਵਿਚ ਵਸ ਜਾਵੇ, ਤਾਂ ਜੋ ਮਤ ਅੰਦਰੋਂ ਪੈਦਾ ਹੋਵੇਗੀ, ਉਹੀ ਸਹੀ ਮਤ ਕਹੀ ਜਾ ਸਕੇਗੀ। ਉਹੀ ਠੀਕ ਬੁੱਧੀ ਹੋਵੇਗੀ। ਉਸ ਬੁੱਧੀ ਦੀ ਬਿਰਤੀ (ਸੁਰਤ) ਗਿਆਨ ਵਾਲੀ ਹੋਵੇਗੀ। ਜਿਸ ਮਤ ਵਿਚ ਗੁਰੂ ਦਾ ਗਿਆਨ ਹੋਵੇਗਾ, ਉਹ ਐਸੀ ਗੁਰ-ਮਤ ਦੀ ਸ੍ਰੇਸ਼ਟ ਕਰਣੀ ਹੋਵੇਗੀ।

ਗੁਰੂ ਦੇ ਗਿਆਨ ਰਾਹੀਂ ਹੀ ਹਿਰਦੇ ਵਿੱਚੋਂ ਪਰਮਾਤਮਾ ਦੇ ਅਨੁਭਵ ਰੂਪੀ ਜੋਤ ਪ੍ਰਗਟ ਹੋ ਸਕੇਗੀ। ਭਾਈ ਗੁਰਦਾਸ ਜੀ ਦਾ ਕਥਨ ਹੈ:

**ਜੈਸੇ ਤਉ ਬਸਨ ਅੰਗ ਸੰਗ ਮਿਲਿ ਹੋਇ ਮਲੀਨ,**
**ਸਲਿਲ ਸਾਬੁਨ ਮਿਲਿ ਨਿਰਮਲ ਹੋਤ ਹੈ॥**
**ਜੈਸੇ ਤਉ ਸਰੋਵਰ ਸਿਵਾਲ ਕੈ ਅਛਾਦਿਓ ਜਲੁ,**
**ਝੋਲਿ ਪੀਏ ਨਿਰਮਲ ਦੇਖੀਐ ਅਛੋਤ ਹੈ॥**
**ਜੈਸੇ ਨਿਸ ਅੰਧਕਾਰ ਤਾਰਕਾ ਚਮਤਕਾਰ,**
**ਹੋਤ ਉਜੀਆਰੋ ਦਿਨਕਰ ਕੇ ਉਦੋਤ ਹੈ॥**
**ਤੈਸੇ ਮਾਇਆ ਮੋਹ ਭ੍ਰਮ ਹੋਤ ਹੈ ਮਲੀਨ ਮਤਿ,**
**ਸਤਿਗੁਰ ਗਿਆਨ ਧਿਆਨ ਜਗਮਗ ਜੋਤਿ ਹੈ॥੩੧੨॥**

ਜਿਸ ਤਰ੍ਹਾਂ ਕੱਪੜਾ ਤਨ ਨਾਲ ਲੱਗ ਕੇ ਮੈਲਾ ਹੋ ਜਾਂਦਾ ਹੈ ਪਰ ਸਾਬਣ ਤੇ ਪਾਣੀ ਨਾਲ ਸਾਫ਼ ਕਰ ਲਿਆ ਜਾਂਦਾ ਹੈ। ਸਰੋਵਰ ਦੇ ਪਾਣੀ ਉਪਰ ਜਿਵੇਂ ਜਾਲਾ (ਸਿਬਾਲ) ਆ ਜਾਂਦਾ ਹੈ ਤਾਂ ਪਾਣੀ ਨੂੰ ਢੱਕ ਲੈਂਦਾ ਹੈ ਪਰ ਜਦੋਂ ਉਪਰੋਂ ਜਾਲਾ ਹਿਲਾ ਕੇ ਦੂਰ ਕਰ ਲਿਆ ਜਾਂਦਾ ਹੈ ਤਾਂ ਥੱਲੇ ਸਾਫ਼ ਪਾਣੀ ਨਜ਼ਰ ਆਉਂਦਾ ਹੈ ਤੇ ਪੀ ਲਿਆ ਜਾਂਦਾ ਹੈ। ਰਾਤ ਦੇ ਸਮੇਂ ਅੰਧੇਰੇ ਵਿਚ ਬੜੇ ਤਾਰੇ ਚਮਕਦੇ ਹਨ, ਪਰ ਜਦੋਂ ਸੂਰਜ ਨਿਕਲਦਾ ਹੈ ਤਾਂ ਅੰਧੇਰਾ ਵੀ ਚਲਾ ਜਾਂਦਾ ਹੈ ਤੇ ਤਾਰੇ ਵੀ ਨਹੀਂ ਚਮਕਦੇ। ਤਿਵੇਂ ਹੀ ਮਨੁੱਖ ਦੇ ਅੰਦਰ ਵੀ ਅਗਿਆਨਤਾ ਦੇ ਕਾਰਣ ਇਕ ਐਸਾ ਭੁਲੇਖਾ ਪੈਂਦਾ ਹੈ ਕਿ ਮੋਹ-ਮਮਤਾ ਵਿਚ ਫਸ ਕੇ ਆਪਣੀ ਮਤ ਨੂੰ ਮੈਲੀ ਕਰ ਲੈਂਦਾ ਹੈ। ਮੈਲੀ ਮਤ

Sri Satguru Jagjit Singh Ji eLibrary NamdhariElibrary@gmail.com

ਵਿੱਚੋਂ ਅਨੇਕ ਕਿਸਮ ਦੀਆਂ ਸੋਚਾਂ ਪੈਦਾ ਹੁੰਦੀਆਂ ਹਨ, ਅੰਦਰੋਂ ਬੜੀਆਂ ਚਤੁਰਾਈ ਦੀਆਂ ਗੱਲਾਂ ਨਿਕਲਦੀਆਂ ਹਨ ਪਰ ਇਸ ਸਭ ਕਿਸਮ ਦੀ ਸੁਰਤ ਨਾਲ ਪਰਮਾਤਮਾ ਨਹੀਂ ਦੇਖਿਆ ਜਾ ਸਕਦਾ। ਜਿਵੇਂ ਰਾਤ ਦੇ ਸਮੇਂ ਤਾਰਿਆਂ ਵਿਚ ਪ੍ਰਕਾਸ਼ ਤਾਂ ਨਜ਼ਰ ਆਉਂਦਾ ਹੈ ਪਰ ਤਾਰਿਆਂ ਦਾ ਪ੍ਰਕਾਸ਼ ਸਿਰਫ਼ ਆਪਣੀ ਹੋਂਦ ਨੂੰ ਹੀ ਪ੍ਰਗਟ ਕਰ ਸਕਦਾ ਹੈ, ਕਿਸੇ ਨੂੰ ਪ੍ਰਕਾਸ਼ ਨਹੀਂ ਦੇ ਸਕਦਾ, ਰਾਤ ਦਾ ਅੰਧੇਰਾ ਦੂਰ ਨਹੀਂ ਕਰ ਸਕਦਾ। ਰਾਤ ਦਾ ਅੰਧੇਰਾ ਤਾਂ ਸੂਰਜ ਹੀ ਦੂਰ ਕਰ ਸਕਦਾ ਹੈ। ਤਿਵੇਂ ਹੀ ਆਪਣੀ ਮਤ ਨਾਲ 'ਮੈਂ' ਦੀ ਹੋਂਦ ਤਾਂ ਜ਼ਰੂਰ ਪ੍ਰਗਟ ਕੀਤੀ ਜਾ ਸਕਦੀ ਹੈ, ਪਰ ਪਰਮਾਤਮਾ ਨੂੰ ਦੇਖਿਆ ਨਹੀਂ ਜਾ ਸਕਦਾ। ਪਰਮਾਤਮਾ ਨੂੰ ਦੇਖਣ ਵਾਸਤੇ ਤਾਂ ਸਤਿਗੁਰੂ ਹੀ ਜਗਮਗ ਜੋਤ ਹੈ। ਸਤਿਗੁਰੂ ਰਾਹੀਂ ਅੰਦਰ ਗਿਆਨ ਟਿਕਦਾ ਹੈ ਤੇ ਗਿਆਨ ਜਦੋਂ ਧਿਆਨ ਬਣ ਜਾਂਦਾ ਹੈ, ਤਾਂ ਫਿਰ ਧਿਆਨ ਦੀ ਸੁਰਤ ਹੀ ਇਕ ਪ੍ਰਕਾਸ਼ ਬਣ ਕੇ ਹਿਰਦੇ ਵਿੱਚੋਂ ਵੀ ਤੇ ਬਾਹਰ ਹਰ ਜਗ੍ਹਾ 'ਚੋਂ ਵੀ, ਪਰਮਾਤਮਾ ਦੇਖ ਸਕਦੀ ਹੈ। ਪਰ ਇਹ ਬੜਾ ਜ਼ਰੂਰੀ ਹੈ ਕਿ ਜੋ ਗਿਆਨ ਗੁਰੂ ਪਾਸੋਂ ਸੁਣਿਆ ਜਾਂਦਾ ਹੈ ਉਸ ਨੂੰ ਮੰਨ ਕੇ ਨਿਧਿਆਸਨ ਕੀਤਾ ਜਾਵੇ ਤੇ ਫਿਰ ਜਾ ਕੇ ਪ੍ਰਤੱਖ ਦਰਸ਼ਨ ਦੀ ਸਟੇਜ 'ਤੇ ਪਹੁੰਚਿਆ ਜਾ ਸਕਦਾ ਹੈ। ਗੁਰੂ ਸਾਹਿਬ ਜੀ ਦੇ ਸੁਣੇ ਉਪਦੇਸ਼ ਦੀਆਂ ਚਾਰ ਸਟੇਜਾਂ ਹਨ:

1. ਸ੍ਰਵਣ ਗਿਆਨ;
2. ਮਨਨ ਗਿਆਨ;
3. ਨਿਧਿਆਸਨ ਗਿਆਨ,
4. ਅਪਰੋਕਸ਼ ਗਿਆਨ।

1. **ਸ੍ਰਵਣ ਗਿਆਨ**—ਜੋ ਗੁਰ-ਉਪਦੇਸ਼ ਸਿਰਫ਼ ਸੁਣਨ ਤਕ ਹੀ ਸੀਮਿਤ ਹੈ। ਇਹ ਹਾਲਤ ਇਸ ਤਰ੍ਹਾਂ ਹੈ ਜਿਵੇਂ ਚੁੱਲ੍ਹੇ ਵਿਚ ਬਲਦੀ ਅੱਗ ਹੋਵੇ। ਚੁੱਲ੍ਹੇ ਦੀ ਅਗਨ 'ਤੇ ਜਦੋਂ ਵੀ ਮੀਂਹ ਪੈਂਦਾ ਹੈ ਜਾਂ ਬਾਹਰੋਂ ਪਾਣੀ ਪਾਇਆ ਜਾਂਦਾ ਹੈ, ਉਹ ਬੁਝ ਜਾਂਦੀ ਹੈ। ਤਿਵੇਂ ਹੀ ਸੁਣਦਿਆਂ ਸੁਣਦਿਆਂ ਤਾਂ ਮਨ ਦਾ ਟਿਕਾਉ ਰਹਿੰਦਾ ਹੈ ਪਰ ਜਿਵੇਂ ਹੀ ਬਾਹਰ ਦੇ ਵਾਤਾਵਰਣ ਦੀਆਂ ਗੱਲਾਂ ਕੰਨਾਂ ਵਿਚ ਪੈਂਦੀਆਂ ਹਨ, ਤਿਵੇਂ ਹੀ ਸੁਣੇ ਹੋਏ ਦਾ ਅਸਰ ਆਮ ਤੌਰ 'ਤੇ ਖ਼ਤਮ ਹੋ ਜਾਂਦਾ ਹੈ। ਬਾਹਰ ਦੇ ਕਿਸੇ ਵੀ ਦੁੱਖ ਦੇ ਸਮੇਂ ਤਾਂ ਬਿਲਕੁਲ ਹੀ ਗੁਰਬਾਣੀ ਦੇ ਉਪਦੇਸ਼ ਦਾ ਕੋਈ ਅਸਰ ਨਹੀਂ ਰਹਿੰਦਾ।

2. **ਮਨਨ ਗਿਆਨ**—ਜਦੋਂ ਗੁਰਬਾਣੀ ਦਾ ਉਪਦੇਸ਼ ਸੁਣ ਕੇ ਮੰਨ ਤਾਂ ਲਿਆ ਜਾਂਦਾ ਹੈ ਪਰ ਬਾਰ ਬਾਰ ਉਸ ਦਾ ਅਭਿਆਸ ਨਹੀਂ ਕੀਤਾ ਜਾਂਦਾ। ਮਨਨ ਗਿਆਨ ਦੀ ਹਾਲਤ ਆਕਾਸ਼ ਵਿਚ ਬਿਜਲੀ ਦੀ ਤਰ੍ਹਾਂ ਹੈ। ਜਿਵੇਂ ਬੱਦਲਾਂ ਵਿਚ ਰਹਿੰਦੀ ਬਿਜਲੀ ਕਦੀ ਕਦਾਈਂ ਤਾਂ ਆਪਣੀ ਚਮਕ ਦਿਖਾਂਦੀ ਹੈ ਪਰ ਹਮੇਸ਼ਾ ਪ੍ਰਕਾਸ਼ ਨਹੀਂ ਕਰ ਸਕਦੀ, ਤਿਵੇਂ ਹੀ ਕਦੀ ਕਦਾਈਂ ਤਾਂ ਗੁਰਬਾਣੀ ਉਪਦੇਸ਼ ਦੀ ਝਲਕ ਅੰਦਰ ਪੈਦਾ ਹੁੰਦੀ ਹੈ ਪਰ ਸਦੀਵੀ ਅਨੁਭਵ ਪ੍ਰਕਾਸ਼ ਨਹੀਂ ਬਣਦਾ।

3. **ਨਿਧਿਆਸਨ ਗਿਆਨ**—ਜਦੋਂ ਉਪਦੇਸ਼ ਸੁਣ ਕੇ ਮੰਨਿਆ ਜਾਂਦਾ ਹੈ ਤੇ ਫਿਰ ਉਸ ਉਪਦੇਸ਼ ਦਾ ਬਾਰ ਬਾਰ ਅਭਿਆਸ ਵੀ ਕੀਤਾ ਜਾਂਦਾ ਹੈ, ਫਿਰ ਗੁਰ-ਉਪਦੇਸ਼

Sri Satguru Jagjit Singh Ji eLibrary NamdhariElibrary@gmail.com

ਨਾਲ ਮਨ ਦੀ ਪੱਕੀ ਪ੍ਰੀਤ ਹੋ ਜਾਂਦੀ ਹੈ। ਐਸੀ ਹਾਲਤ ਇਸ ਤਰ੍ਹਾਂ ਹੈ ਜਿਵੇਂ ਕਿ ਸਮੁੰਦਰ ਵਿਚ ਬੜਵਾ-ਅਗਨ ਹੁੰਦੀ ਹੈ। (ਪਾਣੀ ਦੇ ਅੰਦਰ ਜੋ ਅਗਨ ਹੈ, ਉਸ ਨੂੰ ਬੜਵਾ-ਅਗਨ ਕਹਿੰਦੇ ਹਨ) ਸਮੁੰਦਰ ਵਿਚ ਭਾਵੇਂ ਰਾਤ ਦਿਨ ਅਨੇਕਾਂ ਨਦੀਆਂ ਦਾ ਜਲ ਪੈਂਦਾ ਰਹਿੰਦਾ ਹੈ ਪਰ ਇਤਨੇ ਜਲ ਪੈਣ ਦੇ ਬਾਵਜੂਦ ਇਹ ਬੜਵਾ-ਅਗਨ ਸੁਰੱਖਿਅਤ ਰਹਿੰਦੀ ਹੈ, ਜਿਵੇਂ:

**ਸੁਣਿਆ ਮੰਨਿਆ ਮਨਿ ਕੀਤਾ ਭਾਉ ॥**
**ਅੰਤਰਗਤਿ ਤੀਰਥਿ ਮਲਿ ਨਾਉ ॥** *(ਜਪੁ ਜੀ, ਪੰਨਾ 4)*

ਗੁਰ-ਉਪਦੇਸ਼ ਸੁਣ ਕੇ, ਮੰਨ ਕੇ, ਬਾਰ ਬਾਰ ਅਭਿਆਸ ਕਰਨ ਨਾਲ ਹਿਰਦੇ ਵਿਚ ਦ੍ਰਿੜ੍ਹ ਗਿਆਨ ਹੋ ਜਾਂਦਾ ਹੈ, ਫਿਰ ਭਾਵੇਂ ਬਾਹਰੋਂ ਕਿਤਨੇ ਵੀ ਦੁੱਖ ਆਵਣ ਜਾਂ ਹੋਰ ਕਿਹੋ ਜਿਹਾ ਵੀ ਬਾਹਰ ਦਾ ਵਾਤਾਵਰਣ ਹੋਵੇ, ਸਿਮਰਨ ਅਭਿਆਸੀ ਆਪਣੀ ਅਵਸਥਾ ਡੁਲਾਇਮਾਨ ਨਹੀਂ ਕਰਦਾ।

4. **ਅਪਰੋਕਸ਼ ਗਿਆਨ**—ਉਪਰ ਵਾਲੀਆਂ ਤਿੰਨ ਸਟੇਜਾਂ ਵਿੱਚੋਂ ਗੁਜ਼ਰਦਾ ਹੋਇਆ ਇਕ ਦਿਨ ਐਸੀ ਅਵਸਥਾ ਵਿਚ ਪੁੱਜ ਜਾਂਦਾ ਹੈ ਕਿ ਜਿਥੇ ਸਿਰਫ਼ ਪਰਮਾਤਮਾ ਹੀ ਪਰਮਾਤਮਾ ਹੈ। ਸਭ ਦੁਬਿਧਾ ਖ਼ਤਮ ਹੋ ਜਾਂਦੀ ਹੈ। ਐਸੇ ਗੁਰਮੁਖ ਦੀ ਅਵਸਥਾ ਇਸ ਤਰ੍ਹਾਂ ਦੀ ਬਣ ਜਾਂਦੀ ਹੈ:

**ਆਪਿ ਕਥੈ ਆਪਿ ਸੁਨਨੈਹਾਰੁ ॥**
**ਆਪਹਿ ਏਕੁ ਆਪਿ ਬਿਸਥਾਰੁ ॥** *(ਗਉੜੀ ਸੁਖਮਨੀ ਮ: ੫, ਪੰਨਾ 292)*

ਜਿਵੇਂ ਸੰਪੂਰਨ ਸੰਸਾਰ ਦੇ ਵਿਨਾਸ਼ ਸਮੇਂ (ਪ੍ਰਲਯ ਸਮੇਂ) ਜੋ ਅਗਨ ਲੱਗਦੀ ਹੈ, ਉਹ ਸਭ ਨੂੰ ਸਾੜ ਕੇ ਆਪ ਵੀ ਲੀਨ ਹੋ ਜਾਂਦੀ ਹੈ, ਤਿਵੇਂ ਹੀ ਇਸ ਸਟੇਜ 'ਤੇ ਪੁੱਜ ਕੇ ਮੈਂ-ਤੂੰ ਦੀ ਸੰਪੂਰਨ ਭਾਵਨਾ ਸਮਾਪਤ ਹੋ ਜਾਂਦੀ ਹੈ। ਸਿਰਫ਼ ਪ੍ਰਕਾਸ਼ ਦੀ ਅਵਸਥਾ ਰਹਿ ਜਾਂਦੀ ਹੈ। ਇਥੇ ਆ ਕੇ ਗੁਰੂ ਦਾ ਗਿਆਨ, ਆਪਣੀ ਮਤ ਤੇ ਪਰਮਾਤਮਾ, ਇਹ ਤਿੰਨੇ ਅਲੱਗ ਅਲੱਗ ਨਹੀਂ ਰਹਿ ਜਾਂਦੇ, ਸਗੋਂ ਤਿੰਨੇ ਇਕ ਹੋ ਜਾਂਦੇ ਹਨ। ਇਸ ਨੂੰ ਦੂਜੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਗਿਆਤਾ, ਗਿਆਨ ਤੇ ਗੇਯ ਇਕ ਹੋ ਜਾਂਦਾ ਹੈ। ਇਹੀ ਜੀਵਨ ਪਰਮ ਪ੍ਰਕਾਸ਼ ਹੈ।

ਅੰਧੇਰੇ ਤੇ ਚਾਨਣ ਦੋਹਾਂ ਦਾ ਕਰਤਾ ਪ੍ਰਭੂ ਹੈ, ਇਸ ਗੱਲ ਨੂੰ ਜਾਣਨਾ ਹੀ ਪਰਮ ਪ੍ਰਕਾਸ਼ ਦੀ ਅਵਸਥਾ ਹੈ:

**ਅੰਧੇਰਾ ਚਾਨਣੁ ਆਪੇ ਕੀਆ ॥ ਏਕੋ ਵਰਤੈ ਅਵਰੁ ਨ ਬੀਆ ॥**
*(ਰਾਗ ਮਾਰੂ ਸੋਲਹੇ ਮਹਲਾ ੩, ਪੰਨਾ 1056)*

ਪ੍ਰਭੂ ਜੀ ਕਿਰਪਾ ਕਰਨ ਤਾਂ ਜੋ ਗੁਰੂ ਦੀ ਮਤ ਅਨੁਸਾਰ ਅਸੀਂ ਜਾਣ ਸਕੀਏ ਕਿ ਅਗਿਆਨਤਾ ਹੀ ਅੰਧੇਰਾ ਹੈ ਅਤੇ ਗਿਆਨ ਹੀ ਪ੍ਰਕਾਸ਼ ਹੈ।

•

Sri Satguru Jagjit Singh Ji eLibrary NamdhariElibrary@gmail.com

# ਨਕਲੀ ਮੰਗਤਾ ਤੇ ਅਸਲੀ ਮੰਗਤਾ

ਆਮ ਤੌਰ 'ਤੇ ਦੁਨੀਆ ਵਿਚ ਮੰਗਤੇ ਮਿਲਦੇ ਹਨ ਤੇ ਭਾਰਤ ਵਿਚ ਮੰਗਤਿਆਂ ਦੀ ਕਾਫ਼ੀ ਭਰਮਾਰ ਹੈ। ਜਿੱਥੇ ਕਿਤੇ ਮੰਗਤਾ ਨਜ਼ਰ ਆਏ, ਲੋਕਾਂ ਦੀ ਨਜ਼ਰ ਵਿਚ ਉਸ ਦੀ ਕੋਈ ਕਦਰ ਨਹੀਂ ਹੁੰਦੀ। ਮੰਗਤੇ ਨੂੰ ਕਦੀ ਕਿਸੇ ਨੇ ਸ਼ਾਬਾਸ਼ ਨਹੀਂ ਦਿੱਤੀ, ਸਗੋਂ ਆਮ ਲੋਕ ਲਾਹਨਤਾਂ ਹੀ ਪਾਉਂਦੇ ਹਨ। ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:

**ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ॥**

*(ਰਾਮਕਲੀ ਮ: ੧, ਪੰਨਾ 878)*

ਮੰਗਣ ਵਾਲਾ ਪੈਸੇ ਇਕੱਠੇ ਕਰ ਸਕਦਾ ਹੈ, ਆਟਾ ਇਕੱਠਾ ਕਰ ਕੇ ਲਿਆ ਸਕਦਾ ਹੈ ਤੇ ਹੋਰ ਸਾਮਾਨ ਵੀ ਇਕੱਠਾ ਕਰ ਸਕਦਾ ਹੈ ਪਰ ਆਦਰ ਨਹੀਂ ਪ੍ਰਾਪਤ ਕਰ ਸਕਦਾ। ਜਿਥੇ ਆਮ ਦੁਨੀਆ ਦੀ ਨਜ਼ਰ ਵਿਚ ਮੰਗਤੇ ਦੀ ਕੋਈ ਕਦਰ ਨਹੀਂ, ਉਥੇ ਧਰਮ ਦੀ ਦੁਨੀਆ ਵਿਚ ਵੀ ਮੰਗਤੇ ਦੀ ਕੋਈ ਕਦਰ ਨਹੀਂ। ਕਈ ਤਾਂ ਉਹ ਮੰਗਤੇ ਹਨ ਜੋ ਬਾਹਰੋਂ ਸਪਸ਼ਟ ਤੌਰ 'ਤੇ ਮੰਗਤੇ ਨਜ਼ਰ ਆਉਂਦੇ ਹਨ। ਕਈ ਐਸੇ ਮੰਗਤੇ ਹਨ ਜੋ ਬਾਹਰੋਂ ਦਾਤੇ ਨਜ਼ਰ ਆਉਂਦੇ ਹਨ ਪਰ ਅੰਦਰੋਂ ਬੜੀਆਂ ਮੰਗਾਂ ਹਨ। ਬਾਹਰੋਂ ਦਾਨ ਦੇਂਦੇ ਨਜ਼ਰ ਆਉਂਦੇ ਹਨ, ਪਰ ਦਾਨ ਦੇ ਬਦਲੇ ਬਹੁਤ ਪਦਾਰਥਾਂ ਦੀ ਪ੍ਰਾਪਤੀ ਦੀ ਚਾਹ ਹੈ। ਕਈ ਤਾਂ ਐਸੇ ਵੀ ਹਨ ਕਿ ਹੇਰਾ-ਫੇਰੀ ਕਰ ਕੇ, ਦੂਜਿਆਂ ਦਾ ਹੱਕ ਖੋਹ ਕੇ ਬਹੁਤ ਪੈਸਾ ਇਕੱਠਾ ਕਰ ਲੈਂਦੇ ਹਨ ਤੇ ਉਸ ਵਿੱਚੋਂ ਥੋੜਾ ਬਹੁਤ ਦਾਨ ਦੇ ਕੇ ਧਰਮਾਤਮਾ ਬਣਨ ਦੀ ਕੋਸ਼ਿਸ਼ ਕਰਦੇ ਹਨ। ਜਿਵੇਂ ਕਿ ਗੁਰੂ ਸਾਹਿਬ ਦਾ ਕਥਨ ਹੈ:

**ਸਤੀ ਪਾਪੁ ਕਰਿ ਸਤੁ ਕਮਾਹਿ॥** *(ਵਾਰ ਰਾਮਕਲੀ, ਮ: ੧, ਪੰਨਾ 951)*

ਇਕ ਹੋਰ ਵਿਦਵਾਨ ਦਾ ਕਥਨ ਹੈ:

*ਅਹਿਰਣ ਦੀ ਚੋਰੀ ਕਰੇ, ਸੂਈ ਦਾ ਕਰੇ ਦਾਨ।*
*ਕੋਠੇ ਚੜ੍ਹ ਕੇ ਦੇਖਦਾ, ਕਦ ਆਉਂਦੇ ਬਿਬਾਣ।*

ਇਸ ਤਰ੍ਹਾਂ ਕਰਨ ਨਾਲ ਤਾਂ ਨਾ ਕੋਈ ਧਰਮਾਤਮਾ ਬਣ ਸਕਦਾ ਹੈ ਨਾ ਕੋਈ ਦਾਨੀ। ਸਿੱਧੇ ਤੌਰ 'ਤੇ ਦਿਸਣ ਵਾਲਾ ਮੰਗਤਾ ਤਾਂ ਮੂੰਹੋਂ ਆਵਾਜ਼ ਦੇ ਕੇ ਮੰਗ ਰਿਹਾ ਹੈ, ਪਰ ਬਾਹਰੋਂ ਦਾਨੀ ਦਿਸਣ ਵਾਲਾ ਮੰਗਤਾ, ਹੱਥੋਂ ਪੈਸੇ ਦਾਨ ਕਰ ਕੇ ਹੋਰ ਪੈਸੇ ਮੰਗ ਰਿਹਾ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਇਕ ਦੇ ਕੱਪੜੇ ਮੰਗਤਿਆਂ ਵਾਲੇ ਹਨ ਤੇ ਦੂਜੇ ਦੇ ਮਨ ਦੇ ਵਿਚਾਰ ਮੰਗਤੇ ਵਾਲੇ ਹਨ। ਪਰ ਇਨ੍ਹਾਂ ਦੋਵੇਂ ਕਿਸਮ ਦੇ ਮੰਗਤਿਆਂ

ਨੂੰ ਨਕਲੀ ਮੰਗਤਾ ਹੀ ਕਿਹਾ ਜਾ ਸਕਦਾ ਹੈ। ਜੋ ਨਕਲੀ ਚੀਜ਼ਾਂ ਦੀ ਮੰਗ ਕਰੇ, ਬਿਨਸ ਜਾਣ ਵਾਲੀਆਂ ਚੀਜ਼ਾਂ ਦੀ ਮੰਗ ਕਰੇ, ਉਹ ਨਕਲੀ ਮੰਗਤਾ ਹੈ। ਜੋ ਅਸਲੀ ਚੀਜ਼ ਦੀ ਮੰਗ ਕਰੇ, ਉਹੀ ਅਸਲੀ ਮੰਗਤਾ ਹੈ। ਜਦੋਂ ਝੂਠੀਆਂ ਚੀਜ਼ਾਂ ਸੱਚੀਆਂ ਨਜ਼ਰ ਆਉਂਦੀਆਂ ਹਨ ਤਾਂ ਮਨੁੱਖ ਦੀ ਦੌੜ ਝੂਠੇ ਸੰਸਾਰ ਦੀ ਤਰਫ਼ ਹੋ ਜਾਂਦੀ ਹੈ। ਮਨ ਵਿਚ ਪ੍ਰਾਪਤੀ ਲਈ ਤਰੰਗ ਉਠਦੇ ਹਨ। ਉਮੰਗ ਵਧਦੀ ਜਾਂਦੀ ਹੈ। ਪਰ ਉਹ ਅੱਗੋ ਹੀ ਤ੍ਰਿਸ਼ਨਾ ਦੇ ਕਾਰਨ ਭੁੱਖੇ ਹੁੰਦੇ ਹਨ।

ਜਿਵੇਂ ਕਿ ਇਕ ਕਥਾ ਹੈ—ਇਕ ਮੰਗਤਾ ਘਰੋਂ ਮੰਗਣ ਲਈ ਚੱਲਿਆ। ਅੱਜ ਉਹ ਪਹਿਲੀ ਵਾਰੀ ਮੰਗਣ ਲਈ ਨਿਕਲਿਆ ਸੀ। ਬੜੇ ਵੱਡੇ ਵੱਡੇ ਅਮੀਰਾਂ ਦੇ ਘਰਾਂ ਅੱਗੋਂ ਗੁਜ਼ਰਦਾ ਗਿਆ ਪਰ ਹੌਸਲਾ ਨਾ ਪਿਆ ਕਿ ਕਿਸੇ ਵੱਡੇ ਅਮੀਰ ਦਾ ਦਰਵਾਜ਼ਾ ਖੜਕਾਵੇ। ਅਖ਼ੀਰ ਇਕ ਗ਼ਰੀਬ ਜਿਹੇ ਆਦਮੀ ਦਾ ਘਰ ਤੱਕ ਕੇ ਉਸ ਦਾ ਦਰਵਾਜ਼ਾ ਆ ਖੜਕਾਇਆ। ਪਰ ਜਿਸ ਦਾ ਦਰਵਾਜ਼ਾ ਖੜਕਾਇਆ ਸੀ, ਉਹ ਵੀ ਅੱਗੋਂ ਮੰਗਤਾ ਹੀ ਸੀ। ਬੜੀ ਅਜੀਬ ਗੱਲ ਹੋਈ ਕਿ ਅੱਜ ਮੰਗਤਾ, ਮੰਗਤੇ ਦੇ ਘਰੋਂ ਹੀ ਮੰਗਣ ਆਇਆ ਹੈ। ਪਰ ਜਿਸ ਮੰਗਤੇ ਦੇ ਘਰ ਦਾ ਦਰਵਾਜ਼ਾ ਖੜਕਾਇਆ, ਉਹ ਮੰਗਤਾ ਸੋਚਦਾ ਹੈ ਕਿ ਅੱਜ ਸ਼ਾਇਦ ਕੋਈ ਦਾਨੀ ਕੁਝ ਦੇਣ ਲਈ ਆਇਆ ਹੈ, ਇਸ ਸਮੇਂ ਅੱਗੇ ਵੀ ਕਈ ਵਾਰੀ ਕੁਝ ਦਾਨੀ ਆ ਕੇ ਦੇ ਜਾਂਦੇ ਰਹੇ ਹਨ। ਇਸ ਸੋਚ ਨਾਲ ਅੰਦਰਲੇ ਮੰਗਤੇ ਨੇ ਹੱਥ ਵਿਚ ਖ਼ਾਲੀ ਬਰਤਨ ਲੈ ਕੇ ਕੁਝ ਲੈਣ ਲਈ ਜਲਦੀ ਜਲਦੀ ਆ ਦਰਵਾਜ਼ਾ ਖੋਲ੍ਹਿਆ। ਪਰ ਜਦ ਤੱਕਿਆ ਕਿ ਅੱਗੋਂ ਵੀ ਮੰਗਤਾ ਹੀ ਹੈ ਤਾਂ ਕਹਿਣ ਲੱਗਾ ਕਿ ਤੂੰ ਇਥੇ ਕੀ ਕਰਨ ਆਇਆ ਹੈਂ, ਮੈਂ ਤਾਂ ਖ਼ੁਦ ਮੰਗਤਾ ਹਾਂ! ਅੱਛਾ! ਖ਼ੈਰ, ਕੋਈ ਗੱਲ ਨਹੀਂ, ਜ਼ਰਾ ਰੁਕ। ਇਹ ਆਖ ਕੇ ਉਹਨੇ ਮੰਗਣ ਆਏ ਮੰਗਤੇ ਦਾ ਬਰਤਨ ਹੱਥ ਵਿਚ ਫੜਿਆ ਤੇ ਕਹਿਣ ਲੱਗਾ ਕਿ ਚੱਲ ਆ ਮੇਰੇ ਨਾਲ, ਮੈਂ ਤੈਨੂੰ ਦਾਨੀਆਂ ਦੇ ਘਰਾਂ ਵਿਚ ਲੈ ਕੇ ਚੱਲਦਾ ਹਾਂ, ਜਿਥੋਂ ਤੈਨੂੰ ਵੀ ਤੇ ਮੈਨੂੰ ਵੀ ਕੁਝ ਮਿਲੇ।

ਸੋ, ਮੈਂ ਇਤਨੀ ਅਰਜ਼ ਕਰਾਂ ਕਿ ਮੰਗਤੇ ਨੂੰ ਤਾਂ ਹੀ ਕੁਝ ਮਿਲ ਸਕਦਾ ਹੈ ਜੇਕਰ ਉਹ ਕਿਸੇ ਦਾਨੀ ਪਾਸ ਜਾਏਗਾ। ਮੰਗਤੇ ਦੇ ਘਰੋਂ ਮੰਗਤੇ ਨੂੰ ਕੀ ਮਿਲੇਗਾ! ਇਸੇ ਤਰ੍ਹਾਂ ਹੀ ਉਸ ਦਾਤੇ ਪਾਸੋਂ ਤਾਂ ਮੰਗੀਏ ਜੋ ਸਭ ਨੂੰ ਦੇ ਰਿਹਾ ਹੈ, ਪਰ ਜਿਹੜੇ ਖ਼ੁਦ ਹੀ ਮੰਗ ਰਹੇ ਹਨ, ਉਹਨਾਂ ਪਾਸੋਂ ਮੰਗਣ ਨਾਲ ਤ੍ਰਿਪਤੀ ਨਹੀਂ ਹੋ ਸਕੇਗੀ। ਜਿਵੇਂ ਕਿ ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:

**ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ॥**

*(ਵਾਰ ਗਉੜੀ ਮ: ੪, ਪੰਨਾ 306)*

ਮਨੁੱਖ ਰੱਜ ਸਕਦਾ ਹੈ ਜੇ ਪਰਮਾਤਮਾ ਪਾਸ ਜਾਚਨਾ ਕਰੇ:

**ਤੂ ਭੰਨਣ ਘੜਣ ਸਮਰਥੁ ਦਾਤਾਰੁ ਹਹਿ,**
**ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ॥**
**ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ,**
**ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ॥**

*(ਬਿਹਾਗੜੇ ਕੀ ਵਾਰ ਮ: ੪, ਪੰਨਾ 549)*

Sri Satguru Jagjit Singh Ji eLibrary NamdhariElibrary@gmail.com

ਜੋ ਦਾਤਾ ਸਭ ਸੰਸਾਰ ਨੂੰ ਦੇ ਰਿਹਾ ਹੈ, ਮੈਂ ਵੀ ਉਸ ਦਾਤੇ ਪਾਸੋਂ ਹੀ ਜਾਚਨਾ ਕਰਦਾ ਹਾਂ, ਕਿਉਂਕਿ ਮੈਨੂੰ ਉਸ ਦਾਤੇ ਵਰਗਾ ਹੋਰ ਕੋਈ ਨਜ਼ਰ ਹੀ ਨਹੀਂ ਆ ਰਿਹਾ।

ਇਥੇ ਇਤਨੀ ਗੱਲ ਜ਼ਰੂਰ ਧਿਆਨ ਵਿਚ ਰੱਖਣੀ ਹੈ ਕਿ ਅਸੀਂ ਉਸ ਵਾਹਿਗੁਰੂ ਪਰਮਾਤਮਾ ਨੂੰ ਕੁਝ ਦੇ ਨਹੀਂ ਸਕਦੇ ਸਗੋਂ ਉਸ ਪਾਸੋਂ ਲੈ ਰਹੇ ਹਾਂ। ਜਦ ਕਦੀ ਥੋੜੀ ਜਿਹੀ ਮਾਇਆ ਕਿਸੇ ਵੀ ਧਾਰਮਕ ਸਥਾਨ 'ਤੇ ਦਿੱਤੀ ਜਾਂਦੀ ਹੈ ਤਾਂ ਕਈ ਬੇਸਮਝ ਕਹਿੰਦੇ ਹਨ ਕਿ ਦਾਨ ਦਿੱਤਾ ਹੈ। ਦਾਨ ਦੇ ਅਰਥ ਹੁੰਦੇ ਹਨ—ਦੇਣ ਵਾਲਾ ਦਾਤਾ ਤੇ ਲੈਣ ਵਾਲਾ ਭਿਖਾਰੀ। ਜੇਕਰ ਅਸੀਂ ਦਾਨ ਦੇ ਰਹੇ ਹੋਵਾਂਗੇ ਤਾਂ ਦਾਤੇ ਹੋਵਾਂਗੇ ਤੇ ਜਿਸ ਨੂੰ ਦਾਨ ਦੇ ਰਹੇ ਹਾਂ ਉਹ ਭਿਖਾਰੀ ਹੋਵੇਗਾ। ਕੀ ਸਾਡੇ ਗੁਰਦੁਆਰੇ ਜਾਂ ਮੰਦਰ ਸਾਡੇ ਪਾਸੋਂ ਜਾਚਨਾ ਕਰ ਰਹੇ ਹਨ ਤੇ ਅਸੀਂ ਦਾਨ ਦੇ ਕੇ ਉਹਨਾਂ ਨੂੰ ਚਲਾ ਰਹੇ ਹਾਂ ? ਇਹ ਸੋਚਣੀ ਬਹੁਤ ਹੀ ਵੱਡੀ ਭੁੱਲ ਹੈ। ਇਸ ਤੋਂ ਉਲਟ ਅਸੀਂ ਤਾਂ ਪਰਮਾਤਮਾ ਪਾਸੋਂ ਇਹ ਸਭ ਕੁਝ ਪ੍ਰਾਪਤ ਕੀਤਾ ਹੈ। ਇਹ ਤਨ ਪਰਮਾਤਮਾ ਨੇ ਬਿਨਾ ਕੀਮਤ ਤੋਂ ਦਿੱਤਾ ਹੈ। ਮਾਤਾ ਪਿਤਾ ਦਿੱਤੇ, ਹੋਰ ਸੰਬੰਧੀ ਦਿੱਤੇ, ਤੇ ਬਾਕੀ ਸਭ ਸਾਜ਼ੋ-ਸਾਮਾਨ ਦਿੱਤਾ। ਇਤਨਾ ਦਾਨ ਪਰਮਾਤਮਾ ਨੇ ਸਾਨੂੰ ਦਿੱਤਾ, ਤੇ ਪਰਮਾਤਮਾ ਦੇ ਦਿੱਤੇ ਦਾਨ ਵਿੱਚੋਂ ਅਸੀਂ ਜੋ ਕੁਝ ਵੀ ਕਿਸੇ ਧਾਰਮਕ ਜਗ੍ਹਾ 'ਤੇ ਦੇਵਾਂਗੇ, ਉਹ ਦਾਨ ਨਹੀਂ ਹੋਵੇਗਾ, ਸਗੋਂ ਭੇਟਾ ਹੋਵੇਗੀ। ਜਿਵੇਂ ਕਿ ਬਾਦਸ਼ਾਹ ਨੂੰ ਜੋ ਦਿੱਤਾ ਜਾਂਦਾ ਹੈ, ਉਹ ਚੀਜ਼ ਨਜ਼ਰਾਨਾ, ਭੇਟ ਤਾਂ ਹੋ ਸਕਦੀ ਹੈ, ਪਰ ਦਾਨ ਨਹੀਂ ਹੋ ਸਕਦੀ।

ਭੇਟਾ ਦੇਣ ਵਿਚ ਨਿਮਰਤਾ ਹੋਵੇਗੀ, ਦਾਨ ਦੇਣ ਵਿਚ ਅਹੰਕਾਰ ਹੋਵੇਗਾ। ਭੇਟਾ ਦੇਣ ਵਿਚ ਮਨ ਸ਼ੁੱਧ ਹੋਵੇਗਾ, ਦਾਨ ਦੇਣ ਵਿਚ ਮਨ ਮੈਲਾ ਹੋਵੇਗਾ।

ਜੇਕਰ ਕੋਈ ਦਸਵੰਧ ਵੀ ਕੱਢਦਾ ਹੈ ਤਾਂ ਅੰਦਰ ਇਹ ਭਾਵ ਵੀ ਨਹੀਂ ਰੱਖਣਾ ਚਾਹੀਦਾ ਕਿ ਮੈਂ ਦਸਵਾਂ ਹਿੱਸਾ ਗੁਰੂ ਨੂੰ ਦੇ ਰਿਹਾ ਹਾਂ। ਸਗੋਂ ਇਹ ਭਾਵ ਚਾਹੀਦੇ ਹਨ ਕਿ ਮੈਂ ਜੋ ਪ੍ਰਾਪਤ ਕੀਤਾ ਸੀ, ਉਸ ਵਿੱਚੋਂ ਅਜੇ 90 ਪ੍ਰਤੀਸ਼ਤ ਮੇਰੇ ਕੋਲ ਹੈ, ਅਜੇ ਮੈਂ ਦੇਣਦਾਰ ਹਾਂ। ਆਪਣੇ ਅੰਦਰ ਅਹੰਕਾਰ ਕਿਵੇਂ ਪੈਦਾ ਨਹੀਂ ਹੋਣ ਦੇਣਾ, ਇਸ ਸੰਬੰਧ ਵਿਚ ਇਕ ਇਤਿਹਾਸਕ ਪ੍ਰਸੰਗ ਹੈ—ਇਕ ਵਾਰੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਗੜ੍ਹਸ਼ੰਕਰ ਦੇ ਕਿਲ੍ਹੇ ਨੂੰ ਜਿੱਤਣ ਲਈ ਫ਼ੌਜ ਲੈ ਕੇ ਚੜ੍ਹਾਈ ਕੀਤੀ ਤਾਂ ਰਸਤੇ ਵਿਚ ਭਾਈ ਅੱਡਣ ਸ਼ਾਹੀ ਸੰਪ੍ਰਦਾਇ ਦੇ ਗੁਰਦੁਆਰੇ ਦੇ ਭਾਈ ਸਾਹਿਬ ਨੂੰ ਕਿਹਾ ਕਿ ਆਪ ਜੀ ਅਰਦਾਸ ਕਰੋ ਕਿ ਅਸੀਂ ਫ਼ਤਹਿ ਹਾਸਲ ਕਰ ਸਕੀਏ। ਪਰਮਾਤਮਾ ਨੇ ਜਿੱਤ ਬਖ਼ਸ਼ੀ। ਵਾਪਸ ਮੁੜਨ ਵੇਲੇ ਫਿਰ ਮਹਾਰਾਜਾ ਰਣਜੀਤ ਸਿੰਘ ਜੀ ਗੁਰਦੁਆਰੇ ਗਏ, ਮੱਥਾ ਟੇਕਿਆ ਤੇ ਕਹਿਣ ਲੱਗੇ ਕਿ ਭਾਈ ਸਾਹਿਬ ਜੀ, ਤੁਹਾਡੇ ਨਾਮ ਮੈਂ ਜਾਗੀਰ ਲਗਵਾ ਦਿਆਂ ? ਤਾਂ ਭਾਈ ਸਾਹਿਬ ਜੀ ਨੇ, ਨਿਰਭੈ ਤੇ ਨਿਰਲੋਭੀ ਜੀਵਨ ਵਾਲਿਆਂ ਵਾਂਗ ਕਿਹਾ ਕਿ 'ਐ ਰਣਜੀਤ ਸਿੰਘਾ ! ਜਾਂਦੀ ਵਾਰੀ ਤਾਂ ਮੰਗਤਾ ਸੈਂ, ਹੁਣ ਦਾਤਾ ਕਿਥੋਂ ਬਣ ਆਇਐਂ ?"

ਐਸੀ ਚੋਟ ਕਿਤੇ ਹਰ ਇਕ ਨੂੰ ਲੱਗ ਜਾਏ ਤਾਂ ਅੰਦਰੋਂ ਕਦੀ ਵੀ ਦਾਤਾ-ਪਨ ਦੀ ਭਾਵਨਾ ਪੈਦਾ ਨਹੀਂ ਹੋਵੇਗੀ।

ਅਸੀਂ ਦਾਤਾ ਨਹੀਂ ਬਣਨਾ ਪਰ ਨਕਲੀ ਮੰਗਤੇ ਵੀ ਨਹੀਂ ਬਣਨਾ, ਮੰਗਣਾ

Sri Satguru Jagjit Singh Ji eLibrary NamdhariElibrary@gmail.com

ਤਾਂ ਹੈ ਪਰ ਕੀ ਮੰਗਣਾ ਹੈ ?, ਇਹ ਮੰਗਣ ਦੀ ਸੋਝੀ ਗੁਰਬਾਣੀ ਵਿੱਚੋਂ ਮਿਲਦੀ ਹੈ :

**ਮਾਗਨਿ ਮਾਗ ਤ ਏਕਹਿ ਮਾਗ ॥**
**ਨਾਨਕ ਜਾ ਤੇ ਪਰਹਿ ਪਰਾਗ ॥**

*(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ 258)*

ਮੰਗਣਾ ਹੀ ਹੈ ਤਾਂ ਵਾਹਿਗੁਰੂ ਦੀ ਪ੍ਰਾਪਤੀ ਦੀ ਮੰਗ ਕਰ। ਹੋਰ ਚੀਜ਼ਾਂ ਦੀ ਕੀ ਮੰਗ ਕਰਨੀ ਹੈ ਜਿਸ ਨਾਲ ਤ੍ਰਿਪਤੀ ਨਹੀਂ ਮਿਲਦੀ, ਜਿਸ ਨਾਲ ਸੁਖ ਨਹੀਂ ਮਿਲਦਾ।

**ਜਉ ਮਾਗਹਿ ਤਉ ਮਾਗਹਿ ਬੀਆ ॥**
**ਜਾ ਤੇ ਕੁਸਲ ਨ ਕਾਹੂ ਥੀਆ ॥** *(ਗਉੜੀ ਮ: ੫, ਪੰਨਾ 258)*

ਜਦੋਂ ਬੰਦੇ ਦੀ ਮਾਂਗਤ-ਬਿਰਤੀ ਬਣ ਜਾਂਦੀ ਹੈ ਤਾਂ ਹਰ ਵੇਲੇ ਮੰਗਣ ਦੀ ਤਰਫ਼ ਹੀ ਧਿਆਨ ਲੱਗਾ ਰਹਿੰਦਾ ਹੈ। ਭਾਵੇਂ ਤ੍ਰਿਪਤੀ ਨਹੀਂ ਮਿਲਦੀ, ਪਰ ਮੰਗ ਜਾਰੀ ਹੈ। ਜਿਵੇਂ ਕੋਈ ਘਰ ਘਰ ਜਾ ਕੇ ਰੋਟੀ ਮੰਗ ਰਿਹਾ ਹੈ, ਪਰ :

**ਮਾਗਹਿ ਟੂਕਾ ਤ੍ਰਿਪਤਿ ਨ ਪਾਵੈ ॥**
**ਨਾਥੁ ਛੋਡਿ ਜਾਚਹਿ ਲਾਜ ਨ ਆਵੈ ॥** *(ਰਾਮਕਲੀ ਮ: ੫, ਪੰਨਾ 886)*

ਫਿਰ ਐਸੇ ਮੰਗਣ ਦਾ ਕੀ ਫ਼ਾਇਦਾ, ਜਿਸ ਨਾਲ ਭੁੱਖੇ ਹੀ ਰਹਿਣਾ ਹੈ ਜਾਂ ਪ੍ਰਾਪਤ ਕੀਤੀ ਹੋਈ ਚੀਜ਼ ਨੇ ਰਹਿਣਾ ਨਹੀਂ, ਉਸ ਨੂੰ ਮੰਗਣਾ ਹੀ ਕਿਉਂ ਹੈ ?

**ਕਿਆ ਮਾਂਗਉ ਕਿਛੁ ਥਿਰੁ ਨਾਹੀ ॥**
**ਰਾਮ ਨਾਮ ਰਖੁ ਮਨ ਮਾਹੀ ॥** *(ਧਨਾਸਰੀ ਕਬੀਰ ਜੀ, ਪੰਨਾ 692)*

ਮੰਗਣਾ ਹੈ ਤਾਂ ਸਿਰਫ਼ ਪ੍ਰਭੂ ਦਾ ਨਾਮ :

**ਮੰਗਣਾ ਤ ਸਚੁ ਇਕੁ ਜਿਸੁ ਤੁਸਿ ਦੇਵੈ ਆਪਿ ॥**
**ਜਿਤੁ ਖਾਧੈ ਮਨੁ ਤ੍ਰਿਪਤੀਐ ਨਾਨਕ ਸਾਹਿਬ ਦਾਤਿ ॥**

*(ਗਉੜੀ ਵਾਰ ਮ: ੫, ਪੰਨਾ 321)*

ਪ੍ਰਭੂ ਦਾ ਨਾਮ ਪ੍ਰਾਪਤ ਕਰਨ ਲਈ ਪ੍ਰਭੂ ਦੇ ਦਰ 'ਤੇ ਹੀ ਜਾਣਾ ਪੈਂਦਾ ਹੈ। ਇਹ ਦਾਤ ਕਿਸੇ ਹੋਰ ਪਾਸੋਂ ਪ੍ਰਾਪਤ ਨਹੀਂ ਕੀਤੀ ਜਾ ਸਕਦੀ।

**ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ ਹੀ ਤੇ ਮੇਰੋ ਨਿਸਤਾਰੁ ॥**

*(ਬਿਲਾਵਲੁ ਕਬੀਰ ਜੀ, ਪੰਨਾ 856)*

ਸਾਰਾ ਸੰਸਾਰ ਤਾਂ ਮੰਗਤਾ ਹੈ, ਮੈਨੂੰ ਨਾਮ ਦੀ ਦਾਤ ਦੇ ਕੇ ਮੇਰਾ ਪਾਰ-ਉਤਾਰਾ ਤੂੰ ਨਿਰੰਕਾਰ ਹੀ ਕਰ ਸਕਦਾ ਹੈਂ।

ਜਿਵੇਂ ਇਕ ਗਾਥਾ ਹੈ—ਇਕ ਫ਼ਕੀਰ ਪਰਮਾਤਮਾ ਦੀ ਬੰਦਗੀ ਵਿਚ ਮਸਤ ਬੈਠਾ ਸੀ। ਭੁੱਖ ਲੱਗਣ 'ਤੇ ਮਿੱਟੀ ਵਿਚ ਡਿੱਗੇ ਦਾਣੇ ਚੁਣ ਚੁਣ ਕੇ ਖਾਣ ਲੱਗ ਪਿਆ। ਅਚਾਨਕ ਹੀ ਇਸੇ ਰਸਤੇ ਤੋਂ ਇਕ ਰਾਜਾ ਲੰਘ ਰਿਹਾ ਸੀ। ਹਾਥੀ 'ਤੇ ਸਵਾਰ ਅਤੇ ਨਾਲ ਕੁਝ ਘੋੜ ਸਵਾਰ ਜਾ ਰਹੇ ਸਨ। ਫ਼ਕੀਰ ਦੀ ਤਰਫ਼ ਦੇਖ ਕੇ ਰਾਜੇ ਨੇ ਹਾਥੀ

Sri Satguru Jagjit Singh Ji eLibrary NamdhariElibrary@gmail.com

ਰੋਕਿਆ ਤੇ ਵਜ਼ੀਰ ਨੂੰ ਕਹਿਣ ਲੱਗਾ ਕਿ ਮੈਨੂੰ ਇਸ ਫ਼ਕੀਰ 'ਤੇ ਬੜਾ ਤਰਸ ਆ ਰਿਹਾ ਹੈ, ਵਿਚਾਰਾ ਕਿਵੇਂ ਭੁੱਖਾ ਬੈਠਾ ਹੈ! ਜਾਹ ਇਸ ਨੂੰ ਆਖ ਕਿ ਮੇਰੇ ਕੋਲੋਂ ਕੁਝ ਮੰਗ ਲਵੇ। ਵਜ਼ੀਰ, ਫ਼ਕੀਰ ਦੇ ਪਾਸ ਆਇਆ ਤੇ ਕਹਿਣ ਲੱਗਾ ਕਿ ਰਾਜਾ ਸਾਹਿਬ ਕਹਿੰਦੇ ਨੇ ਕਿ ਮੇਰੇ ਪਾਸੋਂ ਜੋ ਵੀ ਤੈਨੂੰ ਚਾਹੀਦਾ ਹੋਵੇ, ਮੰਗ ਲੈ। ਫ਼ਕੀਰ ਨੇ ਵਜ਼ੀਰ ਵੱਲ ਤੱਕਿਆ ਤੇ ਕਹਿਣ ਲੱਗਾ ਕਿ ਇਹ ਭੁੱਖਾ ਮੈਨੂੰ ਕੀ ਦੇਵੇਗਾ! ਵਜ਼ੀਰ ਵਾਪਸ ਆ ਕੇ ਰਾਜੇ ਨੂੰ ਕਹਿਣ ਲੱਗਾ ਕਿ ਰਾਜਾ ਸਾਹਿਬ, ਆਓ ਚੱਲੀਏ। ਪਰ ਰਾਜਾ ਕਹਿਣ ਲੱਗਾ ਕਿ ਮੈਂ ਤੈਨੂੰ ਫ਼ਕੀਰ ਪਾਸ ਭੇਜਿਆ ਸੀ ਕਿ ਇਸ ਨੂੰ ਕੁਝ ਦੇ ਦੇਈਏ, ਤਾਂ ਵਜ਼ੀਰ ਨੇ ਅੱਗੋਂ ਕਿਹਾ ਕਿ ਰਾਜਾ ਸਾਹਿਬ, ਉਹ ਫ਼ਕੀਰ ਬੜਾ ਬੇਪਰਵਾਹ ਹੈ। ਉਹ ਕਹਿੰਦਾ ਹੈ ਕਿ ਇਸ ਭੁੱਖੇ ਨੇ ਮੈਨੂੰ ਕੀ ਦੇਣਾ ਹੈ! ਇਹ ਗੱਲ ਸੁਣ ਕੇ ਰਾਜੇ ਨੂੰ ਬੜਾ ਗ਼ੁੱਸਾ ਚੜ੍ਹਿਆ। ਉਹ ਫ਼ਕੀਰ ਦੇ ਕੋਲ ਆ ਕੇ ਕਹਿਣ ਲੱਗਾ ਕਿ ਭੁੱਖਾ ਤੂੰ ਹੈਂ, ਜਿਸ ਪਾਸ ਖਾਣ ਲਈ ਰੋਟੀ ਵੀ ਨਹੀਂ ਹੈ। ਤੂੰ ਮੈਨੂੰ ਭੁੱਖਾ ਕਿਵੇਂ ਕਿਹੈ ? ਮੇਰਾ ਜੀਅ ਕਰਦਾ ਹੈ ਕਿ ਤੇਰੇ ਵਰਗੇ ਬੰਦੇ ਨੂੰ ਫਾਂਸੀ ਦੇ ਦਿਆਂ, ਪਰ ਤੇਰਾ ਇਹ ਫ਼ਕੀਰੀ ਲਿਬਾਸ ਦੇਖ ਕੇ ਤੈਨੂੰ ਮਾਫ਼ ਕਰਦਾ ਹਾਂ। ਵਜ਼ੀਰ ਨੇ ਕਿਹਾ ਕਿ ਛੱਡੋ ਰਾਜਾ ਸਾਹਿਬ, ਅਸਾਂ ਕੀ ਲੈਣਾ ਹੈ ਇਸ ਫ਼ਕੀਰ ਪਾਸੋਂ, ਆਓ ਚੱਲੀਏ। ਇਹ ਗੱਲ ਕਰ ਕੇ ਅਜੇ ਥੋੜੀ ਦੂਰ ਹੀ ਗਏ ਸਨ ਕਿ ਫ਼ਕੀਰ ਨੇ ਪਿੱਛੋਂ ਆਵਾਜ਼ ਮਾਰੀ ਕਿ ਵਜ਼ੀਰ ਜੀ, ਮੇਰੀ ਇਕ ਗੱਲ ਸੁਣ ਜਾਓ। ਰਾਜਾ ਤੇ ਵਜ਼ੀਰ ਸੋਚਣ ਲੱਗੇ ਕਿ ਸ਼ਾਇਦ ਫ਼ਕੀਰ ਕੁਝ ਮੰਗਣ ਲਈ ਤਿਆਰ ਹੋ ਗਿਆ ਹੈ। ਵਜ਼ੀਰ ਆਇਆ ਤੇ ਪੁੱਛਦਾ ਹੈ ਕਿ ਦੱਸੋ ਫ਼ਕੀਰ ਜੀ। ਤਾਂ ਫ਼ਕੀਰ ਨੇ ਕਿਹਾ ਕਿ ਮੇਰੇ ਪਾਸ ਇਕ ਐਸਾ ਮੰਤਰ ਹੈ ਕਿ ਜਿਹੜਾ ਉਹ ਮੰਤਰ ਪੜ੍ਹੇ, ਉਸ ਦੇ ਵਿਰੋਧੀ ਦੁਸ਼ਮਣ ਸਾਰੇ ਹੀ ਬਲਹੀਣ ਹੋ ਜਾਂਦੇ ਹਨ, ਜੇਕਰ ਤੇਰੇ ਬਾਦਸ਼ਾਹ ਨੂੰ ਲੋੜ ਹੋਵੇ ਤਾਂ ਮੈਂ ਦੱਸ ਸਕਦਾ ਹਾਂ। ਜਦ ਇਹ ਗੱਲ ਵਜ਼ੀਰ ਨੇ ਰਾਜੇ ਨੂੰ ਆ ਕੇ ਦੱਸੀ ਤਾਂ ਰਾਜਾ ਹਾਥੀ ਤੋਂ ਉਤਰ ਕੇ ਨੰਗੇ ਪੈਰੀਂ ਫ਼ਕੀਰ ਦੇ ਚਰਨੀਂ ਆ ਪਿਆ ਤੇ ਕਹਿਣ ਲੱਗਾ ਕਿ ਇਹ ਮੰਤਰ ਮੈਨੂੰ ਜ਼ਰੂਰ ਦੇ ਦਿਓ ਤਾਕਿ ਮੈਂ ਇਸ ਮੰਤਰ ਦਾ ਜਾਪ ਕਰ ਕੇ ਗਵਾਂਢੀ ਰਾਜੇ ਨੂੰ ਬਲਹੀਣ ਕਰ ਕੇ ਉਸ ਦਾ ਰਾਜ ਪ੍ਰਾਪਤ ਕਰ ਲਵਾਂ।

ਫ਼ਕੀਰ ਕਹਿਣ ਲੱਗਾ ਕਿ ਹੁਣ ਦੱਸ, ਮੰਗਤਾ ਤੂੰ ਹੈਂ ਕਿ ਮੈਂ ? ਜਿਸ ਪਾਸ ਇਤਨਾ ਰਾਜ-ਸਮਾਜ ਹੈ, ਤੂੰ ਅਜੇ ਵੀ ਭੁੱਖਾ ਹੈਂ। ਮੇਰੇ ਪਾਸ ਬਾਹਰੋਂ ਕੁਝ ਵੀ ਨਜ਼ਰ ਨਹੀਂ ਆਉਂਦਾ, ਪਰ ਅੰਦਰ ਤ੍ਰਿਪਤੀ ਹੈ। ਮੰਤਰ ਹੈ ਪਰਮਾਤਮਾ ਦਾ ਨਾਮ ਤੇ ਨਾਮ ਸਦਕਾ ਹੈ ਤ੍ਰਿਪਤੀ—ਸਬਰ-ਸੰਤੋਖ ਰਾਹੀਂ। ਰਾਜੇ ਨੂੰ ਸੱਚਮੁੱਚ ਹੀ ਅਹਿਸਾਸ ਹੋ ਗਿਆ ਕਿ ਮੈਂ ਅੱਜ ਤਕ ਭੁੱਖਾ ਹੀ ਰਿਹਾ ਹਾਂ। ਨਾਮ ਰਾਜਾ ਹੈ, ਪਰ ਰੱਜਿਆ ਨਹੀਂ ਹਾਂ।

ਗੁਰੂ ਸਾਹਿਬ ਦਾ ਫ਼ੁਰਮਾਨ ਹੈ:

**ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥**
**ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ॥** *(ਭੈਰਉ ਮ: ੫, ਪੰਨਾ 1155)*

ਨਾਮ ਜਪਣ ਵਾਲਾ ਤ੍ਰਿਪਤ ਹੋ ਜਾਂਦਾ ਹੈ, ਦੁਨੀਆ ਦੇ ਪਦਾਰਥਾਂ ਵੱਲੋਂ ਤ੍ਰਿਪਤ ਹੋ ਜਾਂਦਾ ਹੈ ਪਰ ਨਾਮ ਜਪਣ ਦੀ ਭੁੱਖ ਸਦਾ ਹੀ ਬਣੀ ਰਹਿੰਦੀ ਹੈ।

Sri Satguru Jagjit Singh Ji eLibrary NamdhariElibrary@gmail.com

**ਸਾਚੇ ਨਾਮ ਕੀ ਲਾਗੈ ਭੂਖ॥**
**ਉਤੁ ਭੂਖੈ ਖਾਇ ਚਲੀਅਹਿ ਦੂਖ॥** *(ਆਸਾ ਮਹਲਾ ੧, ਪੰਨਾ 9)*

ਐਸੀ ਭੁੱਖ ਲੱਗੇ ਕਿ ਮੈਨੂੰ ਪਰਮਾਤਮਾ ਦਾ ਨਾਮ ਚਾਹੀਦਾ ਹੈ, ਤਾਂ ਨਾਮ ਜਪਦਿਆਂ ਜਪਦਿਆਂ ਸਾਰੇ ਦੁੱਖ ਦੂਰ ਹੋ ਸਕਦੇ ਹਨ। ਅਸੀਂ ਮੰਗਣ ਵੇਲੇ ਸਹੀ ਮੰਗਤੇ ਬਣ ਕੇ ਮੰਗੀਏ:

**ਅਭੈ ਨਿਰੰਜਨ ਪਰਮ ਪਦੁ ਤਾ ਕਾ ਭੀਖਕੁ ਹੋਇ॥**
**ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ॥**
*(ਸਲੋਕ ਵਾਰਾਂ ਤੇ ਵਧੀਕ ਮ: ੩, ਪੰਨਾ 1413)*

ਹੇ ਵਾਹਿਗੁਰੂ! ਮੈਨੂੰ ਐਸੀ ਭਿਖਿਆ ਦੇਵੋ ਕਿ ਬਸ, ਮੇਰੀ 'ਮੈਂ-ਮੈਂ' ਵਿਚ ਜੀਣ ਦੀ ਚਾਹਨਾ ਮੁੱਕ ਜਾਵੇ, ਮੈਨੂੰ ਇਹੋ ਜਿਹੀ ਭਿਖਿਆ ਦੇਵੋ:

**ਸਤਿਗੁਰ ਭੀਖਿਆ ਦੇਹਿ ਮੈ ਤੂੰ ਸੰਮ੍ਰਥੁ ਦਾਤਾਰੁ॥**
**ਹਉਮੈ ਗਰਬੁ ਨਿਵਾਰੀਐ ਕਾਮੁ ਕ੍ਰੋਧੁ ਅਹੰਕਾਰੁ॥**
*(ਸੂਹੀ ਵਾਰ ਮ: ੩, ਪੰਨਾ 790)*

ਇਹ ਮੰਗ ਹਰ ਵੇਲੇ ਹੀ ਰਹਿਣੀ ਚਾਹੀਦੀ ਹੈ, ਮੰਗ ਹਿਰਦੇ ਦੀ ਗਹਿਰਾਈ ਵਿੱਚੋਂ ਨਿਕਲੇ, ਜਿਸ ਦਿਨ ਹਿਰਦੇ ਦੀ ਗਹਿਰਾਈ ਵਿੱਚੋਂ ਆਵਾਜ਼ ਨਿਕਲੇਗੀ, ਨਿਰੰਕਾਰ ਸੁਣ ਕੇ ਬਖ਼ਸ਼ਿਸ਼ ਕਰੇਗਾ। ਜਿਵੇਂ ਕਿ ਗੁਰਬਾਣੀ ਦਾ ਕਥਨ ਹੈ:

**ਜੇ ਦਰਿ ਮਾਂਗਤੁ ਕੂਕ ਕਰੇ ਮਹਲੀ ਖਸਮੁ ਸੁਣੇ॥**
**ਭਾਵੈ ਧੀਰਕ ਭਾਵੈ ਧਕੇ ਏਕ ਵਡਾਈ ਦੇਇ॥** *(ਆਸਾ ਮਹਲਾ ੧, ਪੰਨਾ 349)*

ਇਕ ਗਾਥਾ ਹੈ—ਇਕ ਮੰਗਤਾ ਫਟੇ ਪੁਰਾਣੇ ਕੱਪੜੇ ਪਾਈ, ਹੱਥ ਵਿਚ ਲਾਠੀ ਤੇ ਮੰਗਣ ਵਾਲਾ ਬਰਤਨ ਫੜ ਕੇ ਤੁਰਿਆ ਜਾ ਰਿਹਾ ਸੀ। ਮਨ ਵਿਚ ਵਿਚਾਰ ਆਈ ਕਿ ਅੱਜ ਤਕ ਜਿਸ ਦੇ ਦਰ 'ਤੇ ਵੀ ਗਿਆ ਹਾਂ, ਕਿਸੇ ਨੇ ਵੀ ਮੇਰੀ ਕੰਗਾਲਤਾ ਦੂਰ ਨਹੀਂ ਕੀਤੀ। ਹੋਵੇ ਨਾ ਤਾਂ ਅੱਜ ਰਾਜੇ ਦੇ ਦਰ 'ਤੇ ਹੀ ਜਾ ਕੇ ਕੁਝ ਮੰਗਾਂ। ਪਰ ਅੱਜ ਮੰਗਣ ਦਾ ਢੰਗ ਵੀ ਬਦਲਾਂਗਾ। ਇਹ ਵਿਚਾਰ ਕੇ ਰਾਜੇ ਦੇ ਦਰ 'ਤੇ ਉਸ ਸਮੇਂ ਜਾ ਖਲੋਤਾ, ਜਿਸ ਸਮੇਂ ਰਾਜੇ ਨੇ ਬਾਹਰ ਜਾਣਾ ਸੀ। ਰਾਜਾ ਜਦ ਬਾਹਰ ਨਿਕਲਿਆ ਤਾਂ ਮੰਗਤਾ ਦਰਵਾਜ਼ੇ ਦੇ ਵਿਚਕਾਰ ਖਲੋ ਗਿਆ। ਰਾਜੇ ਨੇ ਪੁੱਛਿਆ ਕਿ ਕਿਵੇਂ ਖਲੋਤਾ ਹੈਂ? ਦੋ ਵਾਰੀ ਪੁੱਛਣ 'ਤੇ ਵੀ ਜਦ ਮੰਗਤਾ ਨਾ ਬੋਲਿਆ ਤਾਂ ਤੀਜੀ ਵਾਰੀ ਰਾਜੇ ਨੇ ਜ਼ਰਾ ਕੁ ਗਰਮ ਹੋ ਕੇ ਪੁੱਛਿਆ ਕਿ ਇਥੇ ਕਿਵੇਂ ਖਲੋਤਾ ਹੈਂ?

ਭਿਖਾਰੀ ਬੋਲਿਆ ਕਿ ਮੇਰੇ ਫਟੇ ਕੱਪੜੇ, ਹੱਥ ਵਿਚ ਮੰਗਣ ਵਾਲਾ ਠੂਠਾ ਤੇ ਸਰੀਰ ਦੀ ਸਾਰੀ ਬਣਤਰ ਦੇਖ ਕੇ ਵੀ ਰਾਜਾ ਸਾਹਿਬ ਤੁਹਾਨੂੰ ਪਤਾ ਨਹੀਂ ਲੱਗਾ ਕਿ ਕਿਵੇਂ ਖਲੋਤਾ ਹੋਇਆ ਹਾਂ। ਸਭ ਨੂੰ ਪਤਾ ਲੱਗ ਰਿਹਾ ਹੈ ਕਿ ਮੈਂ ਮੰਗਤਾ ਹਾਂ ਤੇ ਮੰਗਤੇ ਦੇ ਖਲੋਣ ਦਾ ਕਾਰਣ ਕੀ ਹੁੰਦਾ ਹੈ, ਇਹ ਤੁਹਾਨੂੰ ਪਤਾ ਲੱਗ ਹੀ ਰਿਹਾ ਹੈ। ਮੇਰੇ ਦੱਸਣ ਦੀ ਕੀ ਲੋੜ ਹੈ ਕਿ ਮੈਂ ਕਿਉਂ ਖਲੋਤਾ ਹਾਂ। ਅੱਜ ਪਹਿਲੀ ਵਾਰੀ ਰਾਜੇ ਦੇ ਪਾਸ ਐਸਾ ਮੰਗਤਾ ਆਇਆ ਸੀ ਕਿ ਜਿਹੜਾ ਬਿਨਾ ਬੋਲੇ ਹੀ ਮੰਗ ਰਿਹਾ

ਸੀ। ਰਾਜੇ ਨੇ ਉਸ ਮੰਗਤੇ ਨੂੰ ਜੋ ਕੁਝ ਦਿੱਤਾ, ਉਹ ਇਤਨਾ ਸੀ ਕਿ ਉਸ ਮੰਗਤੇ ਨੂੰ ਦੁਬਾਰਾ ਮੰਗਣ ਦੀ ਲੋੜ ਨਹੀਂ ਪਈ।

ਇਸ ਘਟਨਾ ਤੋਂ ਇਹ ਪ੍ਰੇਰਨਾ ਲੈ ਲਈਏ ਕਿ ਪ੍ਰਭੂ ਦੇ ਦਰ 'ਤੇ ਸਿਰਫ਼ ਖਲੋ ਹੀ ਜਾਣਾ ਹੈ, ਸਭ ਵਿਚਾਰਾਂ ਛੱਡ ਕੇ, ਦੁਨੀਆ ਦੀਆਂ ਸਭ ਮੰਗਾਂ ਛੱਡ ਕੇ ਤੇ ਫਿਰ ਜੋ ਕੁਝ ਪਰਮਾਤਮਾ ਪਾਸੋਂ ਮਿਲੇਗਾ, ਉਹ ਅਨੇਕ ਜਨਮਾਂ ਦੀ ਭੁੱਖ ਮਿਟਾ ਦੇਣ ਵਾਲਾ ਖ਼ਜ਼ਾਨਾ ਹੋਵੇਗਾ।

ਬਸ ਉਸ ਦੇ ਸੇਵਕ ਬਣ ਜਾਈਏ, ਕਾਮਨਾਵਾਂ ਛੱਡ ਦਈਏ, ਤਾਕਿ ਵਾਹਿਗੁਰੂ ਨਾਲ ਹੀ ਇਕਮਿਕਤਾ ਹੋ ਜਾਵੇ :

**ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥**

*(ਗਉੜੀ ਸੁਖਮਨੀ ਮ: ੫, ਪੰਨਾ 286)*

ਦੁਨਿਆਵੀ ਕਾਮਨਾਵਾਂ ਦਾ ਤਿਆਗ ਕਰ ਕੇ ਅਤੇ ਪ੍ਰਭੂ ਪ੍ਰਾਪਤੀ ਦੀ ਇੱਛਾ ਰੱਖ ਕੇ ਕੀਤੀ ਸੇਵਾ ਹੀ ਸਫਲ ਹੈ, ਸਿਮਰਨ ਕੀਤਾ ਸਫਲ ਹੈ। ਇਹੀ ਅਸਲੀ ਮੰਗਤਾ ਬਣਨਾ ਹੈ।

**ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥**
**ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ॥**

*(ਧਨਾਸਰੀ ਮ: ੩, ਪੰਨਾ 666)*

ਵਾਹਿਗੁਰੂ-ਨਾਮ-ਪ੍ਰਾਪਤੀ ਦੀ ਮੰਗ ਕਰਨ ਵਾਲਾ ਹੀ ਠੀਕ ਮੰਗਣ ਦੀ ਜਾਚ ਜਾਣਦਾ ਹੈ ਤੇ ਸਤਿਕਾਰ ਹਾਸਲ ਕਰਦਾ ਹੈ। ਪਰਮਾਤਮਾ ਦੇ ਦਰ ਦਾ ਅਸਲੀ ਮੰਗਤਾ ਬਣੀਏ, ਇਹੀ ਅਸਲੀ ਮੰਗਤੇ ਦਾ ਜੀਵਨ ਹੈ। ਨਕਲੀ ਮੰਗਤਾ ਬਣ ਕੇ ਨਿਰਾਦਰ ਹਾਸਲ ਕਦੇ ਨਹੀਂ ਕਰਨਾ।

•

# ਸੱਚਾ ਦੀਵਾਨਾ ਤੇ ਝੂਠਾ ਦੀਵਾਨਾ

ਜਦੋਂ ਕਿਤੇ 'ਦੀਵਾਨਾ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਆਮ ਤੌਰ 'ਤੇ 'ਦੀਵਾਨਾ' ਸ਼ਬਦ ਪਾਗਲ ਹੋ ਜਾਣ ਵਾਲੇ ਲਈ ਵਰਤਿਆ ਜਾਂਦਾ ਹੈ। ਜੋ ਦਿਮਾਗ਼ੀ ਸੰਤੁਲਨ ਗਵਾ ਬੈਠੇ, ਜੋ ਹੋਸ਼ ਗਵਾ ਬੈਠੇ, ਜੋ ਠੀਕ ਕੰਮ ਨਾ ਕਰ ਸਕੇ, ਉਸ ਨੂੰ ਕਿਹਾ ਜਾਂਦਾ ਹੈ ਕਿ ਇਹ ਦੀਵਾਨਾ ਹੋ ਗਿਆ ਹੈ। ਇਸ ਨੂੰ 'ਬਉਰਾ' ਸ਼ਬਦ ਨਾਲ ਵੀ ਜਾਣਿਆ ਜਾਂਦਾ ਹੈ। ਪਰ 'ਦੀਵਾਨਾ' ਸ਼ਬਦ ਵੱਖਰੇ ਵੱਖਰੇ ਭਾਵ ਰੱਖਦਾ ਹੈ। ਦੀਵਾਨਾ ਦੇ ਅਰਥ ਪਾਗਲ ਵੀ ਹਨ, ਦੀਵਾਨਾ ਦੇ ਅਰਥ ਕਿਸੇ ਇਕ ਦੇ ਇਸ਼ਕ ਵਿਚ ਮਸਤ ਹੋ ਜਾਣ ਨਾਲ ਵੀ ਹਨ ਅਤੇ ਦੀਵਾਨਾ ਦੇ ਅਰਥ ਪਰਮਾਤਮਾ ਦੇ ਪ੍ਰੇਮ ਵਿਚ ਭਿੱਜੇ ਹੋਏ ਦੇ ਜੀਵਨ ਨਾਲ ਵੀ ਸੰਬੰਧਿਤ ਹਨ।

ਜਦੋਂ ਕੋਈ ਦੁਨਿਆਵੀ ਤੌਰ 'ਤੇ ਪਾਗਲ ਹੋ ਜਾਵੇ ਤਾਂ ਉਸ ਬੰਦੇ ਪਾਸੋਂ ਦੁਨੀਆ ਦਾ ਕੋਈ ਵੀ ਕੰਮ ਨਹੀਂ ਸੰਵਾਰਿਆ ਜਾਂਦਾ। ਐਸੇ ਪਾਗਲ ਆਪਣੇ ਕੱਪੜੇ ਪਾੜ ਸਕਦੇ ਹਨ, ਆਪਣੇ ਸਰੀਰ 'ਤੇ ਚੋਟਾਂ ਵੀ ਮਾਰ ਸਕਦੇ ਹਨ। ਕਈ ਵਾਰੀ ਤਾਂ ਪਾਗਲ ਆਪਣਾ ਸਿਰ ਵੀ ਪਾੜ ਸਕਦੇ ਹਨ।

ਕੁਝ ਐਸੇ ਦੀਵਾਨੇ ਵੀ ਹੁੰਦੇ ਹਨ ਕਿ ਜਿਹੜੇ ਸ਼ਰਾਬ ਆਦਿਕ ਦੇ ਨਸ਼ੇ ਦੇ ਸੇਵਨ ਨਾਲ ਕੁਝ ਚਿਰ ਲਈ ਤਾਂ ਪਾਗਲਾਂ ਦੀ ਹਾਲਤ ਵਿਚ ਨਜ਼ਰ ਆਉਂਦੇ ਹਨ, ਪਰ ਨਸ਼ਾ ਉਤਰ ਜਾਏ ਤਾਂ ਫਿਰ ਠੀਕ ਹੋ ਜਾਂਦੇ ਹਨ। ਪਰ ਜਿਹੜੇ ਦਿਮਾਗ਼ੀ ਤੌਰ 'ਤੇ ਪਾਗਲ ਹੋ ਜਾਂਦੇ ਹਨ, ਐਸੇ ਬੰਦਿਆਂ ਨੂੰ ਕਾਫ਼ੀ ਲੰਬੇ ਸਮੇਂ ਲਈ ਪਾਗਲਖ਼ਾਨੇ ਵਿਚ ਇਲਾਜ ਲਈ ਰੱਖਿਆ ਜਾਂਦਾ ਹੈ। ਕਈ ਵਾਰੀ ਉਹ ਕਈ ਕਈ ਸਾਲਾਂ ਬਾਅਦ ਜਾ ਕੇ ਠੀਕ ਹੁੰਦੇ ਹਨ।

ਇਕ ਦੀਵਾਨੇ ਉਹ ਹੁੰਦੇ ਹਨ, ਜਿਹੜੇ ਕਿਸੇ ਇਕ ਦੇ ਪਿਆਰ ਵਿਚ ਪੈ ਕੇ ਦੀਵਾਨੇ ਹੋ ਜਾਂਦੇ ਹਨ। ਸਰੀਰਕ ਤੌਰ 'ਤੇ ਕੋਈ ਮਨੁੱਖ ਇਸਤਰੀ ਦਾ ਦੀਵਾਨਾ ਹੋ ਸਕਦਾ ਹੈ, ਜਾਂ ਕੋਈ ਇਸਤਰੀ ਕਿਸੇ ਬੰਦੇ ਦੇ ਪਿਆਰ ਵਿਚ ਦੀਵਾਨੀ ਹੋ ਸਕਦੀ ਹੈ। ਇਸ ਦੇ ਨਾਲ ਹੀ ਇਕ ਉਹ ਦੀਵਾਨੇ ਹਨ ਜਿਹੜੇ ਕਿ ਦੁਨੀਆ ਦੇ ਧੰਧਿਆਂ ਵਿਚ ਤਾਂ ਬੜੇ ਚਤੁਰ ਹਨ, ਨਿਰੰਕਾਰ ਵੱਲੋਂ ਬਿਲਕੁਲ ਬੇਸਮਝ ਹਨ, ਉਹਨਾਂ ਨੂੰ ਵੀ ਗੁਰਬਾਣੀ ਵਿਚ ਦੀਵਾਨਾ ਕਿਹਾ ਗਿਆ ਹੈ:

**ਚਉਰਾਸੀ ਲਖ ਫਿਰੈ ਦਿਵਾਨਾਂ॥** *(ਭੈਰਉ ਕਬੀਰ ਜੀ, ਪੰਨਾ 1161)*

ਇਕ ਉਹ ਦੀਵਾਨੇ ਹਨ ਜਿਹੜੇ ਕਿ ਰੱਬ ਦੇ ਇਸ਼ਕ ਵਿਚ ਦੀਵਾਨੇ ਹੋ ਜਾਂਦੇ ਹਨ। ਜਿਵੇਂ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਕਥਨ ਕਰਦੇ ਹਨ:

**ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥**
**ਹਉ ਹਰਿ ਬਿਨੁ ਅਵਰੁ ਨ ਜਾਨਾ॥** *(ਮਾਰੂ ਮ: ੧, ਪੰਨਾ 991)*

ਜਦੋਂ ਕਿਤੇ ਕੋਈ ਦਿਮਾਗ਼ੀ ਤੌਰ 'ਤੇ ਪਾਗਲ ਹੁੰਦਾ ਹੈ, ਦੁਨੀਆ ਵਿਚ ਉਸ ਦੀ ਕੀ ਹਾਲਤ ਹੁੰਦੀ ਹੈ, ਇਸ ਬਾਬਤ ਇਕ ਕਥਾ ਹੈ—ਇਕ ਬੰਦਾ ਪਾਗਲ ਹੋ ਗਿਆ ਤੇ ਆਪਣਾ ਦਿਮਾਗ਼ੀ ਸੰਤੁਲਨ ਗਵਾ ਬੈਠਾ। ਇਹ ਪਾਗਲ ਤੁਰਿਆ ਜਾ ਰਿਹਾ ਸੀ ਕਿ ਸਾਹਮਣੇ ਇਕ ਬੰਦੇ ਨੂੰ ਦੇਖ ਕੇ ਇਸ ਨੇ ਇੱਟ ਉਸ ਦੇ ਸਿਰ ਵਿਚ ਦੇ ਮਾਰੀ, ਉਸਦਾ ਸਿਰ ਪਾਟ ਗਿਆ। ਲੋਕਾਂ ਨੇ ਪਾਗਲ ਬੰਦੇ ਨੂੰ ਪਕੜ ਲਿਆ ਤੇ ਪੁਲੀਸ ਦੇ ਹਵਾਲੇ ਕਰ ਦਿੱਤਾ। ਪਾਗਲ ਨੂੰ ਜੱਜ ਸਾਹਮਣੇ ਪੇਸ਼ ਕੀਤਾ ਗਿਆ ਤਾਂ ਜੱਜ ਨੇ ਇਸ ਨੂੰ ਪਾਗਲ ਦੇਖ ਕੇ ਛੇ ਮਹੀਨੇ ਲਈ ਪਾਗਲਖ਼ਾਨੇ ਦੀ ਸਜ਼ਾ ਦੇ ਦਿੱਤੀ। ਨਾਲ ਹੀ ਛੇ ਮਹੀਨੇ ਪਾਗਲਖ਼ਾਨੇ ਵਿਚ ਰੱਖ ਕੇ ਇਲਾਜ ਵੀ ਕਰਨ ਲਈ ਹੁਕਮ ਜਾਰੀ ਕਰ ਦਿੱਤੇ। ਪਾਗਲ ਤਿੰਨ ਮਹੀਨੇ ਬਾਅਦ ਠੀਕ ਹੋ ਗਿਆ, ਪਰ ਸਜ਼ਾ ਤਾਂ ਛੇ ਮਹੀਨੇ ਦੀ ਸੀ, ਇਸ ਕਰਕੇ ਤਿੰਨ ਮਹੀਨੇ ਹੋਰ ਪਾਗਲਖ਼ਾਨੇ ਵਿਚ ਰੱਖਿਆ ਗਿਆ। ਪਰ ਜਿਹੜੇ ਪਹਿਲੇ ਤਿੰਨ ਮਹੀਨੇ ਉਸ ਨੇ ਪਾਗਲਖ਼ਾਨੇ ਵਿਚ ਗੁਜ਼ਾਰੇ, ਉਹ ਬਹੁਤ ਹੀ ਵਧੀਆ ਸਨ ਕਿਉਂਕਿ ਪਾਗਲਾਂ ਵਿਚ ਰਹਿ ਕੇ ਜੋ ਕੰਮ ਦੂਜੇ ਪਾਗਲ ਕਰਦੇ, ਉਹੀ ਉਹ ਕਰਦਾ। ਜੇ ਉਹ ਇਸ ਨੂੰ ਧੱਕਾ ਦਿੰਦੇ, ਤਾਂ ਇਹ ਵੀ ਧੱਕਾ ਦਿੰਦਾ, ਜੇ ਉਹ ਕਮੀਜ਼ ਖਿਚਦੇ ਤਾਂ ਇਹ ਪਾਗਲ ਉਹਨਾਂ ਦੀ ਕਮੀਜ਼ ਖਿਚਦਾ। ਖ਼ੂਬ ਰੌਣਕ-ਮੇਲਾ ਲੱਗਾ ਰਿਹਾ। ਪਰ ਜਦ ਇਹ ਠੀਕ ਹੋ ਕੇ ਬਾਕੀ ਤਿੰਨ ਮਹੀਨੇ ਪਾਗਲਖ਼ਾਨੇ ਰਿਹਾ, ਉਹ ਬੜੀ ਮੁਸੀਬਤ ਵਾਲਾ ਸਮਾਂ ਸੀ। ਜੋ ਕੰਮ ਦੂਜੇ ਪਾਗਲ ਕਰਦੇ, ਇਹ ਹੁਣ ਠੀਕ ਹੋ ਕੇ ਉਹ ਕੰਮ ਨਹੀਂ ਸੀ ਕਰ ਸਕਦਾ। ਇਸ ਤਰ੍ਹਾਂ ਠੀਕ ਹੋ ਕੇ ਪਾਗਲਾਂ ਵਿਚ ਰਹਿਣਾ ਇਸ ਦੇ ਜੀਵਨ ਦੀ ਬੜੀ ਭਾਰੀ ਦੁੱਖ ਭਰੀ ਅਵਸਥਾ ਸੀ। ਬੜੀ ਮੁਸੀਬਤ ਸੀ।

ਇਸੇ ਢੰਗ ਨਾਲ ਦੁਨਿਆਵੀ ਧੰਧਿਆਂ ਵਿਚ ਤੇ ਸੰਬੰਧੀਆਂ ਵਿਚ ਜੋ ਕੰਮ ਇਕ ਆਮ ਦੁਨਿਆਵੀ ਬੰਦਾ ਕਰਦਾ ਹੈ, ਉਸ ਵਿਚ ਬੜੀ ਇਕਮਿਕਤਾ ਬਣੀ ਰਹਿੰਦੀ ਹੈ। ਜੋ ਗ਼ਲਤੀਆਂ ਦੁਨੀਆ ਕਰ ਰਹੀ ਹੈ, ਉਹ ਗ਼ਲਤੀਆਂ ਮਹਿਸੂਸ ਹੀ ਨਹੀਂ ਹੁੰਦੀਆਂ। ਰਲ-ਮਿਲ ਕੇ ਝੂਠ ਬੋਲਿਆ ਵੀ ਝੂਠ ਬੁਰਾ ਨਹੀਂ ਲੱਗਦਾ। ਇਕ ਦੂਜੇ ਦਾ ਹੱਕ ਖੋਹਿਆ ਵੀ ਬੁਰਾ ਨਹੀਂ ਲੱਗਦਾ, ਰਲ-ਮਿਲ ਬੈਠ ਸ਼ਰਾਬ ਆਦਿਕ ਦੇ ਨਸ਼ੇ ਸੇਵਨ ਕੀਤੇ ਵੀ ਬੁਰੇ ਨਹੀਂ ਲੱਗਦੇ। ਚੰਗਾ ਮੌਜ ਮੇਲਾ ਬਣਿਆ ਹੀ ਨਜ਼ਰ ਆਉਂਦਾ ਹੈ। ਪਰ ਜਦ ਕਿਤੇ ਕੋਈ ਗੁਰੂ ਦੇ ਦਰ ਦੀ ਸੁਹਬਤ ਹਾਸਲ ਕਰ ਲੈਂਦਾ ਹੈ, ਸਤਸੰਗੀ ਵਾਲਾ ਜੀਵਨ ਬਣਾ ਲੈਂਦਾ ਹੈ, ਤਾਂ ਉਸ ਠੀਕ ਬਿਰਤੀ ਵਾਲੇ ਮਨੁੱਖ ਦੀ ਹਾਲਤ ਐਸੀ ਹੋ ਜਾਂਦੀ ਹੈ ਕਿ ਅਵਗੁਣ ਬੁਰੇ ਨਜ਼ਰ ਆਉਂਦੇ ਹਨ, ਝੂਠ ਬੁਰਾ ਨਜ਼ਰ ਆਉਂਦਾ ਹੈ, ਨਸ਼ੇ ਬੁਰੇ ਨਜ਼ਰ ਆਉਂਦੇ ਹਨ। ਉਸ ਸਮੇਂ ਸਤਸੰਗੀ ਨੂੰ ਸੰਸਾਰੀ ਬੰਦਿਆਂ ਵਿਚ ਰਹਿਣਾ ਵੀ ਬੜੀ ਮੁਸ਼ਕਲ ਗੱਲ ਹੋ ਜਾਂਦੀ ਹੈ। ਦੀਵਾਨਿਆਂ ਵਿਚ ਤਾਂ ਦੀਵਾਨਾ ਰਲ-ਮਿਲ ਸਮਾਂ ਗੁਜ਼ਾਰ ਸਕਦਾ ਹੈ, ਪਰ ਠੀਕ ਹੋਇਆ ਬੰਦਾ ਬੁਰਿਆਂ ਵਿਚ ਬੈਠ ਕੇ ਸਮਾਂ ਬੜੀ ਮੁਸ਼ਕਲ ਨਾਲ ਕੱਟਦਾ ਹੈ।

ਜਿਵੇਂ ਇਕ ਘਰ ਵਿਚ ਸਾਰਾ ਪਰਿਵਾਰ ਸ਼ਰਾਬ ਤੋਂ ਰਹਿਤ ਹੈ, ਪਰ ਘਰ ਦਾ

Sri Satguru Jagjit Singh Ji eLibrary NamdhariElibrary@gmail.com

ਇਕ ਮੈਂਬਰ ਹਰ ਰੋਜ਼ ਸ਼ਰਾਬ ਵਿਚ ਮਸਤ ਹੋ ਕੇ ਆ ਜਾਵੇ ਤਾਂ ਸਾਰੇ ਪਰਿਵਾਰ 'ਤੇ ਮੁਸੀਬਤ ਆ ਜਾਂਦੀ ਹੈ। ਇਕ ਤਾਂ ਸ਼ਰਾਬੀ ਖ਼ੁਦ ਵੀ ਮੁਸੀਬਤ ਵਿਚ ਫਸਿਆ ਹੁੰਦਾ ਹੈ ਤੇ ਦੂਜਿਆਂ ਲਈ ਮੁਸੀਬਤ ਬਣ ਜਾਂਦਾ ਹੈ। ਜਿਵੇਂ ਇਕ ਸ਼ਰਾਬੀ ਦੀ ਕਥਾ ਹੈ— ਇਕ ਬੰਦਾ ਕਾਫ਼ੀ ਦੇਰ ਰਾਤ ਘਰ ਆਇਆ ਤਾਂ ਘਰ ਵਾਲੀ ਨੇ ਉਠ ਕੇ ਦਰਵਾਜ਼ਾ ਖੋਲ੍ਹਿਆ ਤਾਂ ਉਹ ਅੰਦਰ ਆ ਕੇ ਲੇਟ ਗਿਆ। ਪਰ ਅੱਜ ਉਸ ਦਾ ਸ਼ਰਾਬ ਦਾ ਨਸ਼ਾ ਪੂਰਾ ਨਹੀਂ ਸੀ ਹੋਇਆ, ਇਸ ਕਰਕੇ ਥੋੜ੍ਹੀ ਦੇਰ ਬਾਅਦ ਉਠ ਕੇ ਦੂਸਰੇ ਕਮਰੇ ਵਿਚ ਜਾਣ ਲੱਗਾ ਤਾਂ ਘਰ ਵਾਲੀ ਪੁੱਛਦੀ ਹੈ ਕਿ ਕਿਧਰ ਚੱਲੇ ਹੋ ? ਤਾਂ ਕਹਿਣ ਲੱਗਾ ਕਿ ਨਮਾਜ਼ ਪੜ੍ਹਨ ਚੱਲਿਆ ਹਾਂ। ਘਰ ਵਾਲੀ ਬੜੀ ਹੈਰਾਨ ਹੋਈ ਕਿ ਇਹ ਕਿਹੜਾ ਵੇਲਾ ਹੈ ਨਮਾਜ਼ ਦਾ, ਜਾ ਕੇ ਦੇਖਾਂ ਤਾਂ ਸਹੀ। ਜਦ ਆ ਕੇ ਦੇਖਿਆ ਤਾਂ ਉਹ ਕਮਰੇ ਵਿਚ ਬੈਠਾ ਸ਼ਰਾਬ ਪੀ ਰਿਹਾ ਸੀ। ਘਰ ਵਾਲੀ ਨੇ ਕਿਹਾ ਕਿ ਹੱਦ ਹੋ ਗਈ, ਇਹ ਨਮਾਜ਼ ਪੜ੍ਹ ਰਹੇ ਹੋ ! ਤਾਂ ਅੱਗੋਂ ਕਹਿਣ ਲੱਗਾ ਕਿ ਇਸ ਵੇਲੇ ਮੇਰੇ ਲਈ ਇਹੀ ਨਮਾਜ਼ ਹੈ। ਐਸੇ ਸ਼ਰਾਬੀ ਬੰਦੇ ਪਰਿਵਾਰ ਨੂੰ ਤਾਂ ਪਰੇਸ਼ਾਨ ਕਰਦੇ ਹੀ ਹਨ, ਪਰ ਆਪਣੀ ਵੀ ਪਾਗਲਪਨ ਦੀ ਅਵਸਥਾ ਜ਼ਰੂਰ ਬਣਾਉਣੀ ਚਾਹੁੰਦੇ ਹਨ। ਐਸੇ ਦੀਵਾਨੇ ਵੀ ਆਮ ਮਿਲਦੇ ਹਨ।

ਇਕ ਦੀਵਾਨੇ ਉਹ ਹਨ, ਜਿਵੇਂ ਕਿਸੇ ਸਮੇਂ ਮਜਨੂੰ ਦੀਵਾਨਾ ਹੋ ਗਿਆ ਸੀ ਇਕ ਲੈਲਾ ਦਾ। ਹਰ ਵੇਲੇ ਲੈਲਾ ਦਾ ਧਿਆਨ।

ਇਕ ਦਿਨ ਮਜਨੂੰ ਲੈਲਾ ਦੀ ਗਲੀ ਵਿਚ ਖਲੋਤਾ ਸੀ। ਅੱਗੋਂ ਇਕ ਕੁੱਤਾ ਆ ਗਿਆ। ਮਜਨੂੰ ਨੇ ਕੁੱਤੇ ਨੂੰ ਰੋਕਿਆ ਤੇ ਉਸ ਦੇ ਪੈਰਾਂ 'ਤੇ ਮੱਥਾ ਟੇਕਿਆ। ਫਿਰ ਬਾਰ ਬਾਰ ਮੱਥਾ ਟੇਕਿਆ। ਲੋਕ ਇਕੱਠੇ ਹੋ ਗਏ, ਹੱਸਣ ਲੱਗ ਪਏ। ਇਕ ਨੇ ਅਗਾਂਹ ਹੋ ਕੇ ਮਜਨੂੰ ਨੂੰ ਪਿੱਛੋਂ ਫੜ ਕੇ ਖੜਾ ਕਰ ਲਿਆ ਤੇ ਕਿਹਾ ਕਿ ਓਏ ਮਜਨੂੰ, ਇਹ ਕੀ ਕਰ ਰਿਹਾ ਹੈਂ, ਕੁੱਤੇ ਨੂੰ ਮੱਥਾ ਕਿਉਂ ਟੇਕ ਰਿਹਾ ਹੈਂ, ਬਿਲਕੁਲ ਹੀ ਪਾਗਲ ਹੋ ਗਿਆ ਏਂ ! ਤਾਂ ਮਜਨੂੰ ਕਹਿਣ ਲੱਗਾ ਕਿ ਤੁਹਾਨੂੰ ਪਤਾ ਹੈ ਕਿ ਨਹੀਂ, ਇਹ ਕੁੱਤਾ ਕੌਣ ਹੈ ? ਇਹ ਕੁੱਤਾ ਲੈਲਾ ਦੇ ਘਰ ਰਹਿਣ ਵਾਲਾ ਹੈ, ਹਰ ਵੇਲੇ ਲੈਲਾ ਦੇ ਦਰਵਾਜ਼ੇ 'ਤੇ ਬੈਠਾ ਰਹਿੰਦਾ ਹੈ। ਮੈਂ ਇਸ ਨੂੰ ਇਸ ਕਰਕੇ ਮੱਥਾ ਟੇਕ ਰਿਹਾ ਹਾਂ ਕਿ ਮੇਰੇ ਨਾਲੋਂ ਤਾਂ ਕੁੱਤਾ ਹੀ ਚੰਗਾ ਹੈ, ਜਿਹੜਾ ਲੈਲਾ ਦੇ ਦਰਵਾਜ਼ੇ 'ਤੇ ਹਰ ਵੇਲੇ ਹੀ ਰਹਿੰਦਾ ਹੈ। ਭਾਈ ਗੁਰਦਾਸ ਜੀ ਕਥਨ ਕਰਦੇ ਹਨ :

**ਲੈਲੇ ਦੀ ਦਰਗਾਹ ਦਾ ਕੁਤਾ ਮਜਨੂੰ ਦੇਖਿ ਲੁਭਾਣਾ॥**
**ਕੁਤੇ ਦੀ ਪੈਰੀ ਪਵੈ ਹੜਿ ਹੜਿ ਹਸੈ ਲੋਕ ਵਿਡਾਣਾ॥੨੧॥੩੭॥**

ਦੀਵਾਨਾ ਤਾਂ ਮਜਨੂੰ ਵੀ ਹੈ ਪਰ ਸਰੀਰਕ ਤੌਰ 'ਤੇ ਕਿਸੇ ਇਕ ਔਰਤ ਦਾ ਦੀਵਾਨਾ ਹੈ। ਪਰ ਗੁਰਬਾਣੀ ਵਿਚ ਇਕ ਐਸੇ ਦੀਵਾਨੇ ਦਾ ਵੀ ਜ਼ਿਕਰ ਹੈ ਜਿਹੜਾ ਪਰਮਾਤਮਾ ਦੇ ਪ੍ਰੇਮ ਵਿਚ ਆਸ਼ਕ ਬਣ ਕੇ ਦੀਵਾਨਾ ਹੋ ਵਿਚਰਦਾ ਹੈ। ਲੋਕ ਭਾਵੇਂ ਕਹਿੰਦੇ ਨੇ ਕਿ ਕਬੀਰ ਦੀਵਾਨਾ ਹੋ ਗਿਆ ਹੈ ਪਰ ਕਬੀਰ ਜੀ ਨੂੰ ਪੁੱਛ ਕੇ ਦੇਖੋ ਤਾਂ ਕਬੀਰ ਜੀ ਕੀ ਦੱਸਦੇ ਹਨ ਕਿ :

**ਲੋਗੁ ਕਹੈ ਕਬੀਰੁ ਬਉਰਾਨਾ ॥**
**ਕਬੀਰ ਕਾ ਮਰਮੁ ਰਾਮ ਪਹਿਚਾਨਾਂ ॥** *(ਭੈਰਉ ਕਬੀਰ ਜੀ, ਪੰਨਾ 1158)*

ਮੈਂ ਰਾਮ ਦੀ ਪਹਿਚਾਣ ਕਰ ਲਈ ਹੈ, ਹੁਣ ਤਾਂ ਮੈਂ ਪਰਮਾਤਮਾ ਨੂੰ ਪਛਾਣਿਆ ਹੈ ਤੇ ਪਰਮਾਤਮਾ ਮੈਨੂੰ ਜਾਣਦਾ ਹੈ। ਸਿਰਫ਼ ਲੋਕ ਹੀ ਨਹੀਂ ਕਹਿੰਦੇ, ਮੈਂ ਖ਼ੁਦ ਵੀ ਕਹਿੰਦਾ ਹਾਂ ਕਿ ਮੈਂ ਦੀਵਾਨਾ ਹੋ ਗਿਆ ਹਾਂ:

**ਕਹਿ ਕਬੀਰ ਹਉ ਭਇਆ ਦਿਵਾਨਾ ॥**
**ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥** *(ਭੈਰਉ ਕਬੀਰ ਜੀ, ਪੰਨਾ 1158)*

ਮਨ ਜਦੋਂ ਟਿਕਾਉ ਵਿਚ ਆ ਜਾਵੇ ਤੇ ਦੁਨੀਆ ਦੇ ਬੰਦਿਆਂ ਨਾਲ ਸੁਭਾਉ ਦਾ ਤਾਲ-ਮੇਲ ਨਾ ਬੈਠੇ ਤਾਂ ਦੁਨੀਆ ਦੀ ਨਿਗਾਹ ਵਿਚ ਉਹ ਦੀਵਾਨਾ ਹੀ ਨਜ਼ਰ ਆਉਂਦਾ ਹੈ।

ਸੰਸਾਰਕ ਬੰਦਿਆਂ ਤੋਂ ਜਿਹੜਾ ਥੱਲੇ ਡਿੱਗ ਜਾਵੇ, ਉਹ ਵੀ ਦੁਨੀਆ ਵਾਸਤੇ ਦੀਵਾਨਾ ਹੀ ਹੁੰਦਾ ਹੈ, ਕਿਉਂਕਿ ਐਸੇ ਦੀਵਾਨੇ ਦਾ ਸੁਭਾਉ ਸਮਾਜਕ ਪੱਖੋਂ ਡਿੱਗਿਆ ਹੁੰਦਾ ਹੈ ਤੇ ਜਿਹੜਾ ਦੀਵਾਨਾ ਸੰਸਾਰਕ ਬੰਦਿਆਂ ਤੋਂ ਉੱਚਾ ਉੱਠ ਜਾਵੇ, ਐਸਾ ਰੱਬ ਦੇ ਆਸ਼ਕ ਦਾ ਸੁਭਾਉ ਉੱਚਾ ਹੋਣ ਕਰਕੇ ਸਮਾਜਕ ਬੰਦਿਆਂ ਨਾਲ ਤਾਲ-ਮੇਲ ਨਹੀਂ ਖਾਂਦਾ, ਇਸ ਕਰਕੇ ਐਸੇ ਸੱਚੇ ਆਸ਼ਕ ਨੂੰ ਵੀ ਲੋਕ ਅਕਸਰ ਦੀਵਾਨਾ ਹੀ ਕਿਹਾ ਕਰਦੇ ਹਨ।

ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਕਈ ਲੋਕਾਂ ਕੁਝ ਕਿਹਾ ਤੇ ਕਈਆਂ ਨੇ ਕੁਝ ਅਤੇ ਕੁਝ ਕੁ ਕਹਿਣ ਲੱਗੇ ਕਿ ਇਹ ਤਾਂ ਕੋਈ ਦੀਵਾਨਾ ਹੈ। ਸਾਹਿਬ ਕਹਿਣ ਲੱਗੇ ਕਿ ਮੈਂ ਸੱਚਮੁੱਚ ਹੀ ਦੀਵਾਨਾ ਹਾਂ। ਤੁਸੀਂ ਵੀ ਇਹੋ ਜਿਹੇ ਦੀਵਾਨੇ ਬਣ ਜਾਓ, ਪਰ ਇਹ ਜ਼ਰੂਰ ਜਾਣ ਲਵੋ ਕਿ ਸੱਚਾ ਦੀਵਾਨਾ ਕਿਵੇਂ ਬਣਿਆ ਜਾ ਸਕਦਾ ਹੈ। ਗੁਰੂ ਸਾਹਿਬ ਜੀ ਇਸ ਸ਼ਬਦ ਵਿਚ ਦੱਸ ਰਹੇ ਹਨ ਕਿ ਕਿਹੜੇ ਕਿਹੜੇ ਗੁਣ ਹੋਣ ਤਾਂ ਕੋਈ ਬੰਦਾ ਦੀਵਾਨਾ ਬਣ ਸਕਦਾ ਹੈ:

**ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥**
**ਹਉ ਹਰਿ ਬਿਨੁ ਅਵਰੁ ਨ ਜਾਨਾ ॥ਰਹਾਉ॥**
**ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥**
**ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥**
**ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥**
**ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥**
**ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥**
**ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥** *(ਮਾਰੂ ਮਹਲਾ ੧, ਪੰਨਾ 991)*

ਸਾਹਿਬ ਜੀ ਕਹਿੰਦੇ ਹਨ ਕਿ ਮੈਂ ਸੱਚੇ ਸ਼ਾਹ ਪ੍ਰਭੂ ਦਾ ਆਸ਼ਕ ਹੋ ਗਿਆ ਹਾਂ। ਵਾਹਿਗੁਰੂ ਬਿਨਾਂ ਮੈਨੂੰ ਹੁਣ ਹੋਰ ਕੋਈ ਨਜ਼ਰ ਹੀ ਨਹੀਂ ਆਉਂਦਾ। ਉਸੇ ਬੰਦੇ ਨੂੰ ਹੀ ਦੀਵਾਨਾ ਕਿਹਾ ਜਾ ਸਕਦਾ ਹੈ ਜਿਹੜਾ ਪ੍ਰਭੂ ਦੇ ਡਰ ਵਿਚ ਰਹਿੰਦਾ ਹੈ ਤੇ ਪ੍ਰਭੂ

Sri Satguru [redacted]

ਨਾਲ ਹਰ ਵੇਲੇ ਜੁੜਿਆ ਰਹਿੰਦਾ ਹੈ, ਉਸ ਨੂੰ ਭੁੱਲਦਾ ਨਹੀਂ ਹੈ ਤੇ ਪ੍ਰਭੂ ਬਿਨਾਂ ਹੋਰ ਕੁਝ ਵੀ ਨਹੀਂ ਦੇਖਦਾ। ਜਾਂ ਫਿਰ ਉਹ ਹੀ ਪਰਮਾਤਮਾ ਦਾ ਆਸ਼ਕ ਹੋ ਸਕਦਾ ਹੈ ਜਿਹੜਾ ਪਰਮਾਤਮਾ ਦੀ ਰਜ਼ਾ ਵਿਚ ਰਹਿੰਦਾ ਹੈ। ਆਪਣੀ ਚਤੁਰਾਈ ਛੱਡ ਦਿੰਦਾ ਹੈ ਤੇ ਇਕ ਨਿਰੰਕਾਰ ਨੂੰ ਹੀ ਕਰਣ-ਕਾਰਣ ਮੰਨ ਲੈਂਦਾ ਹੈ। ਜਾਂ ਫਿਰ ਪ੍ਰਭੂ ਦਾ ਉਹੀ ਪ੍ਰੇਮੀ ਹੈ ਜਿਹੜਾ ਆਪਣੇ ਆਪ ਨੂੰ ਸਭ ਨਾਲੋਂ ਨੀਵਾਂ ਸਮਝਦਾ ਹੈ ਤੇ ਬਾਕੀ ਸਭ ਸੰਸਾਰ ਨੂੰ ਆਪਣੇ ਨਾਲੋਂ ਚੰਗਾ ਸਮਝਦਾ ਹੈ। ਅੰਦਰ ਕਿਸੇ ਵੀ ਤਰ੍ਹਾਂ ਦੀ ਹਉਮੈ ਨਹੀਂ ਹੁੰਦੀ, ਅਤੇ ਵਾਹਿਗੁਰੂ ਨਾਲ ਬਹੁਤ ਹੀ ਪਿਆਰ ਪੈ ਜਾਂਦਾ ਹੈ।

ਸਾਹਿਬਾਂ ਦਾ ਫ਼ੁਰਮਾਨ ਐਸੇ ਦੀਵਾਨੇ ਬਣਨ ਦੀ ਤਰਫ਼ ਹੈ ਜਿਸ ਨਾਲ ਅਸੀਂ ਪਰਮਾਤਮਾ ਦੇ ਭੈ ਵਿਚ, ਪਰਮਾਤਮਾ ਦੀ ਰਜ਼ਾ ਵਿਚ, ਪਰਮਾਤਮਾ ਦੇ ਪਿਆਰ ਵਿਚ ਰਹਿ ਕੇ ਸੱਚੇ ਦੀਵਾਨੇ ਤੇ ਸੱਚੇ ਆਸ਼ਕ ਬਣ ਜਾਈਏ। ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ:

**ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ॥**

*(ਸਲੋਕ ਵਾਰਾਂ ਤੇ ਵਧੀਕ ਮ: ੪, ਪੰਨਾ 1422)*

ਇਹੋ ਜਿਹੇ ਸੱਚੇ ਆਸ਼ਕ ਹੀ ਰੱਬ ਨੂੰ ਪ੍ਰਾਪਤ ਕਰ ਸਕਦੇ ਹਨ। ਦੁਨੀਆ ਵਿਚ ਝੂਠੇ ਆਸ਼ਕ, ਕੋਈ ਜ਼ਰੂਰੀ ਨਹੀਂ ਹੈ ਕਿ ਆਪਣੇ ਪ੍ਰੇਮੀ ਨੂੰ ਪ੍ਰਾਪਤ ਕਰ ਸਕਣ, ਪਰ ਸੱਚਾ ਆਸ਼ਕ ਤਾਂ ਇਕ ਦਿਨ ਜ਼ਰੂਰ ਹੀ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ।

ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਪਤੰਗਾ ਦੀਵੇ ਦਾ ਆਸ਼ਕ ਹੋ ਕੇ ਚੱਲਿਆ ਤੇ ਦੀਵੇ 'ਤੇ ਜਾ ਪਹੁੰਚਿਆ। ਪਤੰਗਾ ਤਾਂ ਭਾਵੇਂ ਆਸ਼ਕ ਹੈ ਪਰ ਦੀਵਾ ਪਤੰਗੇ ਦਾ ਆਸ਼ਕ ਨਹੀਂ ਹੈ। ਦੀਵੇ ਨੇ ਆਏ ਪਤੰਗੇ ਨੂੰ ਸਾੜ ਕੇ ਰੱਖ ਦਿੱਤਾ। ਇਕ ਭੌਰਾ ਫੁੱਲ 'ਤੇ ਆਸ਼ਕ ਹੋ ਗਿਆ ਪਰ ਫੁੱਲ ਨੇ ਆਏ ਭੌਰੇ ਨੂੰ ਆਪਣੇ ਵਿਚ ਲਪੇਟ ਕੇ ਖ਼ਤਮ ਕਰ ਦਿੱਤਾ। ਮੱਛੀ ਦੀ ਜ਼ਿੰਦਗੀ ਨੂੰ ਪਾਣੀ ਨੇ ਅਮਰ ਨਹੀਂ ਕੀਤਾ ਪਰ ਸਤਿਗੁਰੂ ਦੇ ਸਹਾਰੇ ਕੋਈ ਆਸ਼ਕ ਬਣ ਜਾਏ ਤਾਂ ਐਸਾ ਪ੍ਰੇਮੀ ਗਿਆਨ-ਧਿਆਨ ਦੀ ਅਵਸਥਾ ਪ੍ਰਾਪਤ ਕਰ ਕੇ, ਇਕ ਦਿਨ ਅਮਰ ਪਦਵੀ, ਸਹਿਜ ਅਵਸਥਾ ਪ੍ਰਾਪਤ ਕਰ ਲੈਂਦਾ ਹੈ।

**ਦੀਪਕ ਪਤੰਗ ਮਿਲਿ ਜਰਤ ਨ ਰਾਖਿ ਸਕੈ,**
**ਜਰੇ ਮਰੇ ਆਗੇ ਨ ਪਰਮ-ਪਦ ਪਾਏ ਹੈ॥**
**ਮਧੁਪ ਕਮਲ ਮਿਲਿ ਭ੍ਰਮਤ ਨ ਰਾਖਿ ਸਕੈ,**
**ਸੰਪੁਟ ਮੈ ਮੂਏ ਸੈ ਨ ਸਹਜਿ ਸਮਾਏ ਹੈ॥**
**ਜਲ ਮਿਲਿ ਮੀਨ ਕੀ ਨ ਦੁਬਿਧਾ ਮਿਟਾਇ ਸਕੀ,**
**ਬਿਛੁਰਿ ਮਰਤ ਹਰਿ-ਲੋਕ ਨ ਪਠਾਏ ਹੈ॥**
**ਇਤ ਉਤ ਸੰਗਮ ਸਹਾਈ ਸੁਖਦਾਈ ਗੁਰ,**
**ਗਿਆਨ ਧਿਆਨ ਪ੍ਰੇਮ ਰਸ ਅੰਮ੍ਰਿਤ ਪੀਆਏ ਹੈ॥੩੨੦॥**

ਪਤੰਗੇ ਨੂੰ ਦੀਵਾ ਬਚਾਉਂਦਾ ਵੀ ਨਹੀਂ ਤੇ ਜੇਕਰ ਪਤੰਗਾ ਦੀਵੇ ਦਾ ਆਸ਼ਕ

Sri Satguru Jagjit Singh Ji eLibrary NamdhariElibrary@gmail.com

ਹੋ ਕੇ ਸੜ ਮਰੇ ਤਾਂ ਪਤੰਗਾ ਉਚ ਅਵਸਥਾ ਪ੍ਰਾਪਤ ਨਹੀਂ ਕਰ ਲੈਂਦਾ। ਦੁਨੀਆ ਵਿਚ ਕੋਈ ਵੀ ਬੰਦਾ ਕਿਸੇ ਦੁਨਿਆਵੀ ਪਦਾਰਥ ਜਾਂ ਸੰਬੰਧੀ ਦਾ ਆਸ਼ਕ ਹੋ ਜਾਵੇ ਤਾਂ ਉਹ ਪਦਾਰਥ ਜਾਂ ਸੰਬੰਧੀ ਇਥੇ ਵੀ ਸੁਖ ਨਹੀਂ ਦਿੰਦਾ ਤੇ ਜੇਕਰ ਸੰਬੰਧੀ ਪਿੱਛੇ ਮਰ ਵੀ ਜਾਵੇ ਤਾਂ ਵੀ ਕਿਤੇ ਪਰਮ-ਪਦ ਦੀ ਅਵਸਥਾ ਨਹੀਂ ਮਿਲ ਜਾਂਦੀ।

ਇਕ ਫੁੱਲ ਭੌਰੇ ਨੂੰ ਭ੍ਰਮਣ ਤੋਂ ਵੀ ਨਹੀਂ ਬਚਾ ਸਕਦਾ ਤੇ ਆਪਣੇ ਵਿਚ ਲਪੇਟ ਕੇ ਮਾਰੇ ਹੋਏ ਭੰਵਰੇ ਨੂੰ ਸਹਿਜ ਅਵਸਥਾ ਦੀ ਪ੍ਰਾਪਤੀ ਨਹੀਂ ਹੁੰਦੀ।

ਪਾਣੀ ਮੱਛੀ ਦੀ ਭਟਕਣਾ ਨਹੀਂ ਮਿਟਾਂਦਾ ਤੇ ਵਿਛੜ ਕੇ ਮਰ ਜਾਏ ਤਾਂ ਪਾਣੀ ਮੱਛੀ ਨੂੰ ਪ੍ਰਭੂ ਪਾਸ ਨਹੀਂ ਭੇਜ ਸਕਦਾ। ਪਰ ਜੇ ਕੋਈ ਸਤਿਗੁਰੂ ਦੀ ਸ਼ਰਨ ਵਿਚ ਚਲਾ ਜਾਏ, ਸੱਚਾ ਪ੍ਰੇਮੀ ਬਣ ਜਾਏ ਤਾਂ ਐਸੇ ਸਿਖ ਨੂੰ ਗੁਰੂ ਇਥੇ ਵੀ ਜੀਵਨ ਦਾ ਪਰਮ ਆਨੰਦ, ਗਿਆਨ ਦੀ ਅਵਸਥਾ ਰਾਹੀਂ ਪ੍ਰਾਪਤ ਕਰਵਾ ਕੇ ਸੁਖਦਾਈ ਬਣਾ ਦਿੰਦਾ ਹੈ ਅਤੇ ਪ੍ਰਲੋਕ ਗਵਨ ਵਿਖੇ ਵੀ ਉਹ ਵਾਹਿਗੁਰੂ ਨਾਲ ਇਕਮਿਕ ਹੋ ਜਾਂਦਾ ਹੈ। ਵਾਹਿਗੁਰੂ ਦਾ ਐਸਾ ਆਸ਼ਕ ਬਣ ਜਾਏ ਕਿ ਹਰ ਸੁਖ ਦੁਖ ਸਮੇਂ ਘਰ-ਬਾਹਰ ਸਭ ਜਗ੍ਹਾ 'ਤੇ ਬੈਠਾ ਉਸ ਪ੍ਰਭੂ ਨੂੰ ਯਾਦ ਕਰਦਾ ਰਹੇ। ਉਸ ਦਾ ਸਿਮਰਨ ਕਰਦਾ ਰਹੇ। ਫ਼ਰੀਦ ਜੀ ਕਥਨ ਕਰਦੇ ਹਨ ਕਿ ਪਰਮਾਤਮਾ ਦੇ ਇਸ਼ਕ ਵਿਚ ਜੋ ਆਸ਼ਕ ਰਹਿੰਦਾ ਹੈ, ਉਸ ਦੀ ਹਾਲਤ ਇਹ ਹੋ ਜਾਂਦੀ ਹੈ:

**ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥** *(ਆਸਾ ਫਰੀਦ ਜੀ, ਪੰਨਾ 488)*

ਪਰਮਾਤਮਾ ਦੇ ਪ੍ਰੇਮ ਵਿਚ ਭਿੱਜਿਆ ਹੋਇਆ ਹਰ ਸਮੇਂ ਉਸ ਦੇ ਦੀਦਾਰ ਕਰਦਾ ਰਹਿੰਦਾ ਹੈ। ਸੱਚਾ ਆਸ਼ਕ ਕਦੀ ਵੀ ਪ੍ਰਭੂ ਨੂੰ ਹਿਰਦੇ ਵਿੱਚੋਂ ਨਹੀਂ ਵਿਸਾਰਦਾ।

ਸੋ, ਦੁਨੀਆ ਦੇ ਝੂਠੇ ਪਦਾਰਥਾਂ ਦਾ ਆਸ਼ਕ ਨਹੀਂ ਬਣਨਾ, ਕਿਸੇ ਨਸ਼ੇ ਦਾ ਆਸ਼ਕ ਨਹੀਂ ਬਣਨਾ, ਝੂਠੇ ਸੰਬੰਧੀਆਂ ਦਾ ਆਸ਼ਕ ਨਹੀਂ ਬਣਨਾ। ਜੋ ਕੋਈ ਇਹਨਾਂ ਦਾ ਆਸ਼ਕ ਬਣ ਕੇ ਜ਼ਿੰਦਗੀ ਗੁਜ਼ਾਰਦਾ ਹੈ, ਐਸਾ ਦੀਵਾਨਾ ਇਸ ਜ਼ਿੰਦਗੀ ਵਿਚ ਵੀ ਝੂਠਾ ਦੀਵਾਨਾ ਬਣ ਕੇ ਦੁਖੀ ਰਹਿੰਦਾ ਹੈ ਅਤੇ ਜੀਵਨ ਲੀਲ੍ਹਾ ਸਮਾਪਤ ਹੋ ਜਾਣ ਤੋਂ ਬਾਅਦ ਵੀ ਚੌਰਾਸੀ ਲੱਖ ਜੂਨ ਵਿਚ ਦੀਵਾਨਾ ਬਣ ਕੇ ਹੀ ਭਟਕਦਾ ਰਹਿੰਦਾ ਹੈ। ਅਕਸਰ ਝੂਠੇ ਦੀਵਾਨੇ ਭਟਕਦੇ ਹੀ ਰਹਿੰਦੇ ਹਨ। ਇਸ ਵਾਸਤੇ ਹੀ ਕਬੀਰ ਜੀ ਦਾ ਕਥਨ ਹੈ:

**ਚਉਰਾਸੀ ਲਖ ਫਿਰੈ ਦਿਵਾਨਾਂ ॥** *(ਭੈਰਉ ਕਬੀਰ ਜੀ, ਪੰਨਾ 1161)*

ਸੱਚਾ ਆਸ਼ਕ ਤਾਂ ਰੱਬ ਦਾ ਆਸ਼ਕ ਬਣਦਾ ਹੈ ਜਾਂ ਫਿਰ ਗੁਰੂ-ਚਰਨਾਂ ਵਿਚ ਇਤਨਾ ਪ੍ਰੇਮ ਕਰਦਾ ਹੈ ਕਿ ਗੁਰੂ ਦਾ ਦੀਵਾਨਾ ਹੋ ਜਾਂਦਾ ਹੈ। ਜੋ ਗੁਰੂ ਨਾਲ ਜੁੜ ਜਾਏ, ਉਹ ਪਰਮਾਤਮਾ ਨਾਲ ਵੀ ਜੁੜ ਜਾਂਦਾ ਹੈ। ਸੱਚ ਦੀ ਪ੍ਰਾਪਤੀ ਦੀ ਚਾਹਨਾ ਵਾਲਾ, ਗੁਰੂ ਨਾਲ ਇਤਨਾ ਪ੍ਰੇਮ ਪਾ ਲੈਂਦਾ ਹੈ ਕਿ ਹਰ ਰੋਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੀਦਾਰ ਕਰਦਾ ਹੈ। ਬਾਣੀ ਪੜ੍ਹਦਾ ਹੈ। ਵਿਚਾਰ ਕਰਦਾ ਹੈ। ਹਰ ਉਪਦੇਸ਼ ਨੂੰ ਹਿਰਦੇ ਵਿਚ ਵਸਾ ਕੇ, ਦੱਸੇ ਮਾਰਗ 'ਤੇ ਚੱਲ ਕੇ ਪ੍ਰਭੂ ਨੂੰ ਪਾ ਲੈਂਦਾ ਹੈ। ਗੁਰੂ ਦਾ ਵਿਛੋੜਾ ਸਹਿਣ ਨਹੀਂ ਕਰਦਾ।

Sri Satguru Jagjit Singh Ji eLibrary NamdhariElibrary@gmail.com

**ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ॥**
**ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ॥**
*(ਸੂਹੀ ਮਹਲਾ ੪, ਪੰਨਾ 757)*

ਹੇ ਪਰਮਾਤਮਾ, ਮੈਂ ਤੇਰਾ ਦਰਸ਼ਨ ਕਰਨ ਖ਼ਾਤਰ ਗੁਰੂ ਤੋਂ ਕੁਰਬਾਨ ਜਾਂਦਾ ਹਾਂ, ਉਹਨਾਂ ਦੀ ਚਰਨੀਂ ਪੈ ਕੇ ਗੁਰੂ ਨੂੰ ਪ੍ਰਸੰਨ ਕਰਾਂਗਾ। ਮੈਂ ਕਮਲਾ ਹੋਇਆ ਫਿਰਦਾ ਹਾਂ ਕਿ ਮੈਨੂੰ ਹਰੀ ਦਾ ਦਰਸ਼ਨ ਹੋ ਜਾਵੇ। ਕਿੰਨੀ ਤਾਂਘ ਹੈ ਪ੍ਰਭੂ ਦੀਦਾਰ ਦੀ ਤੇ ਕਿੰਨਾ ਗੁਰੂ ਨਾਲ ਪਿਆਰ ਹੈ! ਜਿਵੇਂ ਕਿ ਬੁੱਲ੍ਹੇ ਸ਼ਾਹ ਦੀ ਗਾਥਾ ਹੈ—ਸਾਈਂ ਬੁੱਲ੍ਹੇ ਸ਼ਾਹ ਆਪਣੇ ਗੁਰੂ ਪੀਰ ਇਨਾਯਤ ਸ਼ਾਹ ਦੇ ਪਾਸ ਰਹਿ ਕੇ ਸੇਵਾ ਕਰਿਆ ਕਰਦਾ ਸੀ। ਬੁੱਲ੍ਹੇ ਸ਼ਾਹ ਦੇ ਘਰ ਸ਼ਾਦੀ ਦਾ ਸਮਾਗਮ ਆ ਗਿਆ। ਉਸ ਨੇ ਆਪਣੇ ਪੀਰ ਨੂੰ ਸ਼ਾਦੀ ਦੇ ਸਮੇਂ ਘਰ ਪਹੁੰਚਣ ਦਾ ਸੱਦਾ ਦਿੱਤਾ। ਪੀਰ ਇਨਾਯਤ ਸ਼ਾਹ ਜੀ ਨੇ ਆਪਣੇ ਪਾਸ ਰਹਿੰਦੇ ਇਕ ਸਬਜ਼ੀ ਬੀਜਣ ਵਾਲੇ ਮਾਲੀ ਨੂੰ ਬੁੱਲ੍ਹੇ ਸ਼ਾਹ ਦੇ ਘਰ ਭੇਜ ਦਿੱਤਾ। ਪਰ ਬੁੱਲ੍ਹੇ ਸ਼ਾਹ ਨੇ ਮਾਲੀ ਜਾਣ ਕੇ ਉਸ ਦਾ ਕੋਈ ਸਤਿਕਾਰ ਨਾ ਕੀਤਾ। ਵਿਆਹ ਦੇ ਸਮੇਂ ਕੋਈ ਚੰਗੀ ਤਰ੍ਹਾਂ ਭੋਜਨ ਆਦਿਕ ਦੇਣ ਦੀ ਤਰਫ਼ ਵੀ ਧਿਆਨ ਨਾ ਦਿੱਤਾ। ਉਸ ਮਾਲੀ ਨੇ ਜਦੋਂ ਵਾਪਸ ਆ ਕੇ ਸਾਰੀ ਹਾਲਤ ਦੱਸੀ ਕਿ ਮੇਰਾ ਤਾਂ ਘਰ ਵਿਚ ਰੱਖੇ ਕੁੱਤੇ ਜਿੰਨਾ ਵੀ ਧਿਆਨ ਨਹੀਂ ਰੱਖਿਆ, ਤਾਂ ਪੀਰ ਜੀ ਨੂੰ ਬੜਾ ਰੰਜ ਹੋਇਆ ਕਿ ਮੇਰੇ ਭੇਜੇ ਤਾਂ ਕੁੱਤੇ ਦਾ ਵੀ ਧਿਆਨ ਬੰਦਿਆਂ ਵਰਗਾ ਰੱਖਣਾ ਚਾਹੀਦਾ ਸੀ, ਪਰ ਇਥੇ ਤਾਂ ਬੁੱਲ੍ਹੇ ਨੇ ਇਕ ਬੰਦੇ ਦਾ ਧਿਆਨ ਕੁੱਤੇ ਜਿੰਨਾ ਵੀ ਨਹੀਂ ਰੱਖਿਆ। ਸਭ ਮੁਰੀਦਾਂ ਨੂੰ ਸੱਦ ਕੇ ਆਖ ਦਿੱਤਾ ਕਿ ਬੁੱਲ੍ਹਾ ਅਗਰ ਆਵੇ ਤਾਂ ਉਸ ਨੂੰ ਡੇਰੇ ਨਹੀਂ ਵੜਨ ਦੇਣਾ ਤੇ ਇਹ ਵੀ ਹੁਕਮ ਸੁਣਾ ਦੇਣਾ ਕਿ ਉਹ ਡੇਰੇ ਵਿਖੇ 12 ਸਾਲ ਨਹੀਂ ਆ ਸਕਦਾ। ਜਦ ਬੁੱਲ੍ਹਾ ਆਇਆ ਤਾਂ ਮੁਰੀਦਾਂ ਨੇ ਬਾਹਰੋਂ ਹੀ ਮੋੜ ਦਿੱਤਾ ਤੇ 12 ਸਾਲ ਦੇ ਵਿਛੋੜੇ ਦੀ ਗੱਲ ਸੁਣ ਕੇ ਵੀ ਉਹ ਬੜਾ ਤੜਫ਼ਿਆ। ਫਿਰ ਵਿਉਂਤ ਸੋਚੀ। ਜਿਹੜੇ ਭੰਡ ਹਰ ਸਾਲ ਡੇਰੇ ਦੇ ਸਮਾਗਮ 'ਤੇ ਜਾ ਕੇ, ਨੱਚ ਗਾ ਕੇ ਪੀਰ ਜੀ ਨੂੰ ਖ਼ੁਸ਼ ਕਰਿਆ ਕਰਦੇ ਸਨ, ਉਹਨਾਂ ਪਾਸ ਗਿਆ, ਨੱਚਣਾ ਗਾਣਾ ਸਿਖਿਆ ਤੇ ਜਿਵੇਂ ਉਹ ਧਾਰਮਕ ਗੀਤ, ਕਾਫ਼ੀਆਂ ਆਦਿਕ ਗਾਉਂਦੇ ਸਨ, ਤਿਵੇਂ ਹੀ ਬੁੱਲ੍ਹੇ ਨੇ ਤਿਆਰੀ ਕਰ ਲਈ। ਸਾਲਾਨਾ ਸਮਾਗਮ ਦਾ ਦਿਨ ਫਿਰ ਆ ਗਿਆ। ਬੁੱਲ੍ਹੇ ਨੇ ਬੁਰਕਾ ਪਹਿਨ ਲਿਆ, ਭੰਡਾਂ ਦੇ ਨਾਲ ਰਲ ਕੇ ਡੇਰੇ ਜਾ ਪਹੁੰਚਿਆ ਤੇ ਨੱਚਣਾ ਸ਼ੁਰੂ ਕੀਤਾ ਤੇ ਕਾਫ਼ੀ ਗਾਈ :

*ਬਹੁੜੀਂ ਵੇ ਤਾਬੀਬਾ ਮੇਰੀ ਜਿੰਦ ਗਈ ਆ।*
*ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ।*

ਇਹ ਸਾਰੀ ਕਾਫ਼ੀ ਪੜ੍ਹ ਚੁੱਕਿਆ ਤਾਂ ਪੀਰ ਜੀ ਆਵਾਜ਼ ਪਹਿਚਾਣ ਕੇ ਕਹਿਣ ਲੱਗੇ ਕਿ ਤੂੰ ਬੁੱਲ੍ਹਾ ਤਾਂ ਨਹੀਂ ? ਤਾਂ ਅੱਗੋਂ ਬੁਰਕਾ ਉਤਾਰ ਕੇ ਕਹਿਣ ਲੱਗਾ ਕਿ ਮੈਂ ਬੁੱਲ੍ਹਾ ਨਹੀਂ ਹਾਂ, ਮੈਂ ਤਾਂ ਭੁੱਲਾ ਹਾਂ, ਜੇ ਬੁੱਲ੍ਹਾ ਹੁੰਦਾ ਤਾਂ ਕਿਉਂ ਵਿਛੜਦਾ। ਪੀਰ ਜੀ ਨੇ ਕਿਹਾ ਕਿ ਜੇ ਭੁੱਲਾ ਹੈਂ ਤਾਂ ਆ ਮਿਲ। ਇਥੇ ਬੁੱਲ੍ਹਿਆਂ ਲਈ ਜਗ੍ਹਾ ਨਹੀਂ ਹੈ, ਭੁੱਲਿਆਂ ਲਈ ਹੀ ਜਗ੍ਹਾ ਹੈ।

ਜਿਵੇਂ ਇਕ ਬੁੱਲ੍ਹਾ ਸ਼ਾਹ ਆਪਣੇ ਪੀਰ ਦਾ ਵਿਛੋੜਾ ਸਹਿਣ ਨਹੀਂ ਕਰ ਸਕਦਾ, ਇਵੇਂ ਹੀ ਇਕ ਸਿਖ ਵੀ ਗੁਰੂ ਦਾ ਵਿਛੋੜਾ ਸਹਿਣ ਨਹੀਂ ਕਰ ਸਕਦਾ।

ਸੋ, ਅਸੀਂ ਵੀ ਗੁਰੂ ਦੇ ਆਸ਼ਕ ਬਣ ਜਾਈਏ, ਸੱਚੇ ਪ੍ਰਭੂ ਦੇ ਆਸ਼ਕ ਬਣ ਜਾਈਏ ਤਾਕਿ ਇਹ ਜੀਵਨ ਦੁਨੀਆ ਦੇ ਝੂਠੇ ਪਦਾਰਥਾਂ ਦਾ ਦੀਵਾਨਾ ਨਾ ਬਣੇ, ਸਗੋਂ ਪਰਮਾਤਮਾ ਦਾ ਪ੍ਰੇਮੀ ਬਣ ਕੇ ਹਰ ਰੁਕਾਵਟ ਨੂੰ ਲੰਘ ਕੇ ਪ੍ਰਭੂ ਨਾਲ ਇਕਮਿਕ ਹੋ ਸਕੇ। ਮਹਾਂਪੁਰਸ਼ਾਂ ਦਾ ਕਥਨ ਹੈ:

*ਰਾਹ ਪ੍ਰੇਮ ਵਿਚ ਮਾਰੂ ਬੱਦਲ ਜ਼ਾਲਮ ਬਿਜਲੀ ਕੜਕੇ।*
*ਉਹਨਾਂ ਮੰਜ਼ਲ ਤੈਹ ਕੀ ਕਰਨੀ ਜਿਨ੍ਹਾਂ ਦਾ ਦਿਲ ਧੜਕੇ।*
*ਸੱਚੇ ਆਸ਼ਕ ਮੂਲ ਨਾ ਡਰਦੇ ਤਾਹਨਿਆਂ ਦੁੱਖਾਂ ਪਾਸੋਂ ।*
*ਲਾਵਣ ਤੇ ਜਾ ਤੋੜ ਨਿਭਾਵਣ ਡਰਨ ਨਾ ਨਿਕਲਣ ਸਾਸੋਂ।*
*ਦੀਵੇ ਅੰਦਰ ਜਿਉਂ ਜਿਉਂ ਬੱਤੀ ਸਿਰ ਆਪਣਾ ਕਟਵਾਵੇ।*
*ਤਿਉਂ ਤਿਉਂ ਰੋਸ਼ਨ ਬਹੁਤੀ ਹੋਵੇ ਚਾਨਣ ਘਣਾ ਦਿਖਾਵੇ।*
*ਤੈਸੇ ਜਿਹੜੇ ਸੱਚੇ ਪ੍ਰੇਮੀ ਆਸ਼ਕ ਰੱਬ ਕਹਾਵਣ।*
*ਜਿਉਂ ਜਿਉਂ ਆਵਣ ਦੁੱਖ ਤਿਨ੍ਹਾਂ ਨੂੰ ਤਿਉਂ ਤਿਉਂ ਪ੍ਰੇਮ ਵਧਾਵਣ।*

ਇਹੋ ਜਿਹੇ ਸੱਚੇ ਆਸ਼ਕ ਬਣ ਕੇ ਜੀਵਨ ਬਿਤਾਈਏ ਤਾਕਿ ਪ੍ਰਭੂ ਦੀ ਪ੍ਰਾਪਤੀ ਹੋ ਜਾਏ। ਸੱਚ ਦੀ ਪ੍ਰਾਪਤੀ ਲਈ ਸਭ ਕੁਝ ਕੁਰਬਾਨ ਕਰ ਦੇਣਾ ਹੀ ਸੱਚੇ ਦੀਵਾਨੇ ਦਾ ਜੀਵਨ ਹੈ, ਝੂਠੇ ਸੰਸਾਰ ਲਈ ਸਭ ਕੁਝ ਗਵਾ ਬੈਠਣਾ ਹੀ ਝੂਠੇ ਦੀਵਾਨੇ ਦੀ ਬੇਸਮਝੀ ਹੈ।

•

Sri Satguru Jagjit Singh Ji eLibrary NamdhariElibrary@gmail.com

# ਸੀਤਲਤਾ ਤੇ ਤਪਸ਼

ਤਪਦੇ ਸੜਦੇ ਜਗਤ ਨੂੰ ਠੰਡਕ ਦੀ ਲੋੜ ਹੈ, ਤਪਦੇ ਹੋਏ ਨੂੰ ਠੰਡਾ ਕਰਨ ਵਾਲਾ ਪਦਾਰਥ ਚਾਹੀਦਾ ਹੈ, ਸੜਦੇ ਹੋਏ ਨੂੰ ਬੁਝਾਣ ਵਾਲੇ ਪਦਾਰਥ ਦੀ ਲੋੜ ਹੈ। ਜਦੋਂ ਕਿਤੇ ਬਾਹਰ ਦੀ ਤਪਸ਼ ਅੱਗ ਤੋਂ ਜਾਂ ਸੂਰਜ ਤੋਂ ਮਿਲਦੀ ਹੈ, ਉਸ ਸਮੇਂ ਕਿਸੇ ਛਾਯਾ ਦੀ ਲੋੜ ਮਹਿਸੂਸ ਹੁੰਦੀ ਹੈ। ਜਦੋਂ ਕਿਤੇ ਅੰਦਰ ਦੀ ਤਪਸ਼ ਤੇ ਸਾੜਾ ਪੈਦਾ ਹੁੰਦਾ ਹੈ, ਤਾਂ ਇਸ ਨੂੰ ਵੀ ਬੁਝਾਣ ਲਈ ਐਸੀ ਛਾਂ ਚਾਹੀਦੀ ਹੈ, ਐਸਾ ਪਾਣੀ ਚਾਹੀਦਾ ਹੈ ਜਿਸ ਨਾਲ ਅੰਦਰ ਹਿਰਦੇ ਦੀ ਤਪਸ਼ ਮਿਟ ਜਾਵੇ। ਜਿਵੇਂ ਬਾਹਰ ਦੀ ਅੱਗ ਨਾਲ ਸਭ ਕੁਝ ਸੜ ਜਾਂਦਾ ਹੈ, ਇਵੇਂ ਹੀ ਅੰਦਰ ਹਿਰਦੇ ਵਿਚ ਵੀ ਇਕ ਐਸੀ ਅੱਗ ਹੈ ਜੋ ਸਭ ਕੁਝ ਸਾੜ ਦਿੰਦੀ ਹੈ। ਸ਼ੁਭ ਗੁਣ ਸੜ ਜਾਂਦੇ ਹਨ, ਸ਼ੁਭ ਵਿਚਾਰ ਸਮਾਪਤ ਹੋ ਜਾਂਦੇ ਹਨ।

ਬਾਹਰ ਦੀ ਅੱਗ ਵੀ ਵੱਖਰੀ ਵੱਖਰੀ ਕਿਸਮ ਦੀ ਹੈ ਤੇ ਅੰਦਰ ਦੀ ਅੱਗ ਵੀ ਵੱਖਰੀ ਵੱਖਰੀ ਕਿਸਮ ਦੀ ਹੈ। ਅਗਨ ਦੀਆਂ ਚਾਰ ਕਿਸਮਾਂ ਹਨ:

1. ਜਕਾਰਤਾ ਅਗਨ;
2. ਜਠਰ ਅਗਨ;
3. ਦਾਵਾਨਲ ਅਗਨ,
4. ਬੜਵਾ ਅਗਨ।

ਜੋ ਅੱਗ ਧਰਤੀ ਦੇ ਅੰਦਰ ਲੋਹੇ ਆਦਿਕ ਦੀਆਂ ਖਾਣਾਂ ਵਿਚ ਲੱਗਦੀ ਹੈ, ਉਸ ਨੂੰ ਜਕਾਰਤਾ ਅਗਨ ਕਿਹਾ ਜਾਂਦਾ ਹੈ। ਇਹ ਅੱਗ ਖਾਣਾਂ ਵਿਚ ਕੰਮ ਕਰਦੇ ਮਜ਼ਦੂਰਾਂ ਨੂੰ ਅਤੇ ਪੈਦਾ ਹੁੰਦੀ ਧਾਤ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ।

ਦੂਸਰੀ ਹੈ ਜਠਰ ਅਗਨ, ਜੋ ਹਰ ਮਨੁੱਖ ਦੇ ਪੇਟ ਵਿਚ ਹੁੰਦੀ ਹੈ ਤੇ ਜੋ ਭੋਜਨ ਖਾਧਾ ਜਾਂਦਾ ਹੈ, ਉਸ ਨੂੰ ਭਸਮ ਕਰਦੀ ਰਹਿੰਦੀ ਹੈ।

ਤੀਸਰੀ ਹੈ ਦਾਵਾਨਲ ਅਗਨ, ਜੋ ਜੰਗਲ ਵਿਚ ਪੈਦਾ ਹੋਏ ਬਾਂਸਾਂ ਤੋਂ ਪੈਦਾ ਹੁੰਦੀ ਹੈ ਅਤੇ ਬਾਂਸਾਂ ਨੂੰ ਵੀ ਸਾੜ ਦਿੰਦੀ ਹੈ, ਹੋਰ ਦਰੱਖ਼ਤਾਂ ਨੂੰ ਵੀ ਸਾੜਦੀ ਹੈ ਤੇ ਜੰਗਲ ਦੇ ਪਸ਼ੂ-ਪੰਛੀਆਂ ਨੂੰ ਵੀ ਸਾੜ ਦਿੰਦੀ ਹੈ।

ਚੌਥੀ ਹੈ ਬੜਵਾ ਅਗਨ, ਜੋ ਕਿ ਸਮੁੰਦਰ ਵਿਚ ਹੁੰਦੀ ਹੈ ਤੇ ਸਮੁੰਦਰ ਦੇ ਪਾਣੀ ਅੰਦਰ ਰਹਿ ਕੇ ਪਾਣੀ ਨੂੰ ਸੁਕਾਂਦੀ ਰਹਿੰਦੀ ਹੈ।

ਇਹਨਾਂ ਚਾਰ ਕਿਸਮਾਂ ਦੀ ਅੱਗ ਨਾਲ ਜ਼ਰੂਰੀ ਨਹੀਂ ਹੈ ਕਿ ਨੁਕਸਾਨ ਹੀ ਹੋਵੇ

Sri Satguru Jagjit Singh Ji eLibrary NamdhariElibrary@gmail.com

ਜਿਵੇਂ ਕਿ ਪੇਟ ਵਿਚ ਰਹਿਣ ਵਾਲੀ ਜਠਰ ਅਗਨ ਦਾ ਹੋਣਾ ਜ਼ਰੂਰੀ ਹੈ ਤਾਕਿ ਭੋਜਨ ਠੀਕ ਢੰਗ ਨਾਲ ਪਚ ਸਕੇ। ਪਰ ਇਹ ਸੀਮਿਤ ਦਸ਼ਾ ਤਕ ਹੀ ਹੋਵੇ ਤਾਂ ਠੀਕ ਹੈ, ਜੇਕਰ ਬਹੁਤ ਜ਼ਿਆਦਾ ਵਧ ਜਾਵੇ ਤਾਂ ਮਿਹਦੇ ਵਿਚ ਗਰਮੀ ਪੈ ਜਾਣ ਕਰਕੇ ਕਈ ਬੀਮਾਰੀਆਂ ਨੂੰ ਜਨਮ ਦਿੰਦੀ ਹੈ। ਤਿਵੇਂ ਹੀ ਬਾਂਸਾਂ ਤੋਂ ਪੈਦਾ ਹੋਣ ਵਾਲੀ ਅਗਨ ਜਿਸ ਨੂੰ ਅੱਜ ਕੱਲ ਮਾਚਿਸ ਰਾਹੀਂ ਵੀ ਅਸੀਂ ਪੈਦਾ ਕਰਦੇ ਹਾਂ, ਇਹ ਅਗਨ ਵੀ ਲੋੜ ਮੁਤਾਬਕ ਤੇ ਸਮੇਂ ਅਨੁਸਾਰ ਪੈਦਾ ਕੀਤੀ ਜਾਵੇ ਤਾਂ ਘਰ ਵਿਚ ਰੋਟੀ, ਸਬਜ਼ੀ ਤੇ ਹੋਰ ਕਈ ਕੰਮ ਕਰਨ ਵਿਚ ਸਹਾਇਕ ਹੁੰਦੀ ਹੈ। ਇਹ ਦਾਵਾਨਲ ਅਗਨ ਵੀ ਜੇਕਰ ਇਤਨੀ ਜ਼ਿਆਦਾ ਹੀ ਵਧ ਜਾਵੇ ਕਿ ਸਾਰਾ ਘਰ ਹੀ ਸਾੜ ਦੇਵੇ ਤਾਂ ਇਹ ਅੱਗ ਵੀ ਨੁਕਸਾਨ ਦਾ ਕਾਰਣ ਬਣ ਜਾਂਦੀ ਹੈ। ਸਮੁੰਦਰ ਵਿਚਲੀ ਅਗਨ਼ ਵੀ ਇਤਨੀ ਨੁਕਸਾਨਦੇਹ ਨਹੀਂ ਹੈ। ਜੇ ਕਿਤੇ ਖ਼ਤਰਾ ਬਣਨ ਤਾਂ ਅਗਨੀਆਂ ਤੋਂ ਬਚਾਅ ਦਾ ਢੰਗ ਤਾਂ ਕੀਤਾ ਗਿਆ ਹੈ ਪਰ ਜੋ ਅਗਨ ਮਨੁੱਖ ਦੇ ਹਿਰਦੇ ਵਿਚ ਪੈਦਾ ਹੁੰਦੀ ਹੈ, ਉਸ ਤੋਂ ਬਚਾਅ ਦਾ ਢੰਗ ਵੀ ਕਰ ਲੈਣਾ ਚਾਹੀਦਾ ਹੈ। ਸਾਡੇ ਹਿਰਦੇ ਦੀਆਂ ਵੀ ਚਾਰ ਅਗਨੀਆਂ ਹਨ, ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:

**ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥**
**ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥**

*(ਮਾਝ ਵਾਰ ਮ: ੧, ਪੰਨਾ 147)*

ਇਕ ਹੈ ਹਿੰਸਾ ਦੀ ਬਿਰਤੀ, ਇਹ ਵੀ ਅਗਨ ਦੀ ਨਦੀ ਹੈ, ਦੂਸਰੀ ਹੈ ਮੋਹ ਦੀ ਬਿਰਤੀ, ਇਹ ਵੀ ਅੱਗ ਦੀ ਨਦੀ ਹੈ। ਤੀਜੀ ਹੈ ਲੋਭ ਦੀ ਬਿਰਤੀ ਤੇ ਚੌਥੀ ਹੈ ਕ੍ਰੋਧ ਦੀ ਬਿਰਤੀ, ਇਹ ਚਾਰੇ ਹੀ ਅੱਗ ਦੀਆਂ ਨਦੀਆਂ ਹਨ।

ਸਭ ਤੋਂ ਪਹਿਲੀ ਜੋ ਹਿੰਸਾ ਦੀ ਬਿਰਤੀ ਰੂਪ ਅੱਗ ਦੀ ਨਦੀ ਹੈ, ਇਸ ਤੋਂ ਵੀ ਬਚਣਾ ਹੈ। ਹਿੰਸਾ ਤਿੰਨ ਕਿਸਮ ਦੀ ਹੈ—ਮਨ ਕਰਕੇ, ਬਾਣੀ ਕਰਕੇ ਤੇ ਸਰੀਰ ਕਰਕੇ ਕਿਸੇ ਦਾ ਘਾਤ ਕਰਨਾ। ਜਦੋਂ ਕੋਈ ਕਿਸੇ ਦਾ ਮਨ ਕਰਕੇ ਬੁਰਾ ਸੋਚਦਾ ਹੈ, ਤਾਂ ਮਨ ਕਰਕੇ ਉਹ ਕਿਸੇ ਦਾ ਕਤਲ ਕਰ ਰਿਹਾ ਹੈ। ਮਨ ਕਰਕੇ ਕਿਸੇ ਦਾ ਬੁਰਾ ਚਿਤਵਨ ਕਰਨ ਵਾਲਾ ਮਨੁੱਖ ਸੜਦਾ ਰਹਿੰਦਾ ਹੈ, ਚਾਹੇ ਉਹ ਬੰਦਾ ਆਪਣੇ ਤੋਂ ਵੱਡੇ ਨੂੰ ਦੇਖ ਕੇ ਸੜੇ ਤੇ ਚਾਹੇ ਕਿਸੇ ਨਾਲ ਦੁਸ਼ਮਣੀ ਦੀ ਭਾਵਨਾ ਕਰਕੇ ਸੜੇ। ਐਸਾ ਬੰਦਾ ਕਿਸੇ ਦੂਸਰੇ ਨੂੰ ਦੁਖ ਪਹੁੰਚਾ ਸਕੇ ਜਾਂ ਨਾ ਪਰ ਆਪ ਜ਼ਰੂਰ ਸੜਦਾ ਰਹਿੰਦਾ ਹੈ। ਜੋ ਮਨ ਕਰਕੇ ਸਿਮਰਨ ਵਿਚ ਨਹੀਂ ਜੁੜਿਆ, ਜੋ ਮਨ ਕਰਕੇ ਹਰਿ-ਗੁਣ ਨਹੀਂ ਗਾਉਂਦਾ, ਉਹੀ ਬੰਦਾ ਹੀ ਮਨ ਕਰਕੇ ਸੜੇਗਾ।

ਇਕ ਗਾਥਾ ਹੈ—ਇਕ ਛੋਟੇ ਜਿਹੇ ਦੇਸ ਦਾ ਰਾਜਾ ਬੀਮਾਰ ਹੋ ਗਿਆ, ਸਭ ਵੈਦਾਂ ਹਕੀਮਾਂ ਨੇ ਜਵਾਬ ਦੇ ਦਿੱਤਾ ਕਿ ਰਾਜਾ ਨਹੀਂ ਬਚ ਸਕਦਾ। ਇਸ ਗੱਲ ਦੀ ਚਰਚਾ ਸਾਰੇ ਦੇਸ ਵਿਚ ਫੈਲ ਗਈ। ਇਕ ਵਪਾਰੀ ਰਾਜੇ ਦੇ ਦੇਸ ਵਿਚ ਚੰਦਨ ਦਾ ਵਪਾਰ ਕਰਦਾ ਸੀ, ਜਦ ਉਸ ਨੂੰ ਪਤਾ ਲੱਗਾ ਕਿ ਰਾਜਾ ਮਰਨ ਕਿਨਾਰੇ ਹੈ ਤਾਂ ਉਸ ਨੇ ਬਹੁਤ ਸਾਰਾ ਚੰਦਨ ਖ਼ਰੀਦ ਕੇ ਰੱਖ ਲਿਆ ਕਿ ਜਦ ਰਾਜਾ ਮਰੇਗਾ ਤਾਂ ਚੰਦਨ ਦੀਆਂ ਲੱਕੜਾਂ ਨਾਲ ਰਾਜੇ ਦੇ ਸਰੀਰ ਦਾ ਸਸਕਾਰ ਕੀਤਾ ਜਾਵੇਗਾ, ਤੇ ਮੈਨੂੰ

Sri Satguru Jagjit Singh Ji eLibrary NamdhariElibrary@gmail.com

ਚੰਦਨ ਦਾ ਚੰਗਾ ਭਾਅ ਮਿਲ ਜਾਵੇਗਾ। ਪਰ ਕੁਦਰਤੀ ਰਾਜਾ ਆਹਿਸਤਾ ਆਹਿਸਤਾ ਠੀਕ ਹੋਣਾ ਸ਼ੁਰੂ ਹੋ ਗਿਆ। ਇਧਰੋਂ ਰਾਜਾ ਠੀਕ ਹੋ ਰਿਹਾ ਸੀ, ਪਰ ਉਧਰੋਂ ਵਪਾਰੀ ਦੇ ਮਨ ਦੀ ਹਾਲਤ ਐਸੀ ਖ਼ਰਾਬ ਹੋ ਗਈ ਕਿ ਉਹ ਸੋਚ ਰਿਹਾ ਸੀ ਕਿ ਰਾਜਾ ਮਰੇ ਤੇ ਮੇਰਾ ਚੰਦਨ ਵਿਕੇ। ਪਰੰਤੂ ਰਾਜਾ ਤਾਂ ਬਿਲਕੁਲ ਠੀਕ ਹੋ ਗਿਆ ਸੀ।

ਇਕ ਦਿਨ ਸ਼ਹਿਰ ਵਿੱਚੋਂ ਰਾਜਾ ਲੰਘ ਰਿਹਾ ਸੀ ਕਿ ਓਸੇ ਵਪਾਰੀ ਦੀ ਬਹੁ-ਮੰਜ਼ਲਾ ਇਮਾਰਤ ਦੇਖ ਕੇ ਰੁਕ ਗਿਆ ਤੇ ਕਹਿਣ ਲੱਗਾ ਕਿ ਐ ਵਜ਼ੀਰ, ਇਹ ਇਤਨੀ ਉੱਚੀ ਇਮਾਰਤ ਕਿਸ ਦੀ ਇਜਾਜ਼ਤ ਨਾਲ ਬਣਾਈ ਗਈ ਹੈ ? ਜੇਕਰ ਇਹ ਇਮਾਰਤ ਡਿੱਗ ਪਵੇ ਤਾਂ ਆਸੇ ਪਾਸੇ ਦੀਆਂ ਹੋਰ ਇਮਾਰਤਾਂ ਨੂੰ ਬੜਾ ਭਾਰੀ ਨੁਕਸਾਨ ਪਹੁੰਚਾ ਸਕਦੀ ਹੈ, ਲੰਘਦੇ ਬੰਦਿਆਂ ਦਾ ਵੀ ਨੁਕਸਾਨ ਹੋ ਸਕਦਾ ਹੈ। ਇਸ ਕਰਕੇ ਇਸ ਇਮਾਰਤ ਦੇ ਮਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। ਉਸ ਦਾ ਸਾਰਾ ਸਾਮਾਨ ਜ਼ਬਤ ਕਰ ਕੇ ਇਹ ਇਮਾਰਤ ਢਾਹ ਦਿੱਤੀ ਜਾਵੇ। ਵਜ਼ੀਰ ਕਹਿਣ ਲੱਗਾ, "ਜੀ ਸਤਿ ਬਚਨ।" ਰਾਜਾ ਤਾਂ ਚਲਾ ਗਿਆ ਪਰ ਵਜ਼ੀਰ ਸੋਚਣ ਲੱਗਾ ਕਿ ਇਹੋ ਜਿਹੀਆਂ ਇਮਾਰਤਾਂ ਤਾਂ ਹੋਰ ਵੀ ਕਈ ਹਨ, ਪਰ ਰਾਜੇ ਨੂੰ ਇਸ ਮਾਲਕ ਮਕਾਨ 'ਤੇ ਇਤਨਾ ਗ਼ੁੱਸਾ ਕਿਉਂ ਆਇਆ ਹੈ ? ਵਜ਼ੀਰ ਉਸ ਵਪਾਰੀ ਕੋਲ ਗਿਆ ਤੇ ਕਹਿਣ ਲੱਗਾ ਕਿ ਸੱਚ ਸੱਚ ਦੱਸ, ਤੇਰੇ ਮਨ ਵਿਚ ਰਾਜੇ ਦੇ ਪ੍ਰਤਿ ਕੋਈ ਬੁਰੀ ਭਾਵਨਾ ਤਾਂ ਨਹੀਂ। ਪਹਿਲਾਂ ਤਾਂ ਵਪਾਰੀ ਮੁੱਕਰ ਗਿਆ ਪਰ ਜਦ ਵਜ਼ੀਰ ਨੇ ਰਾਜੇ ਦਾ ਹੁਕਮ ਸੁਣਾਇਆ ਤਾਂ ਵਪਾਰੀ ਨੇ ਸੱਚ ਸੱਚ ਦੱਸ ਦਿੱਤਾ ਕਿ ਮੇਰੇ ਘਰ ਵਿਚ ਚੰਦਨ ਜਮ੍ਹਾਂ ਹੋਇਆ ਪਿਆ ਹੈ, ਇਸ ਕਰਕੇ ਮੈਂ ਰਾਜੇ ਦੇ ਜਲਦੀ ਮਰਨ ਦੀ ਸੋਚਦਾ ਰਹਿੰਦਾ ਹਾਂ। ਵਜ਼ੀਰ ਨੇ ਸਾਰਾ ਚੰਦਨ ਖ਼ਰੀਦ ਕੇ ਰੱਖ ਲਿਆ ਤੇ ਵਪਾਰੀ ਨੂੰ ਕਿਹਾ ਕਿ ਅਗਾਂਹ ਤੋਂ ਰਾਜੇ ਦੇ ਮਰਨ ਦੀ ਚਿੰਤਾ ਛੱਡ ਦੇ। ਕਈ ਦਿਨਾਂ ਬਾਅਦ ਰਾਜਾ ਫਿਰ ਉਧਰ ਦੀ ਲੰਘਿਆ ਤੇ ਉਸ ਇਮਾਰਤ ਨੂੰ ਦੇਖ ਕੇ ਕਹਿਣ ਲੱਗਾ ਕਿ ਐ ਵਜ਼ੀਰ, ਤੈਨੂੰ ਕਿਹਾ ਸੀ ਕਿ ਇਸ ਇਮਾਰਤ ਨੂੰ ਢਾਹ ਦੇ। ਇਹ ਇਮਾਰਤ ਢਾਹੀ ਕਿਉਂ ਨਹੀਂ ? ਵਜ਼ੀਰ ਨੇ ਕਿਹਾ ਕਿ ਰਾਜਾ ਸਾਹਿਬ, ਮੈਂ ਅੱਜ ਹੀ ਇਸ ਇਮਾਰਤ ਨੂੰ ਢਾਹੁਣਾ ਸ਼ੁਰੂ ਕਰਵਾ ਦਿੰਦਾ ਹਾਂ। ਰਾਜਾ ਥੋੜ੍ਹੀ ਦੇਰ ਲਈ ਸੋਚਣ ਲੱਗ ਪਿਆ ਤੇ ਫਿਰ ਝਟਪਟ ਆਪ ਹੀ ਕਹਿਣ ਲੱਗਾ ਕਿ ਨਹੀਂ ਵਜ਼ੀਰ, ਇਸ ਇਮਾਰਤ ਨੂੰ ਹੁਣ ਢਾਹੁਣ ਦਾ ਮੇਰਾ ਇਰਾਦਾ ਬਦਲ ਗਿਆ ਹੈ, ਇਹ ਉੱਚੀ ਇਮਾਰਤ ਤਾਂ ਸਾਡੇ ਸ਼ਹਿਰ ਦੀ ਸੋਭਾ ਹੈ। ਇਹੋ ਜਿਹੀਆਂ ਤਾਂ ਹੋਰ ਵੀ ਕਈ ਇਮਾਰਤਾਂ ਹਨ। ਉਹੀ ਰਾਜਾ ਹੈ, ਉਹੀ ਇਮਾਰਤ ਹੈ, ਉਹੀ ਸੇਠ ਹੈ ਪਰ ਹੁਣ ਦੋਹਾਂ ਦੀ ਸੋਚਣੀ ਵਿਚ ਬਹੁਤ ਫ਼ਰਕ ਹੈ। ਜੇਕਰ ਵਪਾਰੀ ਰਾਜੇ ਦੇ ਮਰਨ ਨੂੰ ਲੋਚਦਾ ਹੈ ਤਾਂ ਰਾਜਾ ਵੀ ਉਸ ਦਾ ਬੁਰਾ ਸੋਚਦਾ ਹੈ। ਜੇਕਰ ਵਪਾਰੀ ਦਾ ਮਨ ਰਾਜੇ ਪ੍ਰਤਿ ਠੀਕ ਹੈ ਤਾਂ ਰਾਜਾ ਵੀ ਵਪਾਰੀ ਪ੍ਰਤਿ ਕੋਈ ਗ਼ਲਤ ਭਾਵਨਾ ਨਹੀਂ ਰੱਖਦਾ।

**ਪਰ ਕਾ ਬੁਰਾ ਨ ਰਾਖਹੁ ਚੀਤ॥**
**ਤੁਮ ਕਉ ਦੁਖੁ ਨਹੀ ਭਾਈ ਮੀਤ॥** *(ਆਸਾ ਮ: ੫, ਪੰਨਾ 386)*

ਇਸ ਕਰਕੇ ਮਨ ਨਾਲ ਕਿਸੇ ਦਾ ਬੁਰਾ ਸੋਚਣਾ, ਆਪਣਾ ਹੀ ਨੁਕਸਾਨ

Sri Satguru Jagjit Singh Ji eLibrary NamdhariElibrary@gmail.com

ਕਰਵਾਉਂਦਾ ਹੈ ਤੇ ਮਨ ਦੀ ਹਾਲਤ ਵੀ ਦੁਖੀ ਰਹਿੰਦੀ ਹੈ। ਮਨ ਕਰਕੇ ਦੂਸਰਿਆਂ ਦਾ ਸਦੀਵੀ ਭਲਾ ਸੋਚਣਾ ਹੀ ਮਨ ਦੀ ਹਿੰਸਾ ਦਾ ਤਿਆਗ ਹੈ। ਮਨ ਕਰਕੇ ਸਿਮਰਨ ਵਿਚ ਜੁੜੇ ਰਹਿਣ ਨਾਲ ਹੀ ਸਭ ਦਾ ਭਲਾ ਮੰਗਣ ਦੀ ਅਵਸਥਾ ਮਿਲਦੀ ਹੈ। ਦੂਸਰਾ ਹੈ ਬਾਣੀ ਕਰਕੇ, ਕੌੜੇ ਬਚਨ ਬੋਲ ਕੇ ਕਿਸੇ ਨੂੰ ਸਾੜਨਾ ਨਹੀਂ, ਕਿਉਂਕਿ ਕਿਸੇ ਦਾ ਦਿਲ ਦੁਖੀ ਕਰਨਾ ਹੀ ਦੂਜੇ ਨੂੰ ਸਾੜਨਾ ਹੈ। ਕੌੜੇ ਬਚਨ ਬੋਲਣ ਵਾਲਾ ਖ਼ੁਦ ਵੀ ਸੜਦਾ ਰਹਿੰਦਾ ਹੈ। ਇਹ ਬੋਲਾਂ ਦੀ ਹਿੰਸਾ ਵੀ ਤਿਆਗਣੀ ਹੈ ਤਾਂ ਜੋ ਰਸਨਾ ਦੇ ਬੋਲ ਮਿੱਠੇ ਵੀ ਹੋਵਣ ਤੇ ਸਿਮਰਨ ਰਸਨਾ 'ਤੇ ਟਿਕਿਆ ਰਹੇ।

ਤੀਸਰਾ, ਸਰੀਰ ਕਰਕੇ ਵੀ ਕਿਸੇ ਦਾ ਕਤਲ ਨਹੀਂ ਕਰਨਾ। ਸਰੀਰਕ ਹਿੰਸਾ ਵਿਚ ਕਿਸੇ ਦਾ ਕਤਲ ਵੀ ਹਿੰਸਾ ਹੈ ਤੇ ਕਿਸੇ ਨੂੰ ਮਾਰਨਾ-ਕੁੱਟਣਾ ਵੀ ਹਿੰਸਾ ਹੈ। ਹਿੰਸਾ ਕਰਨ ਵਾਲਾ ਵੀ ਸੜਦਾ ਰਹਿੰਦਾ ਹੈ। ਤਨ ਨਾਲ ਕਿਸੇ ਦਾ ਭਲਾ ਕਰਨਾ ਹੀ ਠੰਡਾ ਰਹਿਣ ਦੀ ਜਾਚ ਹੈ। ਇਹ ਤਿੰਨ ਕਿਸਮ ਦੀ ਹਿੰਸਾ ਦਾ ਇਕ ਰੂਪ ਹੈ। ਪਹਿਲੀ ਹਿੰਸਾ ਦੀ ਅਗਨ ਤੋਂ ਬਚਣਾ ਹੈ। ਦੂਸਰੀ ਹੈ ਹੇਤ ਦੀ ਅੱਗ, ਜਿਸ ਨੂੰ ਅਸੀਂ ਮੋਹ ਦੇ ਰੂਪ ਵਿਚ ਦੇਖ ਸਕਦੇ ਹਾਂ। ਕਿਸੇ ਨਾਲ ਹੇਤ ਕਰਨਾ, ਇਹ ਵੀ ਤਪਸ਼ ਹੈ। ਦੁਨੀਆ ਵਿਚ ਜਿਸ ਨਾਲ ਵੀ ਮੋਹ ਕਰਾਂਗੇ, ਉਹ ਸਾਨੂੰ ਸ਼ਾਂਤੀ-ਠੰਡਕ ਨਹੀਂ ਦੇ ਸਕੇਗਾ। ਕਿਸੇ ਸੰਬੰਧੀ ਨਾਲ ਅੱਜ ਬੜਾ ਮੋਹ ਕਰ ਲਈਏ ਤੇ ਕੱਲ ਨੂੰ ਉਹ ਸੰਬੰਧੀ ਸਦੀਵੀ ਵਿਛੋੜਾ ਦੇ ਜਾਵੇ ਤਾਂ ਵੀ ਤਪਸ਼ ਪੈਦਾ ਕਰੇਗਾ ਜਾਂ ਉਹ ਸੰਬੰਧੀ ਕਿਸੇ ਕਾਰਣ ਸਵਾਰਥੀ ਬਣ ਕੇ ਧੋਖਾ ਦੇ ਦੇਵੇ ਤਾਂ ਵੀ ਕੀਤਾ ਮੋਹ ਸਾੜੇ ਦਾ ਕਾਰਣ ਬਣ ਜਾਵੇਗਾ। ਇਸ ਕਰਕੇ ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਮੋਹ ਕਰੋ ਤਾਂ ਇਕ ਨਿਰੰਕਾਰ ਨਾਲ, ਜੋ ਸਦੀਵੀ ਸਾਡਾ ਸਾਥੀ ਹੈ:

**ਅਬ ਮਨ ਏਕਸ ਸਿਉ ਮੋਹੁ ਕੀਨਾ॥**
**ਮਰੈ ਨ ਜਾਵੈ ਸਦ ਹੀ ਸੰਗੇ ਸਤਿਗੁਰ ਸਬਦੀ ਚੀਨਾ॥**

*(ਧਨਾਸਰੀ ਮ: ੫, ਪੰਨਾ 670)*

ਤੀਸਰੀ ਅਗਨ ਹੈ ਲੋਭ ਦੀ ਅੱਗ। ਲੋਭ ਵਿਚ ਫਸਿਆ ਬੰਦਾ ਵੀ ਸ਼ਾਂਤੀ ਨਾਲ ਟਿਕਾਉ ਵਿਚ ਨਹੀਂ ਬੈਠ ਸਕਦਾ:

**ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥**

*(ਆਸਾ ਮ: ੯, ਪੰਨਾ 411)*

ਜੋ ਕੁਝ ਅੱਜ ਪ੍ਰਾਪਤ ਹੋਇਆ ਹੈ ਉਹ ਕਾਫ਼ੀ ਹੈ, ਇਸ ਭਾਵਨਾ ਦਾ ਨਾਮ ਹੈ—ਸੰਤੋਖ। ਪਰ ਜੋ ਕੁਝ ਵੀ ਮੇਰੇ ਪਾਸ ਹੈ, ਇਹ ਥੋੜਾ ਹੈ, ਹੋਰ ਚਾਹੀਦਾ ਹੈ ਤੇ ਹੋਰ ਪ੍ਰਾਪਤ ਕਰਨ ਵਾਸਤੇ ਕੋਈ ਵੀ ਢੰਗ ਵਰਤਣਾ ਪਵੇ, ਉਹੀ ਢੰਗ ਵਰਤ ਕੇ ਪੈਸਾ ਕਮਾਉਣਾ—ਇਹ ਹੈ ਲੋਭ। ਜਦੋਂ ਬੰਦਾ ਧਰਮ-ਅਧਰਮ ਦੀ ਵਿਚਾਰ ਭੁੱਲ ਕੇ ਧਨ ਦੀ ਕਮਾਈ ਕਰਨ ਵਿਚ ਲੱਗ ਜਾਵੇ, ਐਸਾ ਬੰਦਾ ਵੀ ਤਪਸ਼ ਵਿਚ ਹੀ ਜੀਵਨ ਬਤੀਤ ਕਰਦਾ ਹੈ। ਕੰਮ-ਕਾਰ ਕਰਨਾ, ਵਪਾਰ ਕਰਨਾ ਕੋਈ ਗੁਨਾਹ ਨਹੀਂ ਹੈ ਪਰ ਰਾਤ ਦਿਨ ਧਨ ਦੀ ਹੀ ਸੋਚ ਬਣ ਜਾਣੀ ਗੁਨਾਹ ਹੈ। ਇਹੀ ਲੋਭ ਹੈ, ਇਹੀ ਅੱਗ

Sri Satguru Jagjit Singh Ji eLibrary NamdhariElibrary@gmail.com

ਦੀ ਨਦੀ ਹੈ। ਇਸ ਤੋਂ ਵੀ ਬਚਣਾ ਹੈ, ਲੋਭ ਦੀ ਅੱਗ ਤੋਂ ਬਚਣ ਵਾਲਾ ਬੰਦਾ ਹੀ ਸ਼ਾਂਤ ਰਹਿ ਸਕਦਾ ਹੈ।

ਮਨ ਵਿਚ ਸ਼ਬਦ ਹੈ ਤਾਂ ਸ਼ੁਕਰ ਹੈ ਕਿ ਐ ਪਰਮਾਤਮਾ, ਜੋ ਤੂੰ ਦਿੱਤਾ ਹੈ ਬਹੁਤ ਹੈ, ਜੋ ਤੂੰ ਹੋਰ ਦੇਵੇਂਗਾ ਉਹ ਵੀ ਬਹੁਤ ਹੋਵੇਗਾ। ਵਾਹਿਗੁਰੂ ਦੀ ਕ੍ਰਿਪਾ ਹੋਵੇ ਤਾਂ ਬੰਦਾ ਲੋਭ ਦੀ ਅੱਗ ਤੋਂ ਬਚਿਆ ਰਹਿ ਸਕਦਾ ਹੈ, ਲੋਭ ਦੀ ਦੂਸਰੀ ਅਵਸਥਾ ਦਾ ਨਾਮ ਹੀ ਤ੍ਰਿਸ਼ਨਾ ਹੈ:

**ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ॥**
**ਨਾਨਕ ਉਧਰੇ ਪ੍ਰਭ ਸਰਣਾਈ॥** *(ਧਨਾਸਰੀ ਮ: ੫, ਪੰਨਾ 684)*

ਇਸ ਤੋਂ ਅੱਗੇ ਹੈ ਚੌਥੀ ਅਗਨ—ਕ੍ਰੋਧ ਦੀ। ਕ੍ਰੋਧ ਦੀ ਅੱਗ ਵਿਚ ਜਦੋਂ ਬੰਦਾ ਸੜਦਾ ਹੈ ਤਾਂ ਟਿਕਾਉ ਮੁੱਕ ਜਾਂਦਾ ਹੈ। ਕ੍ਰੋਧ ਨਾਲ ਖ਼ੁਦ ਵੀ ਸੜਦਾ ਹੈ, ਦੂਜਿਆਂ ਨੂੰ ਵੀ ਸਾੜਦਾ ਹੈ। ਆਮ ਤੌਰ 'ਤੇ ਕ੍ਰੋਧ ਉਸ ਸਮੇਂ ਜਨਮ ਲੈਂਦਾ ਹੈ ਜਦੋਂ ਕਿਸੇ ਕਾਮਨਾ ਨੂੰ ਪੂਰੀ ਕਰਨਾ ਚਾਹੁੰਦਾ ਹੈ, ਪਰ ਉਹ ਕਾਮਨਾ ਅਧੂਰੀ ਰਹਿ ਜਾਂਦੀ ਹੈ। ਜਿਹੜੀ ਗੱਲ ਮੈਂ ਕਹਿੰਦਾ ਹਾਂ ਇਹ ਪੂਰੀ ਹੋਵੇ—ਜਦੋਂ ਇਹ ਪੂਰੀ ਨਹੀਂ ਹੁੰਦੀ ਤਦ ਕ੍ਰੋਧ ਪੈਦਾ ਹੁੰਦਾ ਹੈ। ਇਹ ਕ੍ਰੋਧ ਘਰ ਪਰਿਵਾਰ 'ਤੇ ਵੀ ਪੈਦਾ ਹੋ ਸਕਦਾ ਹੈ, ਇਹ ਕ੍ਰੋਧ ਬਿਗਾਨੇ ਕਿਸੇ ਬੰਦੇ 'ਤੇ ਵੀ ਪੈਦਾ ਹੋ ਸਕਦਾ ਹੈ, ਇਹ ਕ੍ਰੋਧ ਕਦੀ ਕਦਾਈਂ ਖ਼ੁਦ ਨੂੰ ਆਤਮ-ਹੱਤਿਆ ਦੀ ਤਰਫ਼ ਵੀ ਲੈ ਜਾਂਦਾ ਹੈ। ਅੱਗ ਤਾਂ ਇਤਨੀ ਦੂਰ ਜਾ ਕੇ ਕਿਸੇ ਨੂੰ ਨਹੀਂ ਸਾੜ ਸਕਦੀ, ਪਰ ਕ੍ਰੋਧ ਦੇ ਕੁਝ ਸ਼ਬਦ, ਪੱਤਰ ਵਿਚ ਲਿਖ ਕੇ, ਹਜ਼ਾਰਾਂ ਮੀਲ ਦੂਰ ਭੇਜ ਦਿੱਤੇ ਜਾਣ ਤਾਂ ਓਥੇ ਹੀ ਚਿੱਠੀ ਪੜ੍ਹਨ ਵਾਲਾ ਸੜ ਜਾਂਦਾ ਹੈ। ਕ੍ਰੋਧ ਨੂੰ ਤਾਂ ਜ਼ਹਿਰ ਨਾਲੋਂ ਵੀ ਬੁਰਾ ਕਿਹਾ ਗਿਆ ਹੈ।

*ਸਾਰਕੁਤਾਵਲੀ* ਦਾ ਕਰਤਾ ਲਿਖਦਾ ਹੈ ਕਿ:

*ਕਾਲ ਕੂਟ ਅਰ ਕ੍ਰੋਧ ਮੈਂ ਬਡੋ ਅੰਤਰੋ ਆਹਿ।*
*ਕ੍ਰੋਧ ਨਿਜਾਸਰੈ ਕੋ ਦਹੈ, ਵਿਖ ਨਹਿ ਸਵਾਸ੍ਰੈ ਦਾਹਿ।*

ਜ਼ਹਿਰ ਤਾਂ ਜਿਸ ਭਾਂਡੇ ਵਿਚ ਹੁੰਦਾ ਹੈ, ਉਸ ਭਾਂਡੇ ਦਾ ਕੁਝ ਨਹੀਂ ਵਿਗਾੜਦਾ, ਪਰ ਜਿਹੜਾ ਇਸ ਨੂੰ ਖਾਂਦਾ ਹੈ, ਉਸ ਦਾ ਹੀ ਨੁਕਸਾਨ ਕਰਦਾ ਹੈ। ਪਰ ਕ੍ਰੋਧ ਤਾਂ ਜਿਸ ਹਿਰਦੇ-ਰੂਪੀ ਭਾਂਡੇ ਵਿਚ ਪੈਦਾ ਹੋ ਜਾਵੇ, ਉਸ ਨੂੰ ਵੀ ਸਾੜਦਾ ਹੈ ਤੇ ਦੂਸਰੇ 'ਤੇ ਵੀ ਕ੍ਰੋਧ ਦੇ ਬੋਲ ਸਾੜਨ ਦਾ ਅਸਰ ਕਰਦੇ ਹਨ। ਇਹ ਤਾਂ ਕਿਤੇ ਕਿਤੇ ਹੀ ਕੋਈ ਚੰਗੇ ਜੀਵਨ ਵਾਲਾ ਬੰਦਾ ਹੋਵੇਗਾ ਜੋ ਕ੍ਰੋਧੀ ਦੇ ਬੋਲ ਸੁਣ ਕੇ ਵੀ ਠੰਡਾ ਰਹਿੰਦਾ ਹੋਵੇ। ਜਿਵੇਂ ਕਿ ਇਕ ਗਾਥਾ ਹੈ—ਇਕ ਦਿਨ ਸੁਥਰਾ ਜਾ ਰਿਹਾ ਸੀ। ਰਸਤੇ ਵਿਚ ਲੰਗੋਟੀ ਪਹਿਣ ਕੇ ਬੈਠੇ ਇਕ ਨਾਂਗੇ ਸਾਧੂ ਨੂੰ ਤੱਕਿਆ ਤੇ ਰੁਕ ਗਿਆ। ਉਸ ਦੇ ਸਰੀਰ 'ਤੇ ਲੱਗੀ ਸੁਆਹ ਦੇਖੀ ਤੇ ਉਂਗਲ ਨਾਲ ਝਟਪਟ ਥੋੜੀ ਜਿਹੀ ਸੁਆਹ ਉਤਾਰ ਕੇ ਪੁੱਛਦਾ ਹੈ ਕਿ ਬਾਵਾ ਜੀ, ਇਹ ਕੀ ਹੈ ? ਨਾਂਗਾ ਬੋਲਿਆ ਕਿ ਇਹ ਸੁਆਹ ਹੈ। ਫਿਰ ਪੁੱਛਦਾ ਹੈ ਕਿ ਇਹ ਸੁਆਹ ਕਿਸ ਚੀਜ਼ ਦੀ ਬਣਾਈ ਹੈ। ਬਾਵਾ ਬੋਲਿਆ ਕਿ ਇਹ ਗਾਂ ਦੇ ਗੋਹੇ ਦੀ ਹੈ। ਬਾਵਾ ਜੀ ਹੁਣ ਕੁਝ ਗਰਮ ਹੋ ਚੁੱਕੇ ਸਨ। ਸੁਥਰਾ ਫਿਰ

ਪੁੱਛਦਾ ਹੈ ਕਿ ਬਾਵਾ ਜੀ, ਜਿਸ ਗਾਂ ਦੇ ਗੋਹੇ ਦੀ ਸੁਆਹ ਬਣਾਈ ਜੇ, ਉਹ ਗਾਂ ਕਾਲੀ ਸੀ ਜਾਂ ਸਫ਼ੈਦ। ਬਾਵਾ ਜੀ ਨੂੰ ਹੁਣ ਗ਼ੁੱਸਾ ਚੜ੍ਹ ਗਿਆ, ਚਿਮਟਾ ਚੁੱਕ ਕੇ ਸੁਥਰੇ ਨੂੰ ਮਾਰਨ ਲੱਗਾ ਕਿ ਠਹਿਰ ਤੈਨੂੰ ਦੱਸਦਾ ਹਾਂ ਕਿ ਕਿਹੜੇ ਰੰਗ ਦੀ ਗਾਂ ਸੀ। ਸੁਥਰਾ ਦੌੜ ਪਿਆ ਅੱਗੇ ਅੱਗੇ, ਤੇ ਬਾਵਾ ਜੀ ਪਿੱਛੇ ਪਿੱਛੇ। ਜਦੋਂ ਸੁਥਰਾ ਕਾਬੂ ਨਾ ਆਇਆ ਤਾਂ ਅੱਗੇ ਜਾ ਕੇ ਖ਼ੁਦ ਹੀ ਰੁਕ ਕੇ ਕਹਿਣ ਲੱਗਾ ਕਿ ਬਾਵਾ ਜੀ, ਤੁਹਾਡੇ ਸਰੀਰ 'ਤੇ ਵੀ ਅਗਨ ਤੋਂ ਬਣੀ ਸੁਆਹ ਹੈ ਤੇ ਅੰਦਰ ਵੀ ਸ਼ੁਭ ਗੁਣ ਸੜ ਕੇ ਕ੍ਰੋਧ ਦੀ ਰਾਖ ਪਈ ਹੋਈ ਹੈ। ਬਾਹਰੋਂ ਤਨ ਤੋਂ ਵੀ ਸੁਆਹ ਉਤਾਰ ਦਿਓ ਤੇ ਅੰਦਰੋਂ ਕ੍ਰੋਧ ਦੀ ਰਾਖ ਵੀ ਧੋ ਸੁੱਟੋ।

ਇਹ ਘਟਨਾ ਬੜੀ ਮਹੱਤਵਪੂਰਨ ਹੈ ਕਿ ਕ੍ਰੋਧ ਦੀ ਅਗਨ ਬੰਦੇ ਨੂੰ ਸਾੜਦੀ ਹੈ ਪਰ ਕੋਈ ਸਿਮਰਨ ਵਾਲਾ ਹੀ ਦੂਜੇ ਦੇ ਬੋਲ ਸੁਣ ਕੇ ਠੰਡਾ ਰਹਿ ਸਕਦਾ ਹੈ।

ਸੋ, ਹਰ ਤਰ੍ਹਾਂ ਨਾਲ ਅਸੀਂ ਸੀਤਲ ਰਹਿ ਸਕੀਏ, ਇਸ ਅਵਸਥਾ ਦੀ ਪ੍ਰਾਪਤੀ ਸਿਮਰਨ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ। ਪ੍ਰਭੂ-ਕਿਰਪਾ ਵੀ ਸਿਮਰਨ ਰਾਹੀਂ ਮਿਲਦੀ ਹੈ ਤੇ ਪ੍ਰਭੂ-ਕਿਰਪਾ ਹੀ ਇਹਨਾਂ ਸਾੜਿਆਂ ਤੋਂ ਠੰਡਾ ਰੱਖ ਸਕਦੀ ਹੈ।

ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:

**ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥**
**ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥**

*(ਜੈਤਸਰੀ ਵਾਰ ਮ: ੫, ਪੰਨਾ 709)*

ਭਾਵੇਂ ਚੰਦਨ, ਚੰਦਰਮਾ ਤੇ ਸਿਆਲੇ ਦੀ ਰੁੱਤ ਕਿੰਨੀ ਠੰਡੀ ਹੁੰਦੀ ਹੈ ਪਰ ਹਿਰਦਾ ਸੀਤਲ ਕਰਨ ਲਈ ਇਹਨਾਂ ਪਾਸ ਤਾਕਤ ਨਹੀਂ ਹੈ। ਤਨ ਤਾਂ ਠੰਡਾ ਇਹ ਚੀਜ਼ਾਂ ਕਰ ਸਕਦੀਆਂ ਹਨ ਪਰ ਮਨ ਦੀ ਤਪਸ਼ ਨਹੀਂ ਮਿਟਾ ਸਕਦੀਆਂ। ਮਨ ਦੀ ਸੀਤਲਤਾ ਤਾਂ ਪ੍ਰਭੂ-ਨਾਮ ਜਪਣ ਨਾਲ ਹੀ ਪ੍ਰਾਪਤ ਹੋ ਸਕਦੀ ਹੈ।

ਅਸਲ ਵਿਚ ਦੁਨਿਆਵੀ ਦ੍ਰਿਸ਼ਟੀ ਨਾਲ ਤਾਂ ਕਿਹਾ ਜਾ ਸਕਦਾ ਹੈ ਕਿ ਸਰਦ ਰੁੱਤ ਆਦਿਕ ਬੜੇ ਠੰਡੇ ਹਨ ਪਰ ਧਾਰਮਕ ਨਿਗਾਹ ਨਾਲ ਦੇਖੀਏ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਸਰਦ ਰੁੱਤ ਆਦਿਕ ਠੰਡੇ ਹੀ ਨਹੀਂ ਹਨ ਕਿਉਂਕਿ ਹਿਰਦਾ ਤਾਂ ਸਰਦ ਰੁੱਤ ਵਿਚ ਵੀ ਤਪ ਰਿਹਾ ਹੈ, ਜਿਹਾ ਕਿ ਗੁਰਬਾਣੀ ਦਾ ਕਥਨ ਹੈ:

**ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ ॥**
**ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ ॥**

*(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1357)*

ਚੰਦ੍ਰਮਾ ਵੀ ਸੀਤਲ ਨਹੀਂ, ਬਾਵਨ ਚੰਦਨ ਵੀ ਸੀਤਲ ਨਹੀਂ, ਸਰਦ ਰੁੱਤ ਵੀ ਸੀਤਲ ਨਹੀਂ, ਸਿਰਫ਼ ਉਹੀ ਸੀਤਲ ਹਨ ਜਿਨ੍ਹਾਂ ਨੇ ਸਿਮਰਨ ਤੇ ਚਿੰਤਨ ਦੁਆਰਾ ਆਪਣੇ ਜੀਵਨ ਨੂੰ ਸੰਵਾਰਿਆ ਹੈ।

ਧੰਨ ਹਨ ਐਸੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ! ਜਿਨ੍ਹਾਂ ਨੂੰ ਬਾਹਰੋਂ ਤਪਸ਼ ਦੇ ਕੇ ਤਪਾਣਾ ਚਾਹੁੰਦੇ ਹਨ, ਉਹਨਾਂ ਤਪਾਣ ਵਾਲਿਆਂ 'ਚ ਕਈ

ਐਸੇ ਆਏ ਨੇ ਜੋ ਖ਼ੁਦ ਤਪ ਰਹੇ ਨੇ, ਸੜ ਰਹੇ ਨੇ ਤੇ ਚਾਹੁੰਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੂੰ ਵੀ ਤਪਾਇਆ ਜਾਏ। ਉਨ੍ਹਾਂ ਤਪਾਣ ਵਾਲਿਆਂ ਵਿੱਚੋਂ ਇਕ ਤਪਦਾ ਆਇਆ ਹੈ ਭਗਤ ਕਾਹਨਾ। ਉਸ ਦੀ ਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਨਹੀਂ ਕੀਤੀ ਤਾਂ ਬੜਾ ਤਪਿਆ, ਪਰ ਤਪਿਆ ਤਪਿਆ ਜਾਂਦਾ ਖ਼ੁਦ ਹੀ ਮ੍ਰਿਤਕ ਹੋ ਗਿਆ। ਤਪਦਾ ਆਇਆ ਹੈ ਸੁਲਹੀ ਖ਼ਾਨ ਤੇ ਸੁਲਬੀ ਖ਼ਾਨ, ਤਪ ਰਿਹਾ ਹੈ ਪ੍ਰਿਥੀ ਚੰਦ। ਤਪ ਰਿਹਾ ਹੈ ਜਹਾਂਗੀਰ। ਤਪ ਰਿਹਾ ਹੈ ਚੰਦੂ। ਤਪ ਰਿਹਾ ਹੈ ਜੇਠ ਸੁਦੀ ਚੌਥ ਦਾ ਸੂਰਜ। ਤਪ ਰਿਹਾ ਹੈ ਰੇਤਾ। ਤਪ ਰਿਹਾ ਹੈ ਪਾਣੀ। ਤਪ ਰਹੀ ਹੈ ਤਵੀ। ਇਹ ਸਭ ਤਪ ਰਹੇ ਨੇ। ਪਰ ਠੰਡੇ ਬੈਠੇ ਹਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ! ਜਿਨ੍ਹਾਂ ਦੇ ਹਿਰਦੇ ਵਿੱਚੋਂ ਠੰਡੀ ਆਵਾਜ਼ ਨਿਕਲਦੀ ਹੈ:

**ਤੇਰਾ ਕੀਆ ਮੀਠਾ ਲਾਗੈ ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥** *(ਆਸਾ ਮ: ੫, ਪੰਨਾ 394)*

ਜੀਵਨ ਐਸਾ ਚਾਹੀਦਾ ਹੈ ਕਿ ਬਾਹਰੋਂ ਭਾਵੇਂ ਕਿੰਨੀ ਵੀ ਤਪਸ਼ ਹੋਵੇ ਪਰ ਅੰਦਰੋਂ ਹਿਰਦਾ ਨਾਮ ਜਪਦਾ, ਵਾਹਿਗੁਰੂ ਨਾਲ ਐਸਾ ਇਕਮਿਕ ਹੋਇਆ ਹੋਵੇ ਕਿ ਪੂਰਨ ਤੌਰ 'ਤੇ ਸੀਤਲਤਾ, ਸ਼ਾਂਤੀ, ਟਿਕਾਉ ਬਣਿਆ ਰਹਿ ਸਕੇ:

**ਤਪਤਿ ਮਾਹਿ ਠਾਢਿ ਵਰਤਾਈ ॥**
**ਅਨਦੁ ਭਇਆ ਦੁਖ ਨਾਠੇ ਭਾਈ ॥** *(ਗਉੜੀ ਸੁਖਮਨੀ ਮ: ੫, ਪੰਨਾ 287)*

ਜੀਵਨ ਦੀ ਆਪਣੀ ਐਸੀ ਅਵਸਥਾ ਹੋਣੀ ਚਾਹੀਦੀ ਹੈ ਕਿ ਕੋਈ ਬਾਹਰ ਦਾ ਵਾਤਾਵਰਣ ਸਾਡੇ ਜੀਵਨ ਨੂੰ ਠੰਡਾ ਜਾਂ ਤੱਤਾ ਕਰਨ ਵਾਲਾ ਨਾ ਬਣ ਸਕੇ। ਜੀਵਨ ਦੀ ਇਹ ਕੀ ਅਵਸਥਾ ਹੋਈ ਕਿ ਜੇ ਕੋਈ ਮਿੱਠੇ ਬੋਲ ਬੋਲੇ ਤਾਂ ਠੰਡੇ ਰਹੀਏ, ਕੌੜੇ ਬੋਲਣ ਵਾਲਾ ਸਾਨੂੰ ਗਰਮ ਕਰ ਜਾਵੇ। ਸਗੋਂ ਐਸੀ ਅਵਸਥਾ ਹੋਵੇ ਕਿ ਬਾਹਰ ਦਾ ਵਾਤਾਵਰਣ ਕਿੰਨਾ ਵੀ ਤਪਸ਼ ਵਾਲਾ ਕਿਉਂ ਨਾ ਆ ਜਾਵੇ, ਹਿਰਦੇ ਵਿਚ ਸਦੀਵੀ ਸੀਤਲਤਾ ਬਣੀ ਰਹਿ ਸਕੇ।

ਇਹੀ ਹੈ ਗੁਰਮੁਖ ਦੇ ਜੀਵਨ ਦੀ ਅਵਸਥਾ, ਜੋ ਸਦੀਵੀ ਸਿਮਰਨ ਸਦਕਾ ਠੰਡਾ ਰਹਿੰਦਾ ਹੈ। ਬਾਹਰ ਦੀ ਤਪਸ਼ ਮਿਟਾਣ ਲਈ ਬਾਹਰ ਦੀ ਸੀਤਲਤਾ ਕੰਮ ਕਰਦੀ ਹੈ, ਅੰਦਰ ਦੀ ਤਪਸ਼ ਮਿਟਾਣ ਲਈ ਸਿਮਰਨ ਕੰਮ ਕਰਦਾ ਹੈ।

ਸੋ, ਪ੍ਰਭੂ ਨੂੰ ਵਿਸਾਰ ਦੇਣਾ ਹੀ ਵੱਡੀ ਤਪਸ਼ ਹੈ, ਅਤੇ ਪ੍ਰਭੂ ਦਾ ਸਦੀਵੀ ਅਨੁਭਵ ਬਣੇ ਰਹਿਣਾ ਹੀ ਸੀਤਲਤਾ ਹੈ।

•

Sri Satguru Jagjit Singh Ji eLibrary NamdhariElibrary@gmail.com

# ਜਗਤ ਤੇ ਪਰਮਾਤਮਾ

ਜਿਨ੍ਹਾਂ ਨੇ ਜਗਤ ਨੂੰ ਠੀਕ ਤਰ੍ਹਾਂ ਜਾਣ ਲਿਆ, ਤਿਨ੍ਹਾਂ ਨੂੰ ਸੰਸਾਰ ਨਿਰੰਕਾਰ ਰੂਪ ਹੀ ਨਜ਼ਰ ਆਇਆ। ਭਾਵੇਂ ਸੰਸਾਰ 'ਤੇ ਪਰਮਾਤਮਾ ਦੋ ਵੱਖਰੇ ਵੱਖਰੇ ਨਾਮ ਹਨ, ਦੋਹਾਂ ਵਿਚ ਬੜਾ ਫ਼ਰਕ ਵੀ ਨਜ਼ਰ ਆਉਂਦਾ ਹੈ ਅਤੇ ਇਥੇ ਕਈ ਵਾਰੀ ਕੁਝ ਬੰਦੇ ਇਹ ਸੋਚਦੇ ਵੀ ਹਨ ਕਿ ਸੰਸਾਰ ਤੇ ਨਿਰੰਕਾਰ ਦੋ ਵੱਖਰੇ ਵੱਖਰੇ ਰੂਪ ਹਨ, ਪਰ ਜਦ ਅਗਿਆਨਤਾ ਵਿਚ ਦੇਖਾਂਗੇ ਤਾਂ ਜ਼ਰੂਰ ਇਹ ਭੇਦ ਬਣਿਆ ਰਹੇਗਾ, ਲੇਕਿਨ ਜਦ ਗਿਆਨ ਦੀ ਦ੍ਰਿਸ਼ਟੀ ਨਾਲ ਦੇਖਾਂਗੇ ਤਾਂ ਦੋਹਾਂ ਵਿਚ ਸਿਰਫ਼ ਇਤਨਾ ਹੀ ਫ਼ਰਕ ਰਹਿ ਜਾਵੇਗਾ ਜਿੰਨਾ ਕਿ ਜਲ ਤੇ ਬੁਦਬੁਦੇ ਵਿਚ ਹੁੰਦਾ ਹੈ। ਇਥੇ ਨਾਮਦੇਵ ਜੀ ਦਾ ਇਹ ਸ਼ਬਦ ਬੜਾ ਸਪਸ਼ਟ ਕਰ ਰਿਹਾ ਹੈ ਕਿ ਇਹ ਜੋ ਕੁਝ ਨਜ਼ਰ ਆ ਰਿਹਾ ਹੈ ਇਹ ਕੀ ਹੈ:

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥**
**ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥**
**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥**
**ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥**

*(ਆਸਾ ਨਾਮਦੇਉ ਜੀ, ਪੰਨਾ 485)*

ਇਹ ਸਭ ਸੰਸਾਰ ਗੋਬਿੰਦ ਪ੍ਰਭੂ-ਰੂਪ ਹੈ। ਤਮਾਮ ਸੰਸਾਰ ਪਰਮਾਤਮਾ ਰੂਪੀ ਧਾਗੇ ਵਿਚ ਇੰਝ ਪਰੋਇਆ ਹੈ ਜਿਵੇਂ ਕਿ ਇਕ ਧਾਗੇ ਵਿਚ ਸੈਂਕੜੇ ਜਾਂ ਹਜ਼ਾਰਾਂ ਮਣਕੇ ਪਰੋਏ ਹੋਏ ਹੁੰਦੇ ਹਨ। ਇਸੇ ਹੀ ਤਰ੍ਹਾਂ ਹਰ ਇਕ ਚੀਜ਼ ਵਿਚ ਪਰਮਾਤਮਾ ਦੀ ਸ਼ਕਤੀ ਹੈ। ਉਸ ਸ਼ਕਤੀ ਕਰਕੇ ਹੀ ਸਭ ਸੰਸਾਰ ਹੋਂਦ ਵਿਚ ਆਇਆ ਹੈ। ਉਸ ਸ਼ਕਤੀ ਕਰਕੇ ਹੀ ਸਭ ਸੰਸਾਰ ਚੱਲ ਰਿਹਾ ਹੈ। ਜਿਵੇਂ ਇਕ ਜਲ ਦੇ ਤਰੰਗ, ਝੱਗ ਤੇ ਬੁਦਬੁਦੇ, ਜਲ ਤੋਂ ਵੱਖਰੇ ਨਹੀਂ ਹੁੰਦੇ, ਨਾਮ ਭਾਵੇਂ ਵੱਖਰੇ ਵੱਖਰੇ ਹੋ ਗਏ। ਨਾਮ 'ਤਰੰਗ' ਹੋ ਜਾਵੇ ਤਾਂ ਵੀ ਉਹ ਜਲ ਹੈ, ਨਾਮ 'ਝੱਗ ਦਾ ਬੁਦਬੁਦਾ' ਹੋ ਜਾਵੇ, ਤਾਂ ਵੀ ਜਲ ਹੈ। ਜਿਥੇ ਨਾਮ ਬਦਲਿਆ, ਉਥੇ ਰੂਪ ਵੀ ਬਦਲ ਗਿਆ। ਬੁਦਬੁਦੇ ਦਾ ਰੂਪ ਵੱਖਰਾ ਬਣ ਗਿਆ ਪਰ ਇਸ ਦੇ ਬਾਵਜੂਦ ਵੀ ਉਹ ਜਲ ਤੋਂ ਵੱਖਰਾ ਨਹੀਂ ਹੋਇਆ।

ਇਕ ਬੱਚਾ ਸਰੋਵਰ ਕਿਨਾਰੇ ਬੈਠਾ ਆਖ ਰਿਹਾ ਹੈ ਕਿ ਮੇਰਾ ਇਹ ਬੁਦਬੁਦਾ ਹੈ, ਦੂਸਰਾ ਬੱਚਾ ਦੂਜੇ ਬੁਦਬੁਦੇ ਨਾਲ ਪਿਆਰ ਪਾ ਲੈਂਦਾ ਹੈ। ਪਰ ਹਲਕੀ ਜਿਹੀ ਹਵਾ ਚੱਲੇ ਤਾਂ ਦੋਵੇਂ ਬੁਦਬੁਦੇ ਆਪਸ ਵਿਚ ਟਕਰਾ ਜਾਂਦੇ ਹਨ ਤੇ ਦੋਵੇਂ ਹੀ ਟੁੱਟ ਜਾਂਦੇ ਹਨ। ਫਿਰ ਇਹ ਦੋਵੇਂ ਬੱਚੇ ਆਪਸ ਵਿਚ ਝਗੜਦੇ ਹਨ। ਇਕ ਕਹਿੰਦਾ ਹੈ

Sri Satguru Jagjit Singh Ji eLibrary NamdhariElibrary@gmail.com

ਕਿ ਤੇਰੇ ਬੁਦਬੁਦੇ ਨੇ ਮੇਰੇ ਬੁਦਬੁਦੇ ਵਿਚ ਟੱਕਰ ਮਾਰੀ ਤਾਂ ਮੇਰਾ ਬੁਦਬੁਦਾ ਟੁੱਟਾ ਹੈ ਤੇ ਦੂਜਾ ਕਹਿੰਦਾ ਹੈ ਕਿ ਨਹੀਂ, ਤੇਰਾ ਬੁਦਬੁਦਾ ਮੇਰੇ ਬੁਦਬੁਦੇ ਦੇ ਰਸਤੇ ਵਿਚ ਅੜਿੱਕਾ ਬਣਿਆ ਹੋਇਆ ਸੀ, ਇਸ ਕਰਕੇ ਮੇਰਾ ਬੁਦਬੁਦਾ ਟੁੱਟਾ ਹੈ। ਪਰ ਦੋਹਾਂ ਦੇ ਬੁਦਬੁਦੇ ਟੁੱਟਣੇ ਸੁਭਾਵਕ ਹਨ ਤੇ ਜੇਕਰ ਬੁਦਬੁਦੇ ਨਾਲ ਹੀ ਮਮਤਾ ਹੋਵੇਗੀ ਤਾਂ ਇਹਨਾਂ ਬੱਚਿਆਂ ਦਾ ਰੋਣਾ ਵੀ ਸੁਭਾਵਕ ਹੀ ਹੋਵੇਗਾ। ਹੁਣ ਜੇਕਰ ਬੁਦਬੁਦਾ ਟੁੱਟ ਵੀ ਜਾਵੇ ਤਾਂ ਵੀ ਪਾਣੀ ਦਾ ਕੋਈ ਨੁਕਸਾਨ ਨਹੀਂ ਹੁੰਦਾ। ਜੇਕਰ ਬੁਦਬੁਦਾ ਬਣਦਾ ਹੈ ਤਾਂ ਪਾਣੀ ਦਾ ਹੈ, ਪਰ ਪਾਣੀ ਦਾ ਕੋਈ ਵਾਧਾ ਨਹੀਂ ਹੁੰਦਾ। ਸਿਰਫ਼ ਪਾਣੀ ਦੀ ਖੇਡ ਚੱਲਦੀ ਹੈ। ਪਾਣੀ ਜਦੋਂ ਲੀਲ੍ਹਾ ਕਰੇਗਾ ਤਾਂ ਬੁਦਬੁਦੇ ਆਦਿਕ ਬਣਨਗੇ। ਜਿਵੇਂ ਇਸ ਲੀਲ੍ਹਾ ਨੂੰ ਸਮਝਣ ਵਾਲਾ, ਸਰੋਵਰ ਕਿਨਾਰੇ ਆਨੰਦ ਮਾਣ ਸਕੇਗਾ, ਤਿਵੇਂ ਹੀ ਆਨੰਦ-ਸਾਗਰ-ਰੂਪ ਪ੍ਰਭੂ ਹੈ ਤੇ ਉਸ ਪਰਮਾਤਮਾ ਵਿਚ ਇਹ ਤਮਾਮ ਸੰਸਾਰਕ ਪਸਾਰਾ ਇਕ ਲੀਲ੍ਹਾ ਹੈ, ਇਕ ਤਮਾਸ਼ਾ ਹੈ, ਇਕ ਖੇਡ ਹੈ। ਅਸਾਂ ਰਾਮ ਲੀਲ੍ਹਾ ਤੇ ਕ੍ਰਿਸ਼ਨ ਲੀਲ੍ਹਾ ਤਾਂ ਸ਼ਾਇਦ ਕਈ ਵਾਰੀ ਦੇਖੀ ਹੋਵੇਗੀ ਪਰ ਜਿਸ ਦਿਨ ਨਿਰੰਕਾਰ ਲੀਲ੍ਹਾ ਦੇਖਾਂਗੇ, ਉਸ ਦਿਨ ਪਤਾ ਚੱਲੇਗਾ ਕਿ:

**ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥**

*(ਆਸਾ ਨਾਮਦੇਉ ਜੀ, ਪੰਨਾ 485)*

ਜਦੋਂ ਨਿਰੰਕਾਰ ਲੀਲ੍ਹਾ ਕਰਦਾ ਹੈ ਤਾਂ ਕਈ ਤਰ੍ਹਾਂ ਦੇ ਸੰਸਾਰ ਦੀ ਰਚਨਾ ਦੇ ਰੂਪ ਵਿਚ ਆ ਬੈਠਦਾ ਹੈ। ਕਿਤੇ ਆਕਾਸ਼, ਹਵਾ, ਪਾਣੀ, ਅੱਗ ਤੇ ਧਰਤੀ ਦੇ ਰੂਪ ਵਿਚ ਪੰਜ ਤੱਤ ਬਣ ਬੈਠਦਾ ਹੈ। ਕਿਤੇ ਅੰਡਜ, ਸੇਤਜ, ਜੇਰਜ ਉਤਭੁਜ, ਚਾਰ ਖਾਣੀਆਂ ਦੇ ਰੂਪ ਧਾਰਦਾ ਹੈ। ਕਿਤੇ ਧਰਤੀ ਦੇ ਵੱਖਰੇ ਵੱਖਰੇ ਟੁਕੜੇ ਹੋ ਕੇ ਨਵਖੰਡ ਬਣ ਜਾਂਦਾ ਹੈ। ਪਾਣੀ ਨਾਲ ਘਿਰੇ ਹੋਏ ਸੱਤ ਦੀਪ—ਜੰਬੁ, ਪਲੱਕਸ਼, ਸ਼ਾਲਮਲਿ, ਕੁਸ਼, ਕ੍ਰੌਂਚ, ਸ਼ਾਕ ਅਤੇ ਪੁਸ਼ਕਰ ਬਣ ਜਾਂਦਾ ਹੈ। ਕਿਤੇ ਉਹ ਸੰਸਾਰ ਵਿਚ ਵਰਤਣ ਵਾਲੇ ਬੇਅੰਤ ਪਦਾਰਥਾਂ ਦੇ ਪ੍ਰਮੁਖ ਸਪਤ ਸਾਗਰ ਬਣ ਜਾਂਦਾ ਹੈ, ਸਪਤ ਸਾਗਰ—ਦੁੱਧ ਦਾ, ਦਹੀਂ ਦਾ, ਘਿਉ ਦਾ, ਸ਼ਹਿਦ ਦਾ, ਗੰਦੇ ਰਸ ਦਾ, ਮਿੱਠੇ ਜਲ ਤੇ ਖਾਰੇ ਜਲ ਦਾ ਰੂਪ ਧਾਰ, ਪਾਣੀ ਦੀ ਤਰ੍ਹਾਂ ਸੰਸਾਰ ਵਿਚ ਬਹੁਤਾ ਵਰਤੋਂ ਵਿਚ ਆ ਰਿਹਾ ਹੈ। ਕਿਤੇ ਉਹੀ ਪ੍ਰਭੂ ਇਕ ਸਰੀਰ ਅੰਦਰ ਅਸ਼ਟ ਧਾਤ—ਰੋਮ, ਖਲੜੀ, ਨਾੜੀਆਂ, ਹੱਡ, ਚਰਬੀ, ਖ਼ੂਨ, ਵੀਰਜ ਤੇ ਪੱਠਿਆਂ ਦੇ ਰੂਪ ਵਿਚ ਅੰਦਰ ਬੈਠਾ ਸਰੀਰ ਨੂੰ ਚਲਾ ਰਿਹਾ ਹੈ:

**ਅਸਟਮੀ ਅਸਟ ਧਾਤੁ ਕੀ ਕਾਇਆ॥**
**ਤਾ ਮਹਿ ਅਕੁਲ ਮਹਾ ਨਿਧਿ ਰਾਇਆ॥**

*(ਗਉੜੀ ਥਿਤੀ ਕਬੀਰ ਜੀ, ਪੰਨਾ 343)*

ਕਿਤੇ ਉਹੀ ਪ੍ਰਭੂ ਚਾਰ ਵੇਦ—ਰਿਗ, ਯਜੁਰ, ਅਥਰਵਣ ਤੇ ਸਾਮ ਵੇਦ ਦੇ ਰੂਪ ਵਿਚ ਬੈਠਾ ਹੈ। ਕਿਤੇ ਉਹੀ ਨਿਰੰਕਾਰ ਅਠਾਰਹ ਪੁਰਾਣ—ਵਿਸ਼ਨੂੰ ਪੁਰਾਣ, ਪਦਮ, ਬ੍ਰਹਮ, ਸ਼ਿਵ, ਭਾਗਵਤ, ਨਾਰਦ, ਮਾਰਕੰਡੇਯ, ਅਗਨਿ, ਬ੍ਰਹਮ-ਵੈਵਰਤ, ਲਿੰਗ, ਵਰਾਹ, ਸਕੰਦ, ਵਾਮਨ, ਕੂਰਮ, ਮਤੱਸਯ, ਗਰੁੜ, ਬ੍ਰਹਮਾਂਡ, ਭਵਿਸ਼ਯ ਪੁਰਾਣ ਅਤੇ

Sri Satguru Jagjit Singh Ji eLibrary NamdhariElibrary@gmail.com

ਵਾਯੂ ਪੁਰਾਣ ਦੇ ਰੂਪ ਵਿਚ ਵੀ ਆਪ ਹੀ ਹੈ ਜਿਵੇਂ ਕਿ ਸਿਰੀਰਾਗ ਵਿਚ ਸ੍ਰੀ ਗੁਰੂ ਰਾਮ ਦਾਸ ਪਾਤਿਸ਼ਾਹ ਜੀ ਦਾ ਫ਼ੁਰਮਾਨ ਹੈ:

**ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ॥**
**ਹਰਿ ਸਭਨਾ ਵਿਚਿ ਤੂੰ ਵਰਤਦਾ ਹਰਿ ਸਭਨਾ ਭਾਣਾ॥**

*(ਸਿਰੀਰਾਗ ਕੀ ਵਾਰ ਮਹਲਾ ੪, ਪੰਨਾ 84)*

ਇਥੇ ਹੀ ਬਸ ਨਹੀਂ, ਜੋ ਕੁਝ ਵੀ ਜਲ ਦੇ ਰੂਪ ਵਿਚ ਸਮੁੰਦਰ, ਦਰਿਆ, ਨਦੀਆਂ ਤੇ ਨਾਲੇ ਹਨ, ਉਹਨਾਂ ਵਿਚ ਵੀ ਤੂੰ ਹੀ ਹੈਂ, ਸਾਰੀ ਧਰਤੀ ਵੀ ਤੂੰ ਹੀ ਹੈਂ, ਤਮਾਮ ਦਰੱਖ਼ਤ 'ਤੇ ਪੱਤੇ ਵੀ ਤੂੰ ਹੀ ਹੈਂ। ਥੱਲੇ ਵੀ ਤੂੰ ਹੀ ਹੈਂ ਤੇ ਉਪਰ ਵੀ ਤੂੰ ਹੀ ਹੈਂ। ਬਸ ਹਰ ਥਾਂ ਤੈਨੂੰ ਹੀ ਦੇਖਣਾ, ਇਹੀ ਤੇਰਾ ਅਸਲੀ ਭਜਨ ਹੈ। ਦਸਮ ਪਾਤਿਸ਼ਾਹ ਜੀ ਫ਼ੁਰਮਾਨ ਕਰਦੇ ਹਨ ਕਿ ਮੈਂ ਤਾਂ ਹਰ ਵੇਲੇ ਤੈਨੂੰ ਸਿਮਰਦਾ ਹਾਂ:

**ਜਲਸ ਤੁਹੀਂ॥ ਥਲਸ ਤੁਹੀਂ॥**
**ਨਦਿਸ ਤੁਹੀਂ॥ ਨਦਸ ਤੁਹੀਂ॥**
**ਬ੍ਰਿਛਸ ਤੁਹੀਂ॥ ਪਤਸ ਤੁਹੀਂ॥**
**ਛਿਤਸ ਤੁਹੀਂ॥ ਉਰਧਸ ਤੁਹੀਂ॥**
**ਭਜਸ ਤੁਅੰ॥ ਭਜਸ ਤੁਅੰ॥**
**ਰਟਸ ਤੁਅੰ॥ ਠਟਸ ਤੁਅੰ॥** *(ਅਕਾਲ ਉਸਤਤ)*

ਪਰ ਕਈ ਵਾਰੀ ਇਹ ਸਵਾਲ ਪੈਦਾ ਹੋ ਜਾਂਦਾ ਹੈ ਕਿ ਅਗਰ ਹਰ ਥਾਂ ਉਹੀ ਹੈ, ਪ੍ਰਭੂ ਹੀ ਹੈ ਤਾਂ ਫਿਰ ਇਸ ਸੰਸਾਰ ਦੀ ਕੀ ਗੱਲ ਹੋਈ ? ਫਿਰ ਇਹ ਜਗਤ ਕੀ ਹੈ ? ਇਸ ਨਾਲੋਂ ਮੋਹ ਤੋੜਨ ਲਈ ਕਿਉਂ ਕਿਹਾ ਜਾਂਦਾ ਹੈ ? ਸਾਨੂੰ ਇਹਨਾਂ ਸਵਾਲਾਂ ਦਾ ਜਵਾਬ ਗੁਰਬਾਣੀ ਵਿਚ ਬੜੇ ਸੁੰਦਰ ਢੰਗ ਨਾਲ ਦਿੱਤਾ ਗਿਆ ਹੈ ਕਿ ਜਿਵੇਂ ਸੁਪਨੇ ਵਿਚ ਕੋਈ ਰਾਜਾ, ਭਿਖਾਰੀ ਨਹੀਂ ਹੋ ਜਾਂਦਾ; ਰਾਤ ਦੇ ਹਨੇਰੇ ਵਿਚ ਰੱਸੀ ਸਰਪ ਬਣ ਕੇ ਨਜ਼ਰ ਆਵੇ ਤਾਂ ਰੱਸੀ ਜ਼ਹਿਰੀਲੀ ਨਹੀਂ ਹੋ ਜਾਂਦੀ; ਗਹਿਣੇ, ਸੋਨੇ ਨੂੰ ਭੁੱਲ ਜਾਣ ਤਾਂ ਉਹ ਗਹਿਣੇ, ਸੋਨੇ ਬਿਨਾਂ ਕੁਝ ਹੋਰ ਨਹੀਂ ਹੋ ਜਾਂਦੇ।

**ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥**
**ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥**
**ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥**
**ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥**

*(ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ, ਪੰਨਾ 657)*

ਪਰ ਸੁੱਤੇ ਹੋਏ ਰਾਜੇ ਨੂੰ ਭਿਖਾਰੀ ਬਣਨ ਦੇ ਸੁਪਨੇ ਸਮੇਂ ਜ਼ਰੂਰ ਅਹਿਸਾਸ ਹੁੰਦਾ ਹੈ ਕਿ ਮੈਂ ਭਿਖਾਰੀ ਹਾਂ। ਇਕ ਅੰਧੇਰੇ ਵਿਚ ਰੱਸੀ ਜਦੋਂ ਸਰਪ ਬਣ ਕੇ ਨਜ਼ਰ ਆਉਂਦੀ ਹੈ, ਉਸ ਸਮੇਂ ਭੁਲੇਖੇ ਦੇ ਕਾਰਣ ਸਰਪ ਵਾਲਾ ਭੈ ਜ਼ਰੂਰ ਪੈਦਾ ਹੋ ਜਾਂਦਾ ਹੈ। ਭਾਵੇਂ ਰੱਸੀ ਜ਼ਹਿਰੀਲੀ ਨਹੀਂ ਹੁੰਦੀ, ਪਰ ਸੱਪ ਦੇਖਣ ਵਾਲੇ ਨੂੰ ਜ਼ਹਿਰੀਲੀ ਨਜ਼ਰ ਆਉਂਦੀ ਹੈ; ਡਰ ਹੈ, ਦੌੜਦਾ ਹੈ ਤੇ ਕਾਹਲੀ ਵਿਚ ਦੌੜਦਾ ਚੋਟ ਵੀ ਖਾ ਬੈਠਦਾ ਹੈ। ਉਸ

Sri Satguru Jagjit Singh Ji eLibrary NamdhariElibrary@gmail.com

ਰੱਸੀ ਦੇ ਸੱਪ ਨੂੰ ਮਾਰਨ ਦਾ ਯਤਨ ਵੀ ਕਰਦਾ ਹੈ, ਪਰ ਰੌਸ਼ਨੀ ਵਿਚ ਦੇਖੇ ਤਾਂ ਉਹ ਨਜ਼ਰ ਨਹੀਂ ਆਉਂਦੀ। ਤਿਵੇਂ ਹੀ ਇਸ ਸੰਸਾਰ ਨੂੰ ਦੇਖਣ ਵਾਲੀ ਸਾਡੀ ਅਗਿਆਨਤਾ ਦੀ ਬੁੱਧੀ ਕਾਰਣ ਹੀ ਇਹ ਤਮਾਮ ਪਸਾਰਾ ਜਗਤ-ਰੂਪ ਨਜ਼ਰ ਆਉਂਦਾ ਹੈ, ਪਰ ਜਦੋਂ ਗੁਰੂ ਰਾਹੀਂ ਦੇਖੀਏ ਤਾਂ ਫਿਰ ਸੁਭਾਵਕ ਹੀ ਪਤਾ ਚੱਲ ਜਾਂਦਾ ਹੈ ਕਿ:

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥**

*(ਰਾਗੁ ਆਸਾ ਨਾਮਦੇਉ ਜੀ, ਪੰਨਾ 485)*

ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਿੱਖਾਂ ਪੁੱਛਿਆ ਕਿ ਇਹ ਸੰਸਾਰ ਬ੍ਰਹਮ ਤੋਂ ਪੈਦਾ ਹੋਇਆ ਹੈ ਤਾਂ ਬ੍ਰਹਮ ਵਰਗਾ ਕਿਉਂ ਨਹੀਂ ਤੇ ਜੇਕਰ ਪਰਮਾਤਮਾ ਤੋਂ ਜਗਤ ਦਾ ਬਣਨਾ ਮੰਨ ਲਈਏ ਤਾਂ ਪਰਮਾਤਮਾ ਵਿਚ ਜਨਮ ਹੋਣ ਨਾਲ, ਉਹ ਅਜਨਮਾ ਕਿਵੇਂ ਹੋਵੇਗਾ ? ਜੋ ਜਵਾਬ ਗੁਰੂ ਸਾਹਿਬ ਜੀ ਨੇ ਦਿੱਤਾ, ਉਹ ਭਾਈ ਸੰਤੋਖ ਸਿੰਘ ਜੀ ਨੇ *ਗੁਰ ਪ੍ਰਤਾਪ ਸੂਰਜ* ਵਿਚ ਇੰਝ ਦਰਜ ਕੀਤਾ ਹੈ:

*ਵਿਵਰਤ ਵਾਦ ਇਹੁ ਹਮ ਨੇ ਕਹਿਓ।*
*ਮਿਥਿਆ ਪ੍ਰਪੰਚ ਬ੍ਰਹਮ ਤੇ ਲਹਿਓ।*
*ਯਥਾ ਰਜੁ ਤੇ ਸਰਪ ਉਪ ਜੰਤਾ।*
*ਭੈ ਆਦਿਕ ਤੇ ਕੰਪ ਉਠੰਤਾ।*
*ਵਾਦ ਪ੍ਰਨਾਮ ਅਪਰ ਬਿਧ ਮਾਨੋ।*
*ਯਥਾ ਦੂਧ ਤੇ ਦਧਿ ਹੋਇ ਜਾਨੋ।*
*ਦਧ ਤੇ ਦੂਧ ਬਹੁਰ ਹੋਇ ਨਾਹਿ।*
*ਪੂਰਬ ਰੂਪ ਨਾਸ਼ ਹੋਇ ਤਾਂਹਿ।*

ਦੋ ਤਰ੍ਹਾਂ ਦੀ ਉਤਪਤੀ ਹੁੰਦੀ ਹੈ—ਇਕ ਵਿਵਰਤਵਾਦ ਵਿਚ ਤੇ ਦੂਸਰੀ ਪਰਿਣਾਮਵਾਦ ਵਿਚ। ਜਿਵੇਂ ਰੱਸੀ ਤੋਂ ਸਰਪ ਬਣਦਾ ਹੈ ਪਰ ਹਨੇਰੇ ਦੇ ਕਾਰਣ। ਪਾਣੀ ਤੋਂ ਬੁਦਬੁਦਾ ਬਣਦਾ ਹੈ, ਉਸ ਨੂੰ ਵਿਵਰਤਵਾਦ ਦੀ ਉਤਪਤੀ ਕਿਹਾ ਜਾਂਦਾ ਹੈ। ਜਿਸ ਨਾਲ ਅਸਲੀ ਰੂਪ ਕਾਇਮ ਰਹੇ, ਪਰ ਨਜ਼ਰ ਕੁਝ ਹੋਰ ਆਵੇ, ਜਿਵੇਂ ਰੱਸੀ ਸਦੀਵੀ ਮੌਜੂਦ ਹੋਣ ਦੇ ਬਾਵਜੂਦ ਵੀ ਸਰਪ ਨਜ਼ਰ ਆਇਆ। ਪਾਣੀ ਤੋਂ ਬਰਫ਼ ਬਣ ਜਾਏ ਤਾਂ ਵੀ ਪਾਣੀ ਹੀ ਹੈ। ਪਰ ਪਾਣੀ ਤੇ ਬਰਫ਼ ਦੇ ਕੰਮ ਵਿਚ ਵੀ ਫ਼ਰਕ ਪੈ ਜਾਂਦਾ ਹੈ, ਪਾਣੀ ਨਾਲ ਕਿਸੇ ਨੂੰ ਚੋਟ ਨਹੀਂ ਪਹੁੰਚਾਈ ਜਾ ਸਕਦੀ, ਪਰ ਬਰਫ਼ ਨਾਲ ਕਿਸੇ ਦਾ ਸਿਰ ਵੀ ਪਾੜਿਆ ਜਾ ਸਕਦਾ ਹੈ। ਪਾਣੀ ਵਿਚ ਚੱਲਣਾ ਗਤੀ ਹੈ ਪਰ ਬਰਫ਼ ਵਿਚ ਜੜਤ ਹੈ। ਇਹ ਬਰਫ਼ ਬਣ ਕੇ ਭਾਵੇਂ ਕਈ ਸਾਲ ਤਕ ਠੋਸ ਬਣੀ ਰਹੇ ਪਰ ਜਦੋਂ ਵੀ ਗਰਮੀ ਲੱਗੇਗੀ ਇਹ ਫਿਰ ਪਾਣੀ ਦੇ ਰੂਪ ਵਿਚ ਹੀ ਪ੍ਰਤੱਖ ਨਜ਼ਰ ਆਏਗੀ। ਬਰਫ਼ ਬਣ ਕੇ ਵੀ ਪਾਣੀ ਹੀ ਹੈ। ਇਸ ਨੂੰ ਵਿਵਰਤਵਾਦ ਕਹਿੰਦੇ ਹਨ। ਤਿਵੇਂ ਹੀ ਇਹ ਜਗਤ ਭਾਵੇਂ ਲੰਬੇ ਸਮੇਂ ਤਕ ਬਣਿਆ ਨਜ਼ਰ ਆਵੇ ਪਰ ਫਿਰ ਵੀ ਪਰਮਾਤਮਾ ਦਾ ਵਿਵਰਤਵਾਦ ਹੀ ਹੈ, ਭਾਵ ਪਰਮਾਤਮਾ ਹੀ ਹੈ। ਜਿਵੇਂ ਰੱਸੀ ਵਿਚ ਸਰਪ ਸਿਰਫ਼ ਸਾਡੀ ਬੁੱਧੀ ਵਿਚ ਹੁੰਦਾ ਹੈ ਤਿਵੇਂ ਹੀ ਇਸ ਪਸਾਰੇ ਨੂੰ ਸੰਸਾਰ ਰੂਪ ਵਿਚ ਦੇਖਣਾ ਵੀ ਸਾਡੀ ਅਗਿਆਨਤਾ ਦੀ ਬੁੱਧੀ ਵਿਚ ਹੀ ਹੈ।

Sri Satguru Jagjit Singh Ji eLibrary NamdhariElibrary@gmail.com

ਪਰਿਣਾਮਵਾਦ ਵਿਚ ਇਕ ਚੀਜ਼ ਦੀ ਹੈਸੀਅਤ ਬਦਲ ਕੇ ਹੋਰ ਰੂਪ ਧਾਰ ਲੈਂਦੀ ਹੈ, ਜਿਵੇਂ ਦੁੱਧ ਤੋਂ ਦਹੀਂ ਬਣ ਜਾਂਦਾ ਹੈ ਤੇ ਉਹ ਫਿਰ ਦੁੱਧ ਦਾ ਰੂਪ ਨਹੀਂ ਰਹਿ ਜਾਂਦਾ। ਇਸ ਤਰ੍ਹਾਂ ਪਰਮਾਤਮਾ ਤੋਂ ਜਗਤ ਨਹੀਂ ਬਣਿਆ ਕਿ ਹੁਣ ਇਹ ਸੰਸਾਰ ਦੀ ਹੋਂਦ ਪਰਮਾਤਮਾ ਤੋਂ ਵੱਖਰੀ ਹੋ ਗਈ ਹੋਵੇ, ਸਗੋਂ ਇਸ ਸੰਸਾਰ ਦੇ ਰੂਪ ਵਿਚ ਪਰਮਾਤਮਾ ਹੀ ਨਜ਼ਰ ਆ ਰਿਹਾ ਹੈ।

**ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥**
**ਸਾਂਗੁ ਉਤਾਰਿ ਥੰਮਿ੍ਓ ਪਾਸਾਰਾ॥ ਤਬ ਏਕੋ ਏਕੰਕਾਰਾ॥**
**ਕਵਨ ਰੂਪ ਦ੍ਰਿਸਟਿਓ ਬਿਨਸਾਇਓ॥**
**ਕਤਹਿ ਗਇਓ ਉਹੁ ਕਤ ਤੇ ਆਇਓ॥ਰਹਾਉ॥**
**ਜਲ ਤੇ ਊਠਹਿ ਅਨਿਕ ਤਰੰਗਾ॥ ਕਨਿਕ ਭੂਖਨ ਕੀਨੇ ਬਹੁ ਰੰਗਾ॥**
**ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥ ਫਲ ਪਾਕੇ ਤੇ ਏਕੰਕਾਰਾ॥**
**ਸਹਸ ਘਟਾ ਮਹਿ ਏਕੁ ਆਕਾਸੁ। ਘਟ ਫੂਟੇ ਤੇ ਓਹੀ ਪ੍ਰਗਾਸੁ॥**
**ਭਰਮ ਲੋਭ ਮੋਹ ਮਾਇਆ ਵਿਕਾਰ॥ ਭ੍ਰਮ ਛੂਟੇ ਤੇ ਏਕੰਕਾਰ॥**

*(ਸੂਹੀ ਮ: ੫, ਪੰਨਾ 736)*

ਜਿਸ ਦਿਨ ਭਰਮ ਦੂਰ ਹੋ ਗਿਆ ਤਾਂ ਅਸਲੀਅਤ ਨਜ਼ਰ ਆਏਗੀ। ਸਤਿ ਸਿਮਰਨ ਤੇ ਸਤਿ ਚਿੰਤਨ ਦੁਆਰਾ ਹੀ ਅਸਲੀਅਤ ਦੇਖੀ ਜਾ ਸਕਦੀ ਹੈ। ਇਕ ਗਾਥਾ ਹੈ—ਇਕ ਮਾਲੀ ਤੇ ਇਕ ਸੁਨਿਆਰੇ ਦੀ ਆਪਸ ਵਿਚ ਮਿੱਤਰਤਾ ਹੋ ਗਈ। ਹਰ ਰੋਜ਼ ਇਕ ਦੂਸਰੇ ਨੂੰ ਮਿਲਿਆ ਕਰਨ। ਇਕ ਦਿਨ ਮਾਲੀ ਨੇ ਆਪਣੇ ਬਾਗ਼ ਵਿਚ ਸੁਨਹਿਰੀ ਗੁਲਾਬ ਲਗਾਇਆ। ਕੁਝ ਚਿਰ ਬਾਅਦ ਜਦੋਂ ਫੁੱਲ ਲੱਗੇ ਤਾਂ ਆਪਣੇ ਦੋਸਤ ਸੁਨਿਆਰੇ ਨੂੰ ਕਹਿਣ ਲੱਗਾ ਕਿ ਮੇਰੇ ਬਾਗ਼ ਵਿਚ ਸੁਨਹਿਰੀ ਗੁਲਾਬ ਦੇ ਬੜੇ ਫੁੱਲ ਖਿੜੇ ਹੋਏ ਹਨ, ਅੱਜ ਤੂੰ ਮੇਰੇ ਬਾਗ਼ ਵਿਚ ਆਵੀਂ। ਆਪਣੇ ਦੋਸਤ ਦੇ ਸੱਦੇ 'ਤੇ ਸੁਨਿਆਰਾ ਬਾਗ਼ ਵਿਚ ਆ ਗਿਆ। ਮਾਲੀ ਨੇ ਬੜੇ ਚਾਅ ਨਾਲ ਸੁਨਹਿਰੀ ਗੁਲਾਬ ਦਿਖਾਇਆ ਤੇ ਜਦ ਮਾਲੀ ਨੇ ਬੜੀ ਤਾਰੀਫ਼ ਕੀਤੀ ਕਿ ਇਹ ਸੁਨਹਿਰੀ ਗੁਲਾਬ ਸੁੱਚਾ ਗੁਲਾਬ ਹੈ ਤਾਂ ਉਸ ਮਾਲੀ ਦਾ ਦੋਸਤ ਸੁਨਿਆਰਾ ਆਪਣੀ ਜੇਬ ਵਿੱਚੋਂ ਸੋਨਾ ਪਰਖਣ ਵਾਲੀ ਕਸਵੱਟੀ ਕੱਢ ਕੇ ਗੁਲਾਬ ਨੂੰ ਪਰਖਣ ਲੱਗਾ। ਜਦ ਸੁਨਹਿਰੀ ਗੁਲਾਬ ਨੂੰ ਕਸਵੱਟੀ 'ਤੇ ਘਸਾ ਕੇ ਦੇਖਿਆ ਤੇ ਕਹਿਣ ਲੱਗਾ ਕਿ ਐ ਦੋਸਤ! ਇਹ ਤੇਰਾ ਗੁਲਾਬ ਨਕਲੀ ਹੈ। ਮੇਰੀ ਕਸਵੱਟੀ ਨੇ ਪਰਖ ਕਰ ਕੇ ਦੱਸ ਦਿੱਤਾ ਹੈ। ਮਾਲੀ ਕਹਿਣ ਲੱਗਾ ਕਿ ਮੇਰਾ ਗੁਲਾਬ ਝੂਠਾ ਗੁਲਾਬ ਨਹੀਂ, ਤੇਰੀ ਕਸਵੱਟੀ ਨਕਲੀ ਹੈ। ਸੁਨਿਆਰਾ ਕਹਿਣ ਲੱਗਾ ਕਿ ਮੇਰੀ ਕਸਵੱਟੀ ਨੇ ਅੱਜ ਤਕ ਕਈ ਕਿੱਲੋ ਸੋਨਾ ਪਰਖਿਆ ਹੈ, ਇਹ ਕਸਵੱਟੀ ਨਕਲੀ ਨਹੀਂ ਹੋ ਸਕਦੀ। ਮਾਲੀ ਨੇ ਆਖਿਆ ਕਿ ਤੇਰੀ ਪੱਥਰ ਦੀ ਕਸਵੱਟੀ ਸੋਨਾ ਪਰਖਣ ਲਈ ਤਾਂ ਅਸਲੀ ਹੋਵੇਗੀ ਪਰ ਸੁਨਹਿਰੀ ਗੁਲਾਬ ਪਰਖਣ ਲਈ ਇਹ ਕਿਸੇ ਕੰਮ ਦੀ ਨਹੀਂ। ਗੁਲਾਬ ਪਰਖਣ ਵਾਸਤੇ ਨੱਕ ਦੀ ਕਸਵੱਟੀ ਚਾਹੀਦੀ ਹੈ। ਨੱਕ ਨਾਲ ਦੇਖ ਕਿ ਫੁੱਲ ਵਿਚ ਖ਼ੁਸ਼ਬੂ ਹੈ ਕਿ ਨਹੀਂ। ਸੁਨਿਆਰਾ ਕਹਿਣ ਲੱਗਾ ਕਿ ਅੱਜ ਪਹਿਲੀ ਵਾਰ ਮੈਨੂੰ ਪਤਾ ਲੱਗੈ ਕਿ ਨੱਕ ਵੀ ਕਸਵੱਟੀ ਹੈ।

Sri Satguru Jagjit Singh Ji eLibrary NamdhariElibrary@gmail.com

ਤਿਵੇਂ ਹੀ ਇਸ ਸੰਸਾਰ ਨੂੰ ਜਦ ਬਿਬੇਕ ਬੁੱਧੀ ਰਾਹੀਂ ਦੇਖਿਆ ਜਾਂਦਾ ਹੈ, ਤਾਂ ਸਾਰਾ ਸੰਸਾਰ ਨਿਰੰਕਾਰ ਦਾ ਰੂਪ ਨਜ਼ਰ ਆਉਂਦਾ ਹੈ। ਸਾਰੇ ਆਕਾਰ ਨਿਰੰਕਾਰ ਦਾ ਰੂਪ ਨਜ਼ਰ ਆਵਣ, ਇਹੀ ਸਹੀ ਦੇਖਣੀ ਹੈ। ਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:

**ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥**

*(ਗਉੜੀ ਬਾਵਨ ਅਖਰੀ ਮ: ੫, ਪੰਨਾ 250)*

ਭਾਈ ਗੁਰਦਾਸ ਜੀ ਦਾ ਕਥਨ ਹੈ:

**ਜੈਸੇ ਤਉ ਚੰਪਕ ਬੇਲ ਬਿਬਿਧਿ ਬਿਥਾਰ ਚਾਰੁ,**
**ਬਾਸਨਾ ਪ੍ਰਗਟ ਹੋਤ ਫੂਲ ਹੀ ਮੈ ਜਾਇ ਕੈ ॥**
**ਜੈਸੇ ਦ੍ਰੁਮ ਦੀਰਘ ਸ੍ਰੂਪ ਦੇਖੀਐ ਪ੍ਰਸਿਧ,**
**ਸ੍ਵਾਦ ਰਸ ਹੋਤ ਫਲ ਹੀ ਮੈ ਪੁਨਿ ਆਇ ਕੈ ॥**
**ਜੈਸੇ ਗੁਰ ਗਿਆਨ ਰਾਗ ਨਾਦ ਹਿਰਦੈ ਬਸਤ,**
**ਕਰਤ ਪ੍ਰਕਾਸ ਤਾਸ ਰਸਨਾ ਰਸਾਇ ਕੈ ॥**
**ਤੈਸੇ ਘਟ ਘਟ ਬਿਖੈ ਪੂਰਨ ਬ੍ਰਹਮ ਰੂਪ,**
**ਜਾਨੀਐ ਪ੍ਰਤਛ ਮਹਾਂ ਪੁਰਖ ਮਨਾਇ ਕੈ ॥੫੮੬॥**

ਭਾਈ ਸਾਹਿਬ ਜੀ ਕਥਨ ਕਰਦੇ ਹਨ ਕਿ ਚੰਬੇ ਦੀ ਬੇਲ ਭਾਵੇਂ ਕਿੰਨੇ ਵੀ ਫੈਲਾਓ ਵਿਚ ਹੋਵੇ, ਪਰ ਪੱਤੇ-ਟਾਹਣੀਆਂ ਤੋਂ ਖ਼ੁਸ਼ਬੂ ਨਹੀਂ ਲਈ ਜਾ ਸਕਦੀ, ਖ਼ੁਸ਼ਬੂ ਤਾਂ ਫੁੱਲ ਲੱਗਣ 'ਤੇ ਫੁੱਲ ਵਿੱਚੋਂ ਹੀ ਮਿਲਦੀ ਹੈ। ਜਿਵੇਂ ਕਿਸੇ ਵੀ ਫਲ ਦੇ ਬੂਟੇ ਨੂੰ ਦੇਖ ਕੇ ਪਛਾਣ ਕਰ ਲਈ ਜਾਂਦੀ ਹੈ ਕਿ ਇਹ ਕਿਸ ਫਲ ਦਾ ਬੂਟਾ ਹੈ, ਪਰ ਫਲ ਦਾ ਸਵਾਦ ਬੂਟੇ ਤੋਂ ਨਹੀਂ ਮਿਲਦਾ, ਫਲ ਲੱਗਣ 'ਤੇ ਫਲ ਤੋਂ ਹੀ ਮਿਲਦਾ ਹੈ। ਜਿਸ ਤਰ੍ਹਾਂ ਕੋਈ ਗਾਇਕ ਭਾਵੇਂ ਚੰਗੇ ਰਾਗ ਦੀਆਂ ਧੁਨਾਂ ਹਿਰਦੇ ਵਿਚ ਜਾਣਦਾ ਹੋਵੇ, ਪਰ ਜਦੋਂ ਰਸਨਾ ਨਾਲ ਗਾ ਕੇ ਕੁਝ ਸੁਣਾਂਦਾ ਹੈ ਤਦ ਹੀ ਉਸ ਦੇ ਰਾਗ ਤੋਂ ਆਨੰਦ ਮਾਣਿਆ ਜਾਂਦਾ ਹੈ। ਤਿਵੇਂ ਹੀ ਪਰਮੇਸ਼ਰ ਤਾਂ ਘਟਿ ਘਟਿ ਵਿਚ ਵਿਆਪਕ ਹੈ, ਪਰ ਮਹਾਂਪੁਰਖਾਂ ਦੀ ਸੰਗਤ ਕਰਨ ਨਾਲ ਹੀ, ਬਾਰ ਬਾਰ ਸਿਮਰਨ ਅਭਿਆਸ ਤੇ ਬ੍ਰਹਮ ਚਿੰਤਨ ਰਾਹੀਂ ਹੀ ਸਾਹਮਣੇ ਪ੍ਰਭੂ ਦਾ ਦੀਦਾਰ ਹੋ ਸਕਦਾ ਹੈ। ਪਰਮੇਸ਼ਰ ਨਾਲ ਇਕਮਿਕਤਾ ਹੀ ਆਨੰਦ ਦਾ ਸੋਮਾ ਬਣ ਜਾਂਦੀ ਹੈ।

ਜਦੋਂ ਸਭ ਵਿਚ ਪਰਮੇਸ਼ਰ ਹੀ ਨਜ਼ਰ ਆਉਂਦਾ ਹੈ ਤਾਂ ਫਿਰ ਕਿਸੇ ਨਾਲ ਕੋਈ ਨਫ਼ਰਤ ਨਹੀਂ, ਕੋਈ ਭੇਦ-ਭਾਵ ਨਹੀਂ ਰਹਿ ਜਾਂਦਾ। ਫਿਰ ਤਾਂ:

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥**

*(ਸਲੋਕ ਫਰੀਦ ਜੀ, ਮ: ੫, ਪੰਨਾ 1381)*

ਜਿਵੇਂ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਕਥਨ ਹੈ:

*ਰਲ ਦੋ ਚਾਤਰ ਘਰ ਘੁਮਿਆਰਾਂ ਭਾਂਡੇ ਲੈਣ ਜੋ ਆਏ।*
*ਚਿੱਬੇ, ਪਿੱਲੇ ਤਿੜਕੇ ਦੱਸਣ ਵੇਖਣ ਜਾਂ ਟਣਕਾਏ।*
*ਭਾਂਡੇ ਬੋਲੇ ਸ਼ਾਲਾ ਜੀਉ ਸਾਡੇ ਐਬ ਨਾ ਫੋਲੋ,*
*ਕੋਈ ਆਪ ਬਣੇ ਹਾਂ! ਜਾਓ ਉਸ ਆਖੋ, ਜਿਨ੍ਹਾਂ ਅਸਾਂ ਬਣਾਏ।*

ਜਿਵੇਂ ਭਾਂਡੇ ਖ਼ੁਦ ਨਹੀਂ ਬਣਦੇ, ਘੁਮਿਆਰ ਦੇ ਹੀ ਬਣਾਏ ਬਣਦੇ ਹਨ ਤੇ ਭਾਂਡੇ ਬਣ ਕੇ ਵੀ ਉਹ ਮਿੱਟੀ ਹੀ ਹਨ, ਤਿਵੇਂ ਇਹ ਸਾਰਾ ਸੰਸਾਰ ਵੀ ਪ੍ਰਭੂ ਦਾ ਹੀ ਬਣਾਇਆ ਹੋਇਆ ਹੈ। ਇਹ ਜਗਤ ਬਣ ਕੇ ਵੀ ਬ੍ਰਹਮ ਹੀ ਹੈ।

**ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥**
**ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥**

*(ਪ੍ਰਭਾਤੀ ਕਬੀਰ ਜੀ, ਪੰਨਾ 1350)*

ਇਕ ਵਾਰੀ ਇਕ ਸ਼ੀਸ਼ ਮਹਿਲ ਵਿਚ ਕੁੱਤਾ ਵੜ ਗਿਆ। ਇਹ ਜਿਧਰ ਵੀ ਦੇਖੇ ਇਸ ਨੂੰ ਆਪਣੇ ਵਰਗੇ ਕਈ ਕੁੱਤੇ ਨਜ਼ਰ ਆਉਣ। ਉਹਨਾਂ ਨੂੰ ਦੂਸਰੇ ਕੁੱਤੇ ਸਮਝ ਕੇ ਜ਼ੋਰ ਜ਼ੋਰ ਦੀ ਭੌਂਕੇ ਤੇ ਅਗਾਂਹ ਹੋ ਕੇ ਵੱਢਣ ਲਈ ਜਾਵੇ ਪਰ ਆਪਣਾ ਹੀ ਮੂੰਹ ਜ਼ਖ਼ਮੀ ਹੋ ਜਾਵੇ। ਇੰਝ ਕਰ ਕਰ ਕੇ ਉਹ ਖ਼ੁਦ ਆਪ ਹੀ ਜ਼ਖ਼ਮੀ ਹੋ ਕੇ ਮਰ ਗਿਆ। ਸੋ, ਸ਼ੀਸ਼ ਮਹਿਲ ਵਿਚ ਅਗਰ ਕੁੱਤਾ ਜਾਏਗਾ ਤਾਂ ਚੈਨ ਨਹੀਂ ਲੈ ਸਕੇਗਾ; ਲੇਕਿਨ ਅਗਰ ਮਨੁੱਖ ਰਹੇਗਾ ਤਾਂ ਆਪਣੇ ਰੂਪ ਨੂੰ ਹਰ ਪਾਸਿਓਂ ਦੇਖ ਦੇਖ ਕੇ ਖ਼ੁਸ਼ ਹੋਵੇਗਾ। ਤਿਵੇਂ ਹੀ ਜਦ ਬ੍ਰਹਮ ਬਿਰਤੀ ਬਣਦੀ ਹੈ ਤਾਂ ਹਰ ਇਕ ਵਿਚ ਆਪਣਾ ਹੀ ਆਤਮਾ-ਰੂਪ ਨਜ਼ਰ ਆਉਂਦਾ ਹੈ, ਦੂਸਰਾ ਵੱਖਰਾ ਆਤਮਾ ਨਹੀਂ ਦਿੱਸਦਾ:

**ਆਤਮਾ ਪਰਾਤਮਾ ਏਕੋ ਕਰੈ ॥**
**ਅੰਤਰ ਕੀ ਦੁਬਿਧਾ ਅੰਤਰਿ ਮਰੈ ॥** *(ਧਨਾਸਰੀ ਮ: ੧, ਪੰਨਾ 661)*

ਉਸ ਅੰਦਰੋਂ ਆਪਣਾ ਆਪ ਤੇ ਦੂਸਰਾ ਬਿਗਾਨੇਪਨ ਦਾ ਭੇਦ ਮਿਟ ਕੇ ਹਰ ਥਾਂ ਇਕ ਹੀ ਪਰਮਾਤਮਾ ਨਜ਼ਰ ਆਉਂਦਾ ਹੈ ਅਤੇ ਇਸ ਤਰ੍ਹਾਂ ਉਹ ਜਾਣ ਲੈਂਦਾ ਹੈ ਕਿ ਇਹ ਜਗਤ ਵੀ ਬ੍ਰਹਮ-ਰੂਪ ਹੈ ਅਤੇ ਬ੍ਰਹਮ ਹੀ ਜਗਤ-ਰੂਪ—ਮਨੁੱਖ-ਰੂਪ ਆਦਿਕ ਬਣ ਕੇ ਨਜ਼ਰ ਆ ਰਿਹਾ ਹੈ।

ਬ੍ਰਹਮ ਦੀ ਅਸਲੀਅਤ ਸਮਝਣ ਨਾਲ ਜਗਤ ਦਾ ਅਸਲੀ ਰੂਪ ਵੀ ਬ੍ਰਹਮ-ਰੂਪ ਹੀ ਨਜ਼ਰ ਆਉਂਦਾ ਹੈ:

**ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥**
**ਆਤਮ ਪਸਾਰਾ ਕਰਣਹਾਰਾ, ਪ੍ਰਭ ਬਿਨਾ ਨਹੀ ਜਾਣੀਐ ॥**

*(ਬਿਲਾਵਲੁ ਮ: ੫, ਪੰਨਾ 846)*

ਸੋ, ਹਿਰਦੇ ਵਿਚ ਬਿਬੇਕ ਪ੍ਰਕਾਸ਼ ਰਾਹੀਂ ਹੀ ਜਾਣ ਸਕਾਂਗੇ ਕਿ ਇਹ ਜਗਤ ਹੀ ਪਰਮਾਤਮਾ ਹੈ ਤੇ ਪਰਮਾਤਮਾ ਹੀ ਜਗਤ-ਰੂਪ ਹੈ।

•

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com